Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com

ਸਾਲ-6, ਅੰਕ-8, ਅਗਸਤ 2016

Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220

Registration No. 210836300

## ਦੁਨੀਆਂ ਦੀ ਕੁੱਲ ਸੰਪਤੀ ਦੇ ਅੱਧ ਦੇ ਮਾਲਕ ਸਿਰਫ਼ 62 ਪੂੰਜੀਪਤੀ

**ਨਰਭਿੰਦਰ**



ਪਿਛਲੇ ਦਿਲੀਂ ਇਕ ਰਿਪੋਰਟ ਜਾਰੀ ਹੋਈ ਹੈ ਜਿਹੜੀ ਬਰਤਾਨਵੀ ਸੰਸਥਾ 'ਆਕਸਫਾਮ' ਨੇ ਤੱਥਾਂ ਆਧਾਰਤ ਜਾਰੀ ਕੀਤੀ ਹੈ ਜਿਸ ਦਾ ਨਾਂ ਹੈ 'ਏਨ ਇਕੋਨਮੀ ਫਾਰ ਦਾ 1%' [An Economy for the 1%] ਇਸ ਰਿਪੋਰਟ ਨੇ ਦੁਨੀਆਂ ਦੇ ਅਮੀਰਾਂ ਦੇ ਹੋਰ ਅਮੀਰ ਹੁੰਦੇ ਜਾਣ ਦੇ ਤੱਥ ਦਿੱਤੇ ਹਨ। ਜਿਹੜੇ ਚਿੰਤਾਜਨਕ ਹਨ। ਰਿਪੋਰਟ ਮੁਤਾਬਕ ਦੁਨੀਆਂ ਉਤੇ 62 ਖਰਬਪਤੀਆਂ ਦੀ ਸਰਦਾਰੀ ਹੈ ਜਿਸ ਵਿਚ ਭਾਰਤ ਦੇ ਤਿੰਨ ਖਰਬਪਤੀ ਵੀ ਸ਼ਾਮਲ ਹਨ। ਇਨ੍ਹਾਂ 62 ਖਰਬਪਤੀਆਂ ਕੋਲ ਦੁਨੀਆਂ ਦੀ ਅੱਧੀ ਸੰਪਤੀ ਜਮ੍ਹਾਂ ਹੋ ਗਈ ਹੈ। ਜੇ ਇਉਂ ਕਿਹਾ ਜਾਵੇ ਕਿ ਦੁਨੀਆਂ ਦੇ ਚੰਦ ਲੋਕਾਂ ਜਿਨ੍ਹਾਂ ਦੀ ਗਿਣਤੀ ਇਕ ਫੀਸਦੀ ਵੀ ਨਹੀਂ ਦੁਨੀਆਂ ਦੀ 50 ਫੀਸਦੀ ਸੰਪਤੀ ਹੈ ਅਤੇ ਬਾਕੀ 99 ਫੀਸਦੀ ਪਾਸ 50 ਫੀਸਦੀ ਸੰਪਤੀ ਹੈ। ਜੇ ਹੋਰ ਸਾਫ਼ ਕਰਨਾ ਹੋਵੇ ਤਾਂ ਦੁਨੀਆਂ ਦੇ 62 ਅਮੀਰਾਂ ਕੋਲ ਜਿਹੜੀ ਸੰਪਤੀ ਹੈ ਉਹ ਦੁਨੀਆਂ ਦੇ 118 ਦੇਸ਼ਾਂ ਦੇ ਕੁੱਲ ਘਰੇਲੂ ਉਤਪਾਦ ਦੇ ਜੋੜ ਦੇ ਬਰਾਬਰ ਹੈ। ਲਗਭਗ ਇਕ ਇਕ ਅਮੀਰ ਕੋਲ ਦੋ ਦੋ ਦੇਸ਼ਾਂ ਦੇ ਸਕਲ ਘਰੇਲੂ ਉਤਪਾਦ ਦੇ ਬਰਾਬਰ ਸੰਪਤੀ ਹੈ। ਪੂੰਜੀ ਦੇ ਇਸ ਕੁਝ ਤੱਥਾਂ 'ਚ ਇਕੱਤਰੀਕਰਨ ਹੋਣ ਦੀ ਪ੍ਰਵਿਰਤੀ ਨੂੰ ਹੋਰ ਸਾਫ਼ ਕਰਦਿਆਂ ਰਿਪੋਰਟ ਕਹਿੰਦੀ ਹੈ-2010 ਵਿਚ 388 ਅਮੀਰਾਂ ਦੇ ਕੋਲ ਦੁਨੀਆਂ ਦੀ ਅੱਧੀ ਸੰਪਤੀ ਸੀ। ਸਾਲ 2011 ਵਿਚ 177 ਅਮੀਰਾਂ ਨੇ ਦੁਨੀਆਂ ਦੀ ਅੱਧੀ ਸੰਪਤੀ ਆਪਣੇ ਹੱਥਾਂ 'ਚ ਕਰ ਲਈ। 2012 ਵਿਚ ਸਿਰਫ਼ 159 ਅਮੀਰਾਂ ਦੀ ਗਿਣਤੀ ਰਹਿ ਗਈ। 2013 ਵਿਚ ਦੁਨੀਆਂ ਦੀ ਅੱਧੀ ਸੰਪਤੀ ਦੇ ਮਾਲਕ ਸਿਰਫ਼ 92 ਹੀ ਸਨ, 2014 ਵਿਚ ਇਹ 80 ਖਰਬਪਤੀ ਹੀ ਸਨ ਜਿਹੜੇ ਅੱਧੀ ਦੇ ਮਾਲਕ ਸਨ ਅਤੇ 2015 ਵਿਚ ਸਿਰਫ਼ 62 ਅਮੀਰਾਂ ਨੇ ਦੁਨੀਆਂ ਦੀ ਅੱਧੀ ਸੰਪਤੀ ਦੀ ਮਾਲਕੀ ਹਥਿਆ ਲਈ। ਇਹ ਪੂੰਜੀ ਕਿਵੇਂ ਕੁਝ ਹੱਥਾਂ ਵਿਚ ਕੇਂਦਰਤ ਹੁੰਦੀ ਜਾਂਦੀ ਹੈ ਅਤੇ ਵੱਡੀਆਂ ਪੂੰਜੀ ਦੀਆਂ ਕਾਰਟਲਾਂ (ਕਾਰਪੋਰੇਟ) ਜਿਵੇਂ ਮੁਕਾਬਲੇ 'ਚ ਇਕ ਦੂਸਰੇ ਨੂੰ ਹੜੱਪੀ ਜਾਂਦੇ ਹਨ ਇਹ ਲੈਨਿਨ ਦੀ ਪ੍ਰਸਿੱਧ ਪੁਸਤਕ 'ਸਾਮਰਾਜਵਾਦ ਸਰਮਾਏਦਾਰੀ ਦੀ ਉਚਤਮ ਅਵਸਥਾ' ਵਿਚੋਂ ਸਮਝਿਆ ਜਾ ਸਕਦਾ ਹੈ। ਸਾਫ਼ ਹੈ ਕਿ ਜੇ ਰਫ਼ਤਾਰ ਇਹੋ ਰਹੀ ਤਾਂ 2016 ਵਿਚ 62 ਦੀ ਗਿਣਤੀ ਘੱਟ ਜਾਵੇਗੀ ਅਤੇ 2017 ਵਿਚ ਇਸ ਤੋਂ ਵੀ ਘੱਟ ਜਾਵੇਗੀ। ਅਮੀਰਾਂ ਦੇ ਅਮੀਰ ਬਣਦੇ ਜਾਣ ਦੇ ਅੰਕੜੇ ਚਿੰਤਾਜਨਕ ਹਨ ਅਤੇ ਇਹ ਵਰਤਾਰਾ ਉਸ ਖੁੱਲ੍ਹੇ ਵਪਾਰਕ ਦੌਰ ਦੀ ਦੇਣ ਹੈ ਜਿਸ ਵਿਚ ਨਵੀਆਂ ਆਰਥਿਕ ਨੀਤੀਆਂ ਲਿਆਂਦੀਆਂ ਗਈਆਂ ਅਤੇ ਜਾਰੀ ਹਨ।

ਜੇ ਅਸੀਂ ਨਾ ਭੁੱਲਦੇ ਹੋਈਏ ਤਾਂ ਬੀਤੀ ਸਦੀ ਦੇ ਅਖੀਰਲੇ ਦਿਨ ਭਾਵ ਆਖਰੀ ਰਾਤ ਅਤੇ ਨਵੀਂ ਸ਼ਤਾਬਦੀ ਦੇ ਪਹਿਲੇ ਪਹਿਰੇ ਸੰਯੁਕਤ ਰਾਸ਼ਟਰ ਸੰਘ ਦੇ ਜਨਰਲ ਸਕੱਤਰ ਨੇ ਜਿਹੜਾ ਸੰਦੇਸ਼ ਦੁਨੀਆਂ ਦੇ ਨਾਂ ਜਾਰੀ ਕੀਤਾ ਸੀ ਉਹਦੀ ਇਕ ਲਾਈਨ ਸੀ-"ਦੁਨੀਆਂ ਦੀ ਅੱਧੀ ਆਬਾਦੀ ਭੁੱਖੇ ਢਿੱਡ ਨਵੀਂ ਸਤਾਬਦੀ ਵਿਚ ਪ੍ਰਵੇਸ਼ ਕਰ ਰਹੀ ਹੈ।" ਵਿਸ਼ਵ ਬੈਂਕ ਦੀ ਰਿਪੋਰਟ ਇਹ ਦੱਸਦੀ ਹੈ ਕਿ ਦਨੀਆਂ ਵਿਚ 70 ਕਰੋੜ ਲੋਕ ਭਿਆਨਕ ਗਰੀਬੀ ਵਿਚ ਜੀ ਰਹੇ ਹਨ ਭਾਵ ਦੁਨੀਆਂ ਦੀ ਆਬਾਦੀ ਦਾ 12.13 ਫੀਸਦੀ, ਜਿਨ੍ਹਾਂ ਦੀ ਰੋਜ਼ਾਨਾ ਔਸਤ ਆਮਦਨ 1.9 ਡਾਲਰ ਭਾਵ 128-130 ਰੁਪਏ ਤੋਂ ਘੱਟ ਹੈ। ਭਾਰਤ ਸਬੰਧੀ ਇਹਦੇ ਸਬੰਧੀ ਨਵੇਂ ਅੰਕੜੇ ਤਾਂ ਨਹੀਂ ਆਏ ਪਰ ਪਿਛਲੇਰੇ ਸਾਲਾਂ 'ਚ 20-30 ਰੁਪਏ ਵਿਚ ਗੁਜ਼ਾਰਾ ਕਰਨ ਵਾਲੀ ਵੱਡੀ ਆਬਾਦੀ ਦਾ ਜ਼ਿਕਰ ਕੀਤਾ ਸੀ। ਤੀਸਰੀ ਦੁਨੀਆਂ ਦੇ ਦੇਸ਼ਾਂ ਸਮੇਤ ਭਾਰਤ ਜਿਥੇ ਇਸ ਤੋਂ ਵੀ ਘੱਟ ਕਮਾਉਣ ਵਾਲੇ ਅਤੇ ਦੋ ਜੂਨ ਦੀ ਰੋਟੀ ਨੂੰ ਵੀ ਤਰਸਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਵੱਡੀ ਹੈ।

ਭਾਰਤ ਵਿਚ ਜਿਹੜਾ ਅੰਕੜਾ ਮਿਲਦਾ ਹੈ ਉਸ ਮੁਤਾਬਕ 1% ਇਕ ਫੀਸਦੀ ਆਬਾਦੀ ਦੇ ਕੋਲ 66 ਫੀਸਦੀ ਸੰਪਤੀ ਹੈ ਅਤੇ ਬਾਕੀ 99 ਫੀਸਦੀ ਆਬਾਦੀ ਕੋਲ ਕੁੱਲ ਸੰਪਤੀ ਦਾ 34% ਫੀਸਦੀ ਹੈ। 'ਦਾ ਹਿੰਦੂ' ਨੇ ਇਕ ਹੋਰ ਚਿੰਤਾਜਨਕ ਤੱਥ ਦਿੱਤੇ ਹਨ ਉਹਦੇ ਮੁਤਾਬਕ 15 ਸਾਲ ਪਹਿਲਾਂ ਇਕ ਫੀਸਦੀ ਅਮੀਰ ਆਬਾਦੀ ਦੇ ਕੋਲ ਦੇਸ਼ ਦੀ ਕੁੱਲ ਸੰਪਤੀ ਦਾ 36.8 ਫੀਸਦੀ ਹੀ ਸੀ। ਜਦੋਂ ਕਿ ਅੱਜ ਇਹ 66 ਫੀਸਦੀ ਹੋ ਗਿਆ ਹੈ। ਦੁਨੀਆਂ ਵਿਚ ਇਕ ਫੀਸਦੀ ਕੋਲ ਦੁਨੀਆਂ ਦੀ ਕੁੱਲ ਸੰਪਤੀ ਦਾ 50 ਫੀਸਦੀ ਹੈ। ਭਾਰਤ ਵਿਚ ਇਕ ਫੀਸਦੀ ਕੋਲ ਕੁੱਲ ਸੰਪਤੀ ਦਾ 66 ਫੀਸਦੀ ਹੈ। ਸੋ ਭਾਰਤੀ ਅਮੀਰ ਦੁਨੀਆਂ ਦੇ ਅਮੀਰਾਂ ਨਾਲੋਂ ਵੱਧ ਤੇਜ਼ੀ ਨਾਲ ਪੂੰਜੀ ਇਕੱਠੀ ਕਰ ਰਹੇ ਹਨ।

ਹੁਣੇ ਹੁਣੇ ਇਕ ਹੋਰ ਰਿਪੋਰਟ ਨਾਈਟ ਫਰੈਂਕ ਵੈਲਥ ਰਿਪੋਰਟ [Knight Frank Wealth Report 2016] ਆਈ ਹੈ ਜਿਸ ਵਿਚ ਪਿਛਲੇਰੇ 10 ਸਾਲਾਂ ਵਿਚ ਸਿਰਜਤ ਸੰਪਤੀ ਦੇ ਵੰਡ ਦਾ ਅੰਕੜਾ ਦਿੱਤਾ ਗਿਆ ਹੈ। ਇਸ ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ ਵਿਚ ਦੁਨੀਆਂ ਵਿਚ ਅਰਬਪਤੀਆਂ ਦੀ ਗਿਣਤੀ 68 ਫੀਸਦੀ ਦਰ ਨਾਲ ਵਧੀ ਹੈ। ਜਦੋਂ ਕਿ ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਇਸੇ ਸਮੇਂ ਦੌਰਾਨ 333 ਫੀਸਦੀ ਦਰ ਨਾਲ ਵਧੀ ਹੈ। ਇਹਦਾ ਮਤਲਬ ਇਹ ਹੈ ਕਿ ਦੁਨੀਆਂ ਵਿਚ ਜਿਸ ਰਫ਼ਤਾਰ ਨਾਲ ਅਰਬਪਤੀ ਵਧੇ ਹਨ, ਭਾਰਤ ਵਿਚ ਉਸ ਰਫ਼ਤਾਰ ਨਾਲੋਂ ਪੰਜ ਗੁਣਾਂ ਹੋਰ ਤੇਜ਼ੀ ਨਾਲ ਵਧੇ ਹਨ। ਇਹਦਾ ਮਤਲਬ ਇਹ ਵੀ ਹੈ ਕਿ ਦੁਨੀਆਂ ਵਿਚ ਜਿਸ ਰਫ਼ਤਾਰ ਨਾਲ ਸਿਰਜਤ ਸੰਪਤੀ ਕੁਝ ਹੀ ਲੋਕਾਂ ਦੇ ਹੱਥਾਂ ਵਿਚ

(ਬਾਕੀ ਸਫ਼ਾ 23 'ਤੇ)


4

ਕਸ਼ਮੀਰੀ ਅਵਾਮ, ਆਜ਼ਾਦੀ ਦੀ ਰੀਝ ਅਤੇ ਸਟੇਟ ਦੀ ਦਰਿੰਦਗੀ


10

ਅਸਲੀ ਆਜ਼ਾਦੀ ਨੂੰ ਤਰਸਦੇ ਭਾਰਤ ਦੇ ਲੋਕ



ਨਵਾਂ 'ਕੈਨੇਡਾ ਚਾਇਲਡ ਬੈਨੇਫਿਟ'- ਬੱਚਿਆਂ ਲਈ ਸੰਗਠਿਤ ਭਲਾਈ ਸਕੀਮ


24

ਉੱਤਰ ਪੂਰਬੀ ਰਾਜਾਂ 'ਚ ਗੜਬੜੀ ਬਨਾਮ 'ਅਫਸਪਾ' ਕਾਨੂੰਨ

SUPER VISA INSURANCE



Sherjang Singh Rana
416.910.9000

Punjab Insurance Inc PUNJAB INSURANCE INC.


• Life Insurance • Mortgage Insurance
• Critical Illness Insurance • Disability Insurance
• RESP, RRSP

www.punjabinsurance.ca



Ravinder Singh Basra
416.845.6232

# ਕਨੇਡਾ ਡੇਅ ਦੀਆਂ ਰੌਣਕਾਂ







ਇੱਕ ਜੁਲਾਈ 2016 ਕਨੇਡਾ ਦਾ 149ਵਾਂ ਜਨਮ ਦਿਨ। ਰਾਜਧਾਨੀ ਔਟਵਾ ਚ ਲੱਗੀਆਂ ਭਾਰੀ ਰੌਣਕਾਂ। ਸਾਰੇ ਤਾਂ ਪਹੁੰਚ ਨਹੀਂ ਸਕਦੇ ਉੱਥੇ। ਇਸ ਲਈ ਹਰ ਸਿਟੀ ਵਿੱਚ ਰੌਣਕਾਂ ਲੱਗੀਆਂ। ਜੀ ਟੀ ਏ ਵਿੱਚ ਕੁੱਝ ਥਾਂਵਾਂ ਤੇ ਸਾਡੀ ਟੀਮ ਨੂੰ ਜਾਣ ਦਾ ਮੌਕਾ ਮਿਲਿਆ ਅਤੇ ਵੱਖ-ਵੱਖ ਤਰ੍ਹਾਂ ਦਾ ਤਜਰਬਾ ਹੋਇਆ। ਇੱਕ ਥਾਂ ਸੀ ਗਰੇਟ ਪੰਜਾਬ ਪਲਾਜ਼ਾ। ਬਹੁਤ ਵੱਡਾ ਇਕੱਠ, ਲਗਦਾ ਸੀ ਸਾਰੇ ਜੀ ਟੀ ਏ ਦੇ ਪੰਜਾਬੀ ਇੱਥੇ ਆ ਗਏ ਹੋਣ। ਰੰਗ ਬਰੰਗੀਆਂ ਪੱਗਾਂ। ਸੁਹਣੇ ਸੁਹਣੇ ਸੂਟ। ਬਹੁਤ ਵੱਡੀ ਸਟੇਜ। ਦੂਰ ਦੂਰ ਤੱਕ ਫੈਲੇ ਹੋਏ ਵੰਨ ਸੁਵੰਨੇ ਸਟਾਲ। ਸਟੇਜ ਤੋਂ ਕਨੇਡਾ ਡੇਅ ਦੀ ਵਧਾਈ ਦੇ ਕੇ ਚੋਂਦੇ ਚੋਂਦੇ ਗੀਤ ਸ਼ੁਰੂ ਹੋ ਜਾਂਦੇ। ਬਹੁਤ ਸਾਰੇ ਚਿਹਰੇ ਖੁਸ਼ ਤੇ ਸੰਜੀਦਾ ਚਿਹਰਿਆਂ ਦੇ ਨੱਕ ਮੂੰਹ ਫੁੱਲ ਜਾਂਦੇ। "ਜਿੰਨਾ ਕੁ ਦਿਮਾਗ ਤੇਰਾ ਜੱਟੀਏ ਉੰਨਾ ਕੁ ਤਾਂ ਜੱਟ ਦਾ ਖਰਾਬ ਰਹਿੰਦਾ ਏ", "ਪਊਏ ਜਿੱਡੇ ਕੱਦ ਵਾਲੀਏ, ਟੋਲਦੀ ਏਂ ਦੇਸੀ ਦਾ ਡਰੰਮ ਨੀ" ਵਰਗੇ ਗੀਤ ਪਤਾ ਨਹੀਂ ਕਿਸ ਕਨੇਡਾ ਡੇਅ ਦੀ ਗੱਲ ਕਰੇ ਸਨ ਜਾਂ ਕਿਹੜਾ ਪੰਜਾਬੀ ਸਭਿਆਚਾਰ ਪੇਸ਼ ਕਰ ਰਹੇ ਸਨ। ਖੁਦਕਸ਼ੀਆਂ ਦੇ ਰਾਹ ਪੈ ਰਹੇ ਜੱਟ ਦਾ ਝੂਠਾ ਬਿੰਬ ਪੇਸ਼ ਕਰ ਕੇ ਤੇ ਔਰਤ ਦੀ ਨਿਰਾਦਰੀ ਕਰ ਕੇ ਲੋਕਾਂ ਦਾ ਮਾਨਸਿਕ ਸ਼ੋਸ਼ਣ ਕਰਨ ਵਾਲੇ ਗੀਤ ਮਾਂ ਬੋਲੀ ਦੀ ਸੇਵਾ ਦਾ ਨਿਰਾ ਝੂਠ। ਦਰਸ਼ਕਾਂ ਵਲੋਂ ਗੀਤ ਸੁਣਨ ਦੇ ਨਾਲ ਨਾਲ ਗੇੜਿਆਂ ਤੇ ਗੱਲਾਂ ਦਾ ਦਰਿਆ। ਰੌਲੇ ਰੱਪੇ ਵਿੱਚ ਚਿਰਾਂ ਦੇ ਵਿਛੜਿਆਂ ਦੀਆਂ ਮਿਲਣੀਆਂ। ਇੱਥੇ ਕੁੱਝ ਬਹੁਤ ਵਧੀਆ ਵੀ। ਪਰਵਾਸੀ ਗਰੁੱਪ ਦੀ ਟੀਮ ਵਲੋਂ ਰਾਜਿੰਦਰ ਸੈਣੀ ਦੀ ਅਗਵਾਈ ਵਿੱਚ ਕਿਤਾਬਾਂ ਦੀ ਪਰਦਰਸ਼ਨੀ। ਕਿਤਾਬਾਂ ਨੂੰ ਪਿਆਰ ਕਰਨ ਵਾਲੇ ਤੇ ਵਧੀਆਂ ਦੋਸਤ ਸਮਝਣ ਵਾਲੇ ਉਹਨਾਂ ਨੂੰ ਆਪਣੇ ਨਾਲ ਜਰੂਰ ਘਰ ਲੈ ਗਏ ਹੋਣਗੇ। ਇਸੇ ਤਰ੍ਹਾਂ "ਸਹਾਇਤਾ ਗਰੁੱਪ" ਵਲੋਂ ਰੰਗਕਰਮੀ ਕਰਮਜੀਤ ਗਿੱਲ ਅਤੇ ਸੈਂਡੀ ਗਰੇਵਾਲ ਦੁਆਰਾ ਲਾਇਆ ਸਟਾਲ। ਇਹ ਸੰਸਥਾਂ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਆਰਥਿਕ ਮੱਦਦ ਕਰਦੀ ਹੈ। ਪੰਜ -ਆਬ ਟੀ ਵੀ ਦੇ ਰਵਿੰਦਰ ਸਿੰਘ ਵਲੋਂ "ਮੋਦੀ ਖਾਨਾਂ" ਨਾਂ ਦੀ ਸੰਸਥਾ ਵਲੋਂ ਕੈਂਸਰ ਪੀੜਤਾਂ ਲਈ ਡੋਨੇਸ਼ਨ ਇਕੱਠੀ ਕਰਨਾ ਇੱਕ ਚੰਗਾ ਉੱਦਮ ਸੀ।

ਇੱਕ ਹੋਰ ਥਾਂ ਤੇ ਟਰੱਕਾਂ ਵਾਲੇ ਵੀਰਾਂ ਵਲੋਂ ਮਨਾਏ ਕਨੇਡਾ ਡੇਅ ਤੇ ਗਾਇਕਾਂ ਵਲੋਂ "ਅੱਜ ਪੈਗ ਲਾਕੇ ਜੱਟੀ ਨੇ ਤੇਰੇ ਨਾਲ ਨੱਚਣਾ" ਵਰਗੇ ਗੀਤ ਗਾ ਕੇ ਸਰੋਤਿਆਂ ਦਾ ਮਾਨਸਿਕ ਸ਼ੋਸਣ ਕਰ ਕੇ ਪਲ ਭਰ ਲਈ ਝੂਠੀ ਖੁਸ਼ੀ ਦੇ ਕੇ ਉਹਨਾਂ ਦੀ ਜੇਬ ਵਿੱਚੋਂ ਮਿਹਨਤ ਨਾਲ ਕਮਾਏ ਡਾਲਰ ਕਢਵਾ ਕੇ ਕਨੇਡਾ ਡੇਅ ਦੀ ਖੁਸ਼ੀ ਮਨਾਈ ਅਤੇ ਮਾਂ ਬੋਲੀ ਦੀ ਸੇਵਾ ਕੀਤੀ ਜਾ ਰਹੀ ਸੀ।

ਬਰੈਂਪਟਨ ਸਿਟੀ ਵਲੋਂ ਚਿੰਕੂਜੀ ਪਾਰਕ ਵਿੱਚ ਕਾਫੀ ਲੰਬਾ ਚੌੜਾ ਪ੍ਰੋਗਰਾਮ ਚੱਲਿਆ। ਲੋਕਾਂ ਨੇ ਮੇਲੇ ਵਰਗੇ ਮਾਹੌਲ ਵਿੱਚ ਇਸ ਪ੍ਰੋਗਰਾਮ ਦਾ ਸਾਰਾ ਦਿਨ ਆਨੰਦ ਮਾਣਿਆ। ਵੱਡਿਆਂ ਨਾਲੋਂ ਇਹ ਸਭ ਕੁੱਝ ਬੱਚਿਆਂ ਨੂੰ ਵਧੇਰੇ ਖਿੱਚ ਰਿਹਾ ਸੀ। ਤਰ੍ਹਾਂ-ਤਰ੍ਹਾਂ ਦੇ ਕਰਤੱਬ, ਮਸਖਰੇ ਕਾਰਟੂਨ, ਫੇਸ ਪੇਂਟਿੰਗ ਨਾਲ ਉਹ ਬਹੁਤ ਹੀ ਪ੍ਰਸੰਨ ਹੋ ਰਹੇ ਸਨ। ਇਸ ਤੋਂ ਬਿਨਾਂ ਬਹੁਤ ਸਾਰੇ ਛੋਟੇ ਛੋਟੇ ਪ੍ਰੋਗਰਾਮ ਤੇ ਨਿੱਜੀ ਪ੍ਰੋਗਰਾਮ ਵੀ ਹੋ ਰਹੇ ਸਨ ਜਿਨ੍ਹਾਂ ਰਾਹੀਂ ਕਨੇਡਾ ਦਿਵਸ ਮਨਾਇਆ ਗਿਆ।

ਹੋਰ ਕਈ ਥਾਂ ਛੋਟੇ ਵੱਡੇ ਪ੍ਰੋਗਰਾਮ। ਖਾਸ ਤੌਰ ਤੇ ਸੀਨੀਅਰ ਕਲੱਬਾਂ ਦੇ। ਸਾਡੀ ਟੀਮ ਨੂੰ "ਟ੍ਰਿਪਲ ਕਰਾਊਂਨ ਕਲੱਬ", "ਪਾਨਾ ਹਿੱਲ ਕਲੱਬ" ਅਤੇ "ਫਾਦਰ ਟੌਬਿਨ ਕਲੱਬ" ਦੇ ਕਨੇਡਾ ਡੇਅ ਪ੍ਰੋਗਰਾਮਾਂ ਵਿੱਚ ਜਾਣ ਦਾ ਮੌਕਾ ਮਿਲਿਆ। ਇਹਨਾਂ ਵਿੱਚ ਕਨੇਡਾ ਡੇਅ ਦੇ ਇਤਿਹਾਸ ਤੇ ਰੋਸ਼ਨੀ ਪਾਈ ਜਾ ਰਹੀ ਸੀ। ਇੱਥੇ ਮਿਲਣ ਵਾਲੀਆਂ ਸਹੂਲਤਾ ਦੇ ਗੁਣ ਗਾਏ ਜਾ ਰਹੇ ਸਨ। ਇੰਨੇ ਸੁਹਣੇ ਮੁਲਕ ਵਿੱਚ ਆਉਣ ਦੀਆਂ ਵਧਾਈਆਂ ਦਿੱਤੀਆਂ ਜਾ ਰਹੀਆਂ ਸਨ। ਸੋਹਣੇ ਮੁਲਕ ਕਨੇਡਾ ਦੀ ਤਾਰੀਫ ਵਿੱਚ ਗੀਤਾਂ ਅਤੇ ਕਵਿਤਾਵਾਂ ਦੇ ਦੌਰ ਚੱਲ ਰਹੇ ਸਨ। ਸੀਨੀਅਰਾਂ ਦੇ ਇਹਨਾਂ ਪ੍ਰੋਗਰਾਮਾਂ ਵਿੱਚ ਸੰਜੀਦਾ ਗੱਲਾਂ ਵੀ ਹੋ ਰਹੀਆਂ ਸਨ ਸੀਨੀਅਰਾਂ ਅਤੇ ਆਮ ਕਨੇਡੀਅਨਾਂ ਨੂੰ ਆ ਰਹੀਆਂ ਮੁਸ਼ਕਲਾਂ ਬਾਰੇ ਖੁੱਲ੍ਹ ਕੇ ਬੋਲਿਆ ਜਾ ਰਿਹਾ ਸੀ ਤੇ ਉੱਥੇ ਮੌਜੂਦ ਅੱਡ ਅੱਡ ਲੈਵਲ ਦੀਆਂ ਸਰਕਾਰਾਂ ਵਿੱਚ ਲੋਕਾਂ ਵਲੋਂ ਚੁਣੇ ਨੁਮਾਇੰਦਿਆਂ ਨੂੰ ਆਪਣੀਆਂ ਮੁਸ਼ਕਲਾ ਵੀ ਦੱਸੀਆਂ ਜਾ ਰਹੀਆਂ ਸਨ ਅਤੇ ਸਵਾਲ ਵੀ ਕੀਤੇ ਜਾ ਰਹੇ ਸਨ। ਭਖਵੇਂ ਮੁੱਦੇ ਸਨ ਬਰੈਂਪਟਨ ਵਿੱਚ ਯੂਨੀਵਰਸਿਟੀ ਦੀ ਸਥਾਪਨਾ ਅਤੇ ਸਿਹਤ ਸੇਵਾਵਾਂ ਵਿੱਚ ਸੁਧਾਰ ਦੀ ਲੋੜ। ਸੀਨੀਅਰਜ਼ ਦੇ ਇਹ ਪ੍ਰੋਗਰਾਮ ਕਾਫੀ ਹੱਦ ਤੱਕ ਸਾਰਥਕ ਸਨ। ਬਰੈਂਪਟਨ ਦੇ ਕਲੱਬਾਂ ਦੀ ਸਾਂਝੀ ਜਥੇਬੰਦੀ ਦੇ ਪ੍ਰਧਾਨ ਪਰਮਜੀਤ ਬੜਿੰਗ ਵਲੋਂ ਸੀਨੀਅਰਜ਼ ਲਈ ਦੂਜੇ ਪਰੋਵਿੰਸਾਂ ਬਰਾਬਰ ਸਹੂਲਤਾਂ, ਜੋਤਵਿੰਦਰ ਸੋਢੀ ਵਲੋਂ ਯੂਨੀਵਰਸਿਟੀ ਦੀ ਸਥਾਪਨਾ, ਬਲਦੇਵ ਰਹਿਤਾ ਵਲੋਂ ਆਮ ਲੋਕਾਂ ਦੀ ਨਿਘਰ ਰਹੀ ਹਾਲਤ ਬਾਰੇ ਅਤੇ "ਸਰੋਕਾਰਾਂ ਦੀ ਆਵਾਜ਼" ਦੇ ਹਰਬੰਸ ਸਿੰਘ ਵਲੋਂ ਘੱਟੋ ਘੱਟ ਉਜਰਤ 15 ਡਾਲਰ ਘੰਟਾ ਦੀ ਮੰਗ ਜ਼ਿਕਰਯੋਗ ਹਨ। ਉਹਨਾਂ ਦਲੀਲਾਂ ਸਹਿਤ ਦੱਸਿਆ ਕਿ ਕਾਰਪੋਰੇਟ ਘਰਾਣਿਆਂ ਨੂੰ ਟੈਕਸ-ਦਾਤਿਆਂ ਦੇ ਡਾਲਰ ਲੁਟਾਏ ਜਾ ਰਹੇ ਜਦੋਂ ਕਿ ਆਮ ਕਾਮਿਆਂ ਦੀ ਘੱਟੋ ਘੱਟ ਉਜਰਤ 15 ਡਾਲਰ ਪ੍ਰਤੀ ਘੰਟਾ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਸੀਨੀਅਰਾਂ ਦੇ ਇਹਨਾਂ ਪ੍ਰੋਗਰਾਮਾਂ ਦੀ ਵਿਓਂਤ ਵਿੱਚ ਉਹਨਾਂ ਦੇ ਤਜਰਬੇ ਦੀ ਝਲਕ ਸਾਫ ਦਿਖਾਈ ਦੇ ਰਹੀ ਸੀ। ਕਨੇਡਾ ਡੇਅ ਸਬੰਧੀ ਇਹ ਪ੍ਰੋਗਰਾਮ ਇਹ ਰਿਪੋਰਟ ਲਿਖਣ ਤੱਕ ਅਜੇ ਵੀ ਚੱਲ ਰਹੇ ਹਨ।

**ਅਦਾਰਾ 'ਸਰੋਕਾਰਾਂ ਦੀ ਆਵਾਜ਼'**











**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
226-979-5688
deephsingh@gmail.com

**Literary Advisor**
**Gurbachan Singh Brar**
Calgary (NE) Alberta
403-470-2628
brargurbachan@yahoo.ca

**Advisory Board**
**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Harjit Bedi (Brampton, Ontario)**
647-924-9087

**Randeep Singh (India)**
09855695905
rvs0001@gmail.com

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਫੁਕਰਬਾਜ਼ੀ : ਪੰਜਾਬ ਤੋਂ ਕੈਨੇਡਾ ਤੱਕ

**ਗੁਰਪ੍ਰੀਤ ਸਿੰਘ ਸਹੋਤਾ**



ਕੈਨੇਡਾ ਦੇ ਕੌਮੀ ਚੈਨਲ ਸੀ. ਬੀ. ਸੀ. ਨੇ ਪੰਜਾਬੀ ਵਿਆਹਾਂ 'ਤੇ ਹੁੰਦੇ ਬੇਪਨਾਹ ਖਰਚੇ ਦੀ ਰਿਪੋਰਟਿੰਗ ਕੀਤੀ ਤਾਂ ਇਸ ਮਸਲੇ ਬਾਰੇ ਦਿਲ 'ਚ ਪੈਦਾ ਵਲਵਲੇ ਬਾਹਰ ਕੱਢਣ ਨੂੰ ਜੀਅ ਕੀਤਾ।

ਅੱਜ ਤੋਂ 20 ਸਾਲ ਪਹਿਲਾਂ ਤੱਕ ਕੈਨੇਡਾ 'ਚ ਕੁੜੀ ਦਾ ਵਿਆਹ ਮੁੰਡੇ ਦੇ ਵਿਆਹ ਨਾਲੋਂ ਵੀ ਸਸਤਾ ਹੋ ਜਾਂਦਾ ਸੀ। ਉਧਰੋਂ ਪੰਜਾਬ 'ਚ ਜ਼ਮੀਨਾਂ ਦੇ ਭਾਅ ਵਧੇ ਤੇ ਇੱਧਰ ਪੰਜਾਬੀਆਂ ਨੂੰ ਕੈਨੇਡਾ ਦੇ ਜਾਇਦਾਦ ਵਪਾਰ ਦੀ ਸਮਝ ਲੱਗੀ, ਪੈਸਾ ਆਉਣ ਲੱਗ ਪਿਆ, ਬੱਸ ਹੋ ਗਿਆ ਫੁਕਰਬਾਜ਼ੀ ਦਾ ਦੌਰ ਸ਼ੁਰੂ।

ਹੁਣ ਕੈਨੇਡਾ 'ਚ ਆਮ ਵਿਆਹ 'ਤੇ 3-4 ਪਾਰਟੀਆਂ ਆਮ ਗੱਲ ਹੋ ਗਈ। ਵੀਡੀਓਗ੍ਰਾਫੀ 'ਤੇ 10-15 ਹਜ਼ਾਰ ਦਾ ਖਰਚਾ ਮਾਮੂਲੀ ਗੱਲ ਹੈ। ਖਾਣ-ਪੀਣ, ਕੱਪੜੇ, ਦੇਣ-ਲੈਣ ਦੇ ਖਰਚੇ ਅੱਡ। ਆਮ ਵਿਆਹ ਲੱਖ ਡਾਲਰ 'ਚ ਪੈਂਦਾ, ਇੱਕ ਪਾਸੇ ਨੂੰ। ਸ਼ਹਿਰ ਦੇ ਹਰ ਨਾਮਵਰ ਬੰਦੇ ਨੂੰ ਸੱਦਿਆ ਜਾਣਾ ਫੈਸ਼ਨ ਬਣ ਗਿਆ ਹੈ। ਵਿਆਹ ਕਾਹਦਾ ਸ਼ੋਅ ਬਣ ਗਿਆ। ਜਿਹੜੇ ਸਰਦੇ ਪੁੱਜਦੇ ਹਨ, ਉਹ ਇਹ ਕਰ ਸਕਦੇ ਹਨ ਪਰ ਹਰ ਕੋਈ ਨਹੀਂ। ਕਈਆਂ ਨੂੰ ਨਾ ਚਾਹੁੰਦਿਆਂ ਕਰਨਾ ਪੈ ਰਿਹਾ।

ਕੈਨੇਡਾ 'ਚ ਬਹੁਗਿਣਤੀ ਬੱਚੇ ਸਰਕਾਰੀ ਸਕੂਲਾਂ-ਕਾਲਜਾਂ 'ਚ ਪੜ੍ਹਦੇ ਹਨ ਤੇ ਅਮੀਰੀ-ਗਰੀਬੀ ਦਾ ਫਰਕ ਕੀਤੇ ਬਿਨਾ ਦੋਸਤ ਬਣ ਜਾਂਦੇ ਹਨ। ਪਰ ਜਦ ਅਮੀਰ ਦੇ ਬੱਚੇ ਦਾ ਵਿਆਹ ਹੁੰਦਾ ਤਾਂ ਸਾਧਾਰਨ ਪਰਿਵਾਰ ਦਾ ਬੱਚਾ ਵੀ ਓਹੋ ਜਿਹਾ ਵਿਆਹ ਕਰਵਾਉਣਾ ਚਾਹੁੰਦਾ। ਸਾਧਾਰਨ ਮਾਪੇ ਦਾ ਵੀ ਦਿਲ ਕਰਦਾ ਕਿ ਮੇਰੇ ਬੱਚੇ 'ਚ ਹੀਣ-ਭਾਵਨਾ ਨਾ ਆ ਜਾਵੇ। ਉਹ ਅੱਡੀਆਂ ਚੁੱਕ ਕੇ ਫਾਹਾ ਲੈਂਦਾ। ਪਿਛਲੇ ਹਫਤੇ ਇੱਕ ਸੱਜਣ ਨੇ ਦੱਸਿਆ ਕਿ ਉਸਨੇ 65 ਸਾਲ ਦਾ ਹੋ ਕੇ ਰਿਟਾਇਰ ਹੋ ਜਾਣਾ ਸੀ ਪਰ ਹਾਲੇ ਇੱਕ ਬੱਚਾ ਰਹਿੰਦਾ ਵਿਆਹੁਣ ਲਈ, ਇਸ ਲਈ ਓਹਦੇ ਵਿਆਹ ਲਈ ਲੱਖ ਦਾ ਪ੍ਰਬੰਧ ਕਰਨ ਦੇ ਚੱਕਰ 'ਚ ਕੰਮ ਨੀ ਛੱਡ ਸਕਦਾ।

ਦਿਲਚਸਪ ਗੱਲ ਇਹ ਹੈ ਕਿ ਬਹੁਗਿਣਤੀ ਬੱਚੇ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਵੱਡੇ ਵਿਆਹ ਹੋਣ ਤੇ ਜਣਾ ਖਣਾ ਵਿਆਹ 'ਚ ਤੁਰਿਆ ਫਿਰੇ, ਜਿਸਨੂੰ ਓਹ ਜਾਣਦੇ ਤੱਕ ਨੀ ਪਰ ਮਾਪਿਆਂ ਲਈ, ਜਿਨ੍ਹਾਂ ਦੇ ਵਿਆਹ ਖਾਧੇ ਹਨ, ਉਨ੍ਹਾਂ ਨੂੰ ਸੱਦਣਾ ਮਜਬੂਰੀ ਬਣ ਜਾਂਦਾ। ਕਈਆਂ ਨੂੰ ਆਪਣਾ ਪੈਸਾ ਦਿਖਾਉਣ ਦਾ ਇਹ ਮੌਕਾ ਮਿਲ ਜਾਂਦਾ। ਅਸੀਂ ਕੈਨੇਡਾ ਇਸ ਲਈ ਆਏ ਸੀ ਕਿਉਂਕਿ ਇੱਥੇ ਦਾ ਹਰ ਸਿਸਟਮ ਵਧੀਆ ਸੀ ਪਰ ਅਸੀਂ ਇਸਨੂੰ ਹਰ ਪੱਖੋਂ ਪੰਜਾਬ ਬਣਾਉਣ ਦਾ ਧਾਰ ਲਿਆ ਹੈ। ਜੇ ਇਹਨੂੰ ਪੰਜਾਬ ਹੀ ਬਣਾ ਦੇਣਾ, ਫੇਰ ਇੱਥੇ ਦੀ ਜੀਵਨ ਜਾਚ ਕਿੱਦਾਂ ਮਾਣਾਂਗੇ? ਆਪਣਾ ਪਿੰਡ/ਸ਼ਹਿਰ ਛੱਡਣ ਦੀ ਕੀ ਲੋੜ ਸੀ?

ਪਿਛਲੇ ਹਫਤੇ ਇੱਕ ਵਿਆਹ ਦੀ ਰਿਸੈਪਸ਼ਨ 'ਤੇ ਗਿਆ ਤਾਂ ਪਲੇਟ ਭਰੀ ਬੈਠਾ ਇੱਕ ਪਤਵੰਤਾ ਸੱਜਣ, ਜੋ ਪਰਿਵਾਰ ਦਾ ਰਿਸ਼ਤੇਦਾਰ ਨਹੀਂ ਸੀ, ਬੱਸ ਪਤਵੰਤਾ ਹੋਣ ਕਾਰਨ ਹੀ ਸੱਦਿਆ ਹੋਇਆ ਸੀ, ਕਹਿ ਰਿਹਾ ਸੀ ਕਿ ਐਵੇਂ ਸ਼ੋਅ-ਆਫ ਕਰੀ ਜਾਂਦੇ ਆ, ਮੁੰਡੇ-ਕੁੜੀ ਦੀ ਬਣਨੀ ਚਾਰ ਦਿਨ ਨੀ। ਕੀ ਲੋੜ ਹੈ ਅਜਿਹੇ ਲੋਕਾਂ ਨੂੰ ਸੱਦਣ ਦੀ, ਜੋ ਤੁਹਾਡਾ ਖਾ ਕੇ ਅਸੀਸ ਵੀ ਨਾ ਦੇ ਸਕਣ ਕਿ ਜੋੜੀ ਲੰਮੀ ਉਮਰ ਹੰਢਾਵੇ, ਸੁਖੀ ਰਹੇ। ਉਲਟਾ ਮਾੜਾ ਹੀ ਸੋਚਣ।

ਇਸੇ ਤਰ੍ਹਾਂ ਵੈਨਕੂਵਰ ਦੇ ਇੱਕ ਅਮੀਰ ਨੇ ਮੁੰਡੇ ਦਾ ਗੱਜ ਵੱਜ ਕੇ ਵਿਆਹ ਕੀਤਾ। ਲਗਾਤਾਰ 4-5 ਪਾਰਟੀਆਂ ਕੀਤੀਆਂ, ਵਿਆਹ ਹੋਇਆ, ਹਜ਼ਾਰ ਬੰਦਾ ਹਰ ਪਾਰਟੀ 'ਤੇ ਸੀ। ਰਿਸੈਪਸ਼ਨ ਤੋਂ ਬਾਅਦ ਮੁੰਡਾ-ਕੁੜੀ ਹਨੀਮੂਨ 'ਤੇ ਚਲੇ ਗਏ ਤੇ ਵਾਪਸ ਅੱਡ-ਅੱਡ ਆਏ। ਕੁੜੀ ਏਅਰਪੋਰਟ ਤੋਂ ਸਿੱਧੀ ਆਪਣੇ ਘਰ ਚਲੀ ਗਈ ਤੇ ਮੁੰਡਾ ਆਪਣੇ ਘਰ। ਘਰਦਿਆਂ ਨੂੰ ਦੱਸਤਾ ਕਿ ਸਾਡੀ ਸਾਸਰੀਕਾਲ ਆ। ਮੁੰਡੇ ਦਾ ਪਿਓ ਮੁੰਡੇ ਨੂੰ ਮਿਹਣੇ ਮਾਰਨ ਲੱਗਾ ਕਿ ਤੇਰੇ ਕਰਕੇ ਮੈਂ ਏਨਾ ਖਰਚਾ ਕੀਤਾ, ਓਹ ਕੀਤਾ, ਵੋਹ ਕੀਤਾ। ਮੁੰਡਾ ਕਹਿੰਦਾ ਡੈਡ ਤੂੰ ਮੇਰੇ ਲਈ ਨਹੀਂ, ਆਪਣੀ ਟੌਹਰ ਦਿਖਾਲਣ ਲਈ ਕੀਤਾ। ਵਿਆਹ ਅਤੇ ਰਿਸੈਪਸ਼ਨ 'ਤੇ ਮੈਂ 10-15 ਜਣੇ ਸੱਦੇ ਸੀ, ਬਾਕੀ ਸਾਰਾ ਲਾਣਾ ਤੇਰਾ ਸੱਦਿਆ ਸੀ। 15 ਜਣਿਆਂ ਦੇ 30 ਡਾਲਰ ਨੂੰ ਪਲੇਟ ਦੇ ਹਿਸਾਬ ਨਾਲ 450 ਡਾਲਰ ਬਣਦੇ ਆ, ਆਹ ਚੱਕ 450 ਦਾ ਚੈੱਕ, ਮੁੜਕੇ ਨਾ ਮੈਨੂੰ ਕਹੀਂ।

ਪੰਜਾਬ 'ਚ ਵਿਆਹਾਂ ਤੇ ਕੋਠੀਆਂ ਦੇ ਕਰਜ਼ੇ ਨੇ ਸਾਡਾ ਲੱਕ ਤੋੜਿਆ ਤੇ ਮਾਮਲਾ ਖ਼ੁਦਕੁਸ਼ੀਆਂ ਤੱਕ ਪੁੱਜ ਗਿਆ। ਉਸ ਤੋਂ ਹੀ ਸਬਕ ਲੈ ਲਈਏ! ਅਕਲ ਨੂੰ ਹੱਥ ਮਾਰੀਏ। ਦੇਖਣ 'ਚ ਆਇਆ ਕਿ ਕਈ ਅਮੀਰ ਤੇ ਸਿਆਣੇ ਲੋਕ ਬਹੁਤ ਸਾਦਾ ਵਿਆਹ ਕਰ ਰਹੇ ਹਨ ਤੇ ਕਈ ਖਾਲੀ ਭਾਂਡੇ, ਜਿਨ੍ਹਾਂ ਅੱਧੇ ਸ਼ਹਿਰ ਦੇ ਪੈਸੇ ਮਾਰੇ ਹੁੰਦੇ, ਵਿਆਹਾਂ 'ਤੇ ਲੁੱਟ ਮਚਾ ਰਹੇ ਹੁੰਦੇ ਹਨ।

ਲੋਕਾਂ ਨੂੰ ਮਗਰ ਲਾਉਣ ਲਈ ਧੜਾਧੜ ਵਿਆਹਾਂ ਨਾਲ ਸਬੰਧਿਤ ਵਪਾਰ ਹੋਂਦ 'ਚ ਆ ਗਏ ਹਨ ਤੇ ਉਹ ਲੁਭਾਵਣੀਆਂ ਗੱਲਾਂ ਕਰਕੇ ਖਰਚਾ ਵਧਾ ਰਹੇ ਹਨ। ਹਾਲੇ ਵੀ ਵੇਲਾ ਹੈ, ਸੁਧਰ ਜਾਓ। ਵਿਆਹ 'ਤੇ ਕੀਤੀ ਜਾਣ ਵਾਲੀ ਫਜ਼ੂਲ ਖਰਚੀ ਦੀ ਜਗ੍ਹਾ ਓਹੀ ਪੈਸਾ ਬੱਚਿਆਂ ਨੂੰ ਨਵਾਂ ਜੀਵਨ ਸ਼ੁਰੂ ਕਰਨ ਲਈ ਦੇ ਦਿਓ। ਗਲਤ ਪਿਰਤਾਂ ਨਾ ਪਾਓ। ਸਹੀ ਪਿਰਤਾਂ ਪਾਓ, ਕੈਨੇਡਾ 'ਚ ਆਪਣੇ ਵਡੇਰਿਆਂ ਦੇ ਮਿਹਨਤੀ ਤੇ ਸਾਦੇ ਜੀਵਨ ਵੱਲ ਹੀ ਦੇਖ ਲਓ।

ਬੇਨਤੀ ਹੈ ਕਿ ਲੇਖਕ, ਵਿਚਾਰਵਾਨ ਇਸ ਮੁੱਦੇ 'ਤੇ ਲਿਖਣ। ਮੀਡੀਆ ਇਸ 'ਤੇ ਚਰਚਾ ਕਰੇ, ਟਾਕ ਸ਼ੋਅ ਹੋਣ। ਲੇਖਕ ਸਭਾਵਾਂ ਇਸ 'ਤੇ ਸਮਾਗਮ ਕਰਵਾਉਣ। ਘਰ-ਘਰ ਇਸ 'ਤੇ ਗੱਲ ਹੋਵੇ। ਆਓ ਸਾਰੇ ਕੁਝ ਨਾ ਕੁਝ ਕਰੀਏ ਤੇ ਇਸ ਫਜ਼ੂਲ ਖਰਚੀ ਨੂੰ ਰੋਕੀਏ।

ਆਓ! ਮੁਕਾਬਲਾ ਕਰੀਏ ਕਿ ਕੌਣ ਆਪਣੇ ਬੱਚੇ ਦਾ ਸਾਦਾ ਤੋਂ ਸਾਦਾ ਵਿਆਹ ਕਰਦਾ।

## ਟੋਰਾਂਟੋ ਏਰੀਆ ਵਿੱਚ ਹੋਣ ਵਾਲੇ ਖਾਸ ਪ੍ਰੋਗਰਾਮ

- 1- 6 ਅਗਸਤ ਦਿਨ ਸ਼ਨੀਵਾਰ 12:30 ਵਜੇ ਰੈੱਡ ਵਿੱਲੋ ਸੀਨੀਅਰਜ਼ ਕਲੱਬ ਦਾ ਸਾਲਾਨਾ ਪ੍ਰੋਗਰਾਮ, ਰੈੱਡ ਵਿੱਲੋ ਪਾਰਕ, ਇੰਟਰਸ਼ੈਕਸ਼ਨ ਵੈਲੀਕਰੀਕ ਤੇ ਕੌਟਰਿੱਲ, ਬਰੈਂਪਟਨ।
- 2-14 ਅਗਸਤ ਦਿਨ ਐਤਵਾਰ 12:00 ਵਜੇ ਤਰਕਸ਼ੀਲ ਸੁਸਾਇਟੀ ਆਫ ਓਨਟਾਰੀਓ ਦੀ ਪਰਿਵਾਰਕ ਪਿਕਨਿਕ, ਐਲਡਰੈੱਡੋ ਪਾਰਕ, ਬਰੈਂਪਟਨ।
- 3- 21 ਅਗਸਤ ਦਿਨ ਐਤਵਾਰ 5:00 ਵਜੇ ਸ਼ਾਮ ਪੰਜਾਬੀ ਆਰਟਸ ਐਸੋਸੀਏਸ਼ਨ ਵਲੋਂ ਨਾਟਕ 'ਕੰਧਾਂ ਰੇਤ ਦੀਆਂ' ਕੈਨੇਡਾ ਵਿਚਲੀ ਪੰਜਾਬੀ ਕਮਿਊਨਿਟੀ ਦੇ ਭਖਦੇ ਮਸਲੇ ਨੱਕ ਰੱਖਣ ਤੇ ਫੁਕਰੀਆਂ ਮਾਰਨ ਲਈ ਵਿਆਹਾਂ ਉੱਤੇ ਕੀਤੇ ਜਾਂਦੇ ਬੇਤਹਾਸ਼ਾ ਖਰਚਿਆਂ ਨਾਲ ਨਿਕਲ ਰਹੇ ਕਚੂੰਬਰ ਬਾਰੇ।

**ਹਰਜੀਤ ਬੇਦੀ**






# ਕਸ਼ਮੀਰੀ ਅਵਾਮ, ਆਜ਼ਾਦੀ ਦੀ ਰੀਝ ਅਤੇ ਸਟੇਟ ਦੀ ਦਰਿੰਦਗੀ



ਬੂਟਾ ਸਿੰਘ, ਨਵਾਂ ਸ਼ਹਿਰ

ਪਿਛੇ ਜਹੇ ਜੰਮੂ-ਕਸ਼ਮੀਰ ਵਿਚ ਹੋਈਆਂ ਚੋਣ ਨਤੀਜਿਆਂ ਨੂੰ ਲੈਕੇ ਵੱਡੇ ਵੱਡੇ ਦਾਅਵੇ ਕੀਤੇ ਗਏ ਕਿ ਚੋਣਾਂ ਵਿਚ ਕਸ਼ਮੀਰੀਆਂ ਵਲੋਂ ਦਿਖਾਇਆ ਗਿਆ ਭਾਰੀ ਉਤਸ਼ਾਹ ਹਿੰਦੁਸਤਾਨ ਦੀ ਜਮਹੂਰੀਅਤ ਵਿਚ ਉਨ੍ਹਾਂ ਦੇ ਭਰੋਸੇ ਦਾ ਸਬੂਤ ਹੈ। ਹਾਲੀਆ ਦੋ ਘਟਨਾਵਾਂ ਪ੍ਰਤੀ ਕਸ਼ਮੀਰੀਆਂ ਦੇ ਪ੍ਰਤੀਕਰਮ ਨਾਲ ਹਿੰਦੁਸਤਾਨੀ ਹੁਕਮਰਾਨਾਂ ਦੇ ਇਨ੍ਹਾਂ ਦਾਅਵਿਆਂ ਦਾ ਥੋਥ ਬੁਰੀ ਤਰ੍ਹਾਂ ਨੰਗਾ ਹੋ ਗਿਆ ਹੈ। ਪਹਿਲਾਂ ਇਕ ਕਸ਼ਮੀਰੀ ਵਿਦਿਆਰਥਣ ਨਾਲ ਹਿੰਦੁਸਤਾਨੀ ਫ਼ੌਜੀ ਵਲੋਂ ਕੀਤੀ ਛੇੜਛੇੜ ਅਤੇ ਹੁਣ ਹਿਜਬੁਲ ਕਮਾਂਡਰ ਬੁਰਹਾਨ ਵਾਨੀ ਦੇ ਮਾਰੇ ਜਾਣ ਦੀ ਖ਼ਬਰ ਸੁਣਕੇ ਕਸ਼ਮੀਰ ਦੇ ਅਵਾਮ ਦਾ ਹੜ੍ਹ ਵਾਂਗ ਸੜਕਾਂ ਉੱਪਰ ਆਕੇ ਹਿੰਦੁਸਤਾਨੀ ਫ਼ੌਜ ਦਾ ਪੱਥਰਾਂ ਨਾਲ ਮੁਕਾਬਲਾ ਕਰਨਾ ਉਨ੍ਹਾਂ ਅੰਦਰ ਖੌਲ਼ ਰਹੇ ਰੋਹ ਦਾ ਝਲਕਾਰਾ ਹੈ। ਐਸਾ ਕਰਦੇ ਵਕਤ ਜੇ ਉਹ ਆਪਣੀਆਂ ਜਾਨ ਜ਼ੋਖ਼ਮ ਵਿਚ ਪਾਉਣ ਤੋਂ ਵੀ ਨਹੀਂ ਝਿਜਕਦੇ ਤਾਂ ਸਮਝਿਆ ਜਾ ਸਕਦਾ ਹੈ ਕਿ ਮਸਲਾ 150 ਕੁ 'ਦਹਿਸ਼ਤਪਸੰਦਾਂ' ਦਾ ਨਹੀਂ ਹੈ, ਨਾ ਹੀ ਇਹ ਮਹਿਜ਼ ਪਾਕਿਸਤਾਨ ਪੱਖੀ ਹਥਿਆਰਬੰਦ ਘੁਸਪੈਠੀਆਂ ਦੀ ਸਾਜ਼ਿਸ਼ ਹੈ ਜਿਵੇਂ ਕਿ ਹਿੰਦੁਸਤਾਨੀ ਹੁਕਮਰਾਨ ਅਤੇ ਇਨ੍ਹਾਂ ਦੇ ਫ਼ੌਜੀ ਅਧਿਕਾਰੀ ਦਾਅਵਾ ਕਰਦੇ ਹਨ।

ਚੋਣਾਂ ਦੁਆਰਾ ਨਵੀਂ ਸਰਕਾਰ ਬਣਨ ਤੋਂ ਬਾਦ ਕਸ਼ਮੀਰੀ ਨੌਜਵਾਨ ਉਸ ਤੋਂ ਵੀ ਜ਼ਿਆਦਾ ਰੋਹ ਨਾਲ ਸੜਕਾਂ ਉੱਪਰ ਆਉਣੇ ਸ਼ੁਰੂ ਹੋ ਗਏ ਜੋ ਮੰਜ਼ਰ 2010 ਦੇ ਹੁਨਾਲ ਵਿਚ ਸਾਹਮਣੇ ਆਇਆ ਸੀ। 2008 'ਚ ਅਮਰਨਾਥ ਮੰਦਰ ਬੋਰਡ ਨੂੰ ਜ਼ਮੀਨ ਦਿੱਤੇ ਜਾਣ ਨੇ ਅਤੇ 2010 'ਚ ਸਰਕਾਰੀ ਗੋਲੀ ਨਾਲ ਇਕ ਸਕੂਲੀ ਵਿਦਿਆਰਥੀ ਦੀ ਮੌਤ ਨੇ ਕਸ਼ਮੀਰੀਆਂ ਵਿਚ ਰੋਹ ਦੇ ਭਾਂਬੜ ਬਾਲ ਦਿੱਤੇ ਸਨ, ਹੁਣ ਇਕ 'ਦਹਿਸ਼ਤਗਰਦ' ਨੂੰ ਅਖਾਉਤੀ ਮੁਕਾਬਲੇ ਵਿਚ ਮਾਰਨ ਦੀ ਘਟਨਾ ਅਵਾਮੀ ਰੋਹ ਨੂੰ ਸੜਕਾਂ 'ਤੇ ਲਿਆਉਣ ਦਾ ਸਬੱਬ ਬਣੀ ਹੈ। ਚਾਹੇ 1990 ਸੀ, 2008, 2010 ਜਾਂ 2013, ਕਸ਼ਮੀਰ ਦੇ ਲੋਕ ਵਾਰ-ਵਾਰ ਸੜਕਾਂ 'ਤੇ ਆਕੇ ਹਿੰਦੁਸਤਾਨ ਨਾਲ ਸਿਰਨਰੜ ਨੂੰ ਚੁਣੌਤੀ ਦਿੰਦੇ ਆ ਰਹੇ ਹਨ। 2010 'ਚ ਹਿੰਦੁਸਤਾਨੀ ਰਾਜ ਨੇ ਵਿਰੋਧ ਨੂੰ ਦਬਾਉਣ ਲਈ ਬੇਲਗਾਮ ਤਾਕਤ ਵਰਤਕੇ ਚਾਰ ਮਹੀਨਿਆਂ ਵਿਚ 120 ਨੌਜਵਾਨ ਮਾਰ ਦਿੱਤੇ ਸਨ। ਇਹ ਸਾਰੇ 25 ਸਾਲ ਤੋਂ ਘੱਟ ਉਮਰ ਦੇ ਸਨ। ਓਦੋਂ ਫ਼ੌਜੀ ਅਧਿਕਾਰੀਆਂ ਵਲੋਂ ਇਹ ਬੇਹੂਦਾ ਦਾਅਵਾ ਵੀ ਕੀਤਾ ਗਿਆ ਕਿ ਕਸ਼ਮੀਰੀ ਨੌਜਵਾਨ ਸਾਡੀ ਫ਼ੌਜ ਉੱਪਰ ਜਿਹੜੇ ਪੱਥਰ ਚਲਾਉਂਦੇ ਹਨ ਉਹ ਵੀ ਪਾਕਿਸਤਾਨ ਤੋਂ ਆਉਂਦੇ ਹਨ। ਸਰਕਾਰ ਵਲੋਂ ਜੰਮੂ-ਕਸ਼ਮੀਰ ਹਾਈਕੋਰਟ ਨੂੰ ਦਿੱਤੀ ਜਾਣਕਾਰੀ ਅਨੁਸਾਰ ਤਾਜ਼ਾ ਟਕਰਾਓ ਵਿਚ 42 ਲੋਕ ਮਾਰੇ ਜਾ ਚੁੱਕੇ ਹਨ ਅਤੇ ਪੀ.ਟੀ.ਆਈ. ਖ਼ਬਰ ਏਜੰਸੀ ਅਨੁਸਾਰ 3400 ਤੋਂ ਉੱਪਰ ਜ਼ਖ਼ਮੀ ਹਨ। ਇਨ੍ਹਾਂ ਵਿਰੋਧ-ਪ੍ਰਦਰਸ਼ਨਾਂ ਨੂੰ ਖਿੰਡਾਉਣ ਦੇ ਨਾਂ ਹੇਠ ਪੁਲਿਸ ਤੇ ਫ਼ੌਜ ਵਲੋਂ ਅੱਥਰੂ ਗੈਸ ਦੇ ਗੋਲਿਆਂ, ਧਾਤ ਦੇ ਛਰਿਆਂ ਵਾਲੇ 'ਗ਼ੈਰ ਨੁਕਸਾਨਦੇਹ' ਗੋਲਿਆਂ ਅਤੇ ਗੋਲੀਆਂ ਦੀ 'ਸੰਜਮੀ' ਵਰਤੋਂ ਨੇ ਸੌ ਤੋਂ ਉੱਪਰ ਨੌਜਵਾਨਾਂ ਦੀਆਂ ਅੱਖਾਂ ਦੀ ਰੌਸ਼ਨੀ ਖੋਹ ਲਈ ਹੈ। ਹਕੂਮਤੀ ਦਰਿੰਦਗੀ ਦੀ ਇੰਤਹਾ ਇੱਥੋਂ ਤਕ ਹੈ ਕਿ ਗੰਭੀਰ ਜ਼ਖ਼ਮੀਆਂ ਨੂੰ ਹਸਤਪਤਾਲ ਲਿਜਾ ਰਹੀਆਂ ਐਂਬੂਲੈਂਸਾਂ ਅਤੇ ਹਸਪਤਾਲ ਅੰਦਰ ਜ਼ਖ਼ਮੀਆਂ ਉੱਪਰ ਸਰਕਾਰੀ ਤਾਕਤਾਂ ਵਲੋਂ ਹਮਲੇ ਕਰਨ ਦੀਆਂ ਕਈ ਰਿਪੋਰਟਾਂ ਸਾਹਮਣੇ ਆਈਆਂ ਹਨ। ਇਕ ਗ਼ੈਰ ਸਰਕਾਰੀ ਅੰਦਾਜ਼ੇ ਅਨੁਸਾਰ ਜਨਵਰੀ 1989 ਤੋਂ ਲੈਕੇ ਹੁਣ ਤਕ 94290 ਕਸ਼ਮੀਰੀ ਮਾਰੇ ਜਾ ਚੁੱਕੇ ਹਨ। 8000 ਦੇ ਕਰੀਬ ਕਸ਼ਮੀਰੀ ਵੱਖ-ਵੱਖ ਸਮੇਂ 'ਤੇ ਪੁਲਿਸ ਤੇ ਫ਼ੌਜ ਵਲੋਂ ਹਿਰਾਸਤ ਵਿਚ ਲੈਕੇ 'ਲਾਪਤਾ' ਕਰ ਦਿੱਤੇ ਗਏ। 7000 ਤੋਂ ਵੱਧ ਅਣਪਛਾਤੀਆਂ ਕਬਰਾਂ ਦੇ ਖ਼ੁਲਾਸੇ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਨ੍ਹਾਂ 'ਲਾਪਤਾ' ਕਸ਼ਮੀਰੀਆਂ ਨਾਲ ਕੀ ਵਾਪਰਿਆ ਹੋਵੇਗਾ।

ਜਦੋਂ ਵੀ ਆਮ ਕਸ਼ਮੀਰੀ ਵਿਰੋਧ ਪ੍ਰਦਰਸ਼ਨ ਕਰਦੇ ਹਨ ਹਿੰਦੁਸਤਾਨੀ ਰਾਜ ਦਾ ਪ੍ਰਤੀਕਰਮ ਹਮੇਸ਼ਾ ਹੋਰ ਫ਼ੌਜ, ਹੋਰ ਬੇਤਹਾਸ਼ਾ ਜਬਰ ਰਿਹਾ ਹੈ। ਸੱਤਾ ਦੇ ਰਵੱਈਏ ਨੂੰ ਸਮਝਣ ਲਈ ਇਕੋ ਤੱਥ ਕਾਫ਼ੀ ਹੈ ਕਿ 2010 'ਚ ਕਸ਼ਮੀਰੀ ਨੌਜਵਾਨਾਂ ਦੀ ਬਗ਼ਾਵਤ ਤੋਂ ਬਾਦ ਮਨਮੋਹਣ ਸਿੰਘ ਸਰਕਾਰ ਵਲੋਂ 'ਸਾਰਥਕ' ਸਿਆਸੀ ਗੱਲਬਾਤ ਦਾ ਸਥਾਈ ਅਮਲ ਚਲਾਉਣ ਲਈ ਜੋ ਤਿੰਨ ਮੈਂਬਰੀ ਸਾਲਸ ਗਰੁੱਪ ਬਣਾਇਆ ਗਿਆ ਸੀ ਉਸ ਦੀਆਂ ਚਾਰ ਸਿਫ਼ਾਰਸ਼ਾਂ - ਸਾਰਥਕ ਖੁਦਮੁਖਤਿਆਰੀ, ਵਿਆਪਕ ਵਿਕਾਸ ਪੈਕੇਜ, ਅਫਸਪਾ ਦੀ ਵਾਪਸੀ ਅਤੇ ਗੜਬੜਗ੍ਰਸਤ ਖੇਤਰ ਦੇ ਨਾਂ 'ਤੇ ਫ਼ੌਜ ਨੂੰ ਦਿੱਤੇ ਵਿਸ਼ੇਸ਼ ਅਧਿਕਾਰ ਦਾ ਖ਼ਾਤਮਾ - ਵਿਚੋਂ ਕਿਸੇ ਪ੍ਰਤੀ ਵੀ ਸੰਜੀਦਗੀ ਨਹੀਂ ਦਿਖਾਈ ਗਈ। ਹਿੰਦੁਸਤਾਨੀ ਹਾਕਮ ਜਮਾਤ ਦਾ ਅੰਨ੍ਹਾ ਯਕੀਨ ਬੰਦੂਕ ਦੀ ਨੋਕ ਨਾਲ ਮਸਲੇ ਨੂੰ ਦਬਾਉਣ ਉੱਪਰ ਹੈ।

ਹਿੰਦੁਸਤਾਨੀ ਹੁਕਮਰਾਨ ਕੁਝ ਵੀ ਦਾਅਵੇ ਕਰਨ, ਇਹ ਕੌੜੀ ਸਚਾਈ ਹੈ ਕਿ ਅਕਤੂਬਰ 1947 ਵਿਚ ਜੰਮੂ-ਕਸ਼ਮੀਰ ਦੇ ਹਿੰਦੁਸਤਾਨ ਨਾਲ 'ਇਲਹਾਕ' ਨੂੰ ਕਸ਼ਮੀਰੀਆਂ ਨੇ ਕਦੇ ਦਿਲੋਂ ਕਬੂਲ ਨਹੀਂ ਕੀਤਾ, ਉਹ ਇਸ ਨੂੰ ਉਨ੍ਹਾਂ ਦੀ ਸਰਜ਼ਮੀਨ ਉੱਪਰ ਵਾਅਦਾਖ਼ਿਲਾਫ਼ੀਆਂ ਅਤੇ ਧੋਖੇ ਨਾਲ ਕੀਤਾ ਕਬਜ਼ਾ ਸਮਝਦੇ ਹਨ। ਸਹੀ ਮਾਇਨਿਆਂ ਵਿਚ ਇਹ ਇਲਹਾਕ ਹੈ ਵੀ ਨਹੀਂ ਸੀ। ਰਾਸ਼ਟਰਵਾਦੀ ਤੁਅੱਸਬ ਤਿਆਗਕੇ ਈਮਾਨਦਾਰੀ ਨਾਲ ਇਤਿਹਾਸ ਉੱਪਰ ਸਰਸਰੀ ਨਜ਼ਰ ਮਾਰਿਆਂ ਈ ਇਹ ਸਮਝ ਪੈ ਜਾਂਦਾ ਹੈ ਕਿ 1947 ਵਾਲੇ ਜਿਸ ਸਮਝੌਤੇ ਨੂੰ 'ਇਲਹਾਕ' ਬਣਾਕੇ ਪੇਸ਼ ਕੀਤਾ



*ਪਹਿਲੀ ਜਨਵਰੀ 1948 ਨੂੰ ਹਿੰਦੁਸਤਾਨ ਵਲੋਂ ਯੂ. ਐੱਨ ਸੁਰੱਖਿਆ ਕੌਂਸਲ ਵਿਚ ਕੀਤੀ ਸ਼ਿਕਾਇਤ ਦੀ ਧਾਰਾ 6 ਵਿਚ ਇਹ ਸਪਸ਼ਟ ਵਚਨ ਦਿੱਤਾ ਗਿਆ ਸੀ, "ਹਿੰਦੁਸਤਾਨ ਨੇ ਰਿਆਸਤ ਦੇ ਫ਼ੌਰੀ ਸੰਕਟ ਨੂੰ ਆਪਣੇ ਸਿਆਸੀ ਲਾਹੇ ਖ਼ਾਤਰ ਇਸਤੇਮਾਲ ਕਰ ਲਿਆ ਐਸੇ ਕਿਸੇ ਸੰਕੇਤ ਤੋਂ ਬਚਣ ਲਈ, ਹਿੰਦੁਸਤਾਨ ਸਰਕਾਰ ਨੇ ਸਪਸ਼ਟ ਕੀਤਾ ਕਿ ਹਮਲਾਵਰ ਤਾਕਤ ਦੇ ਉਥੋਂ ਨਿਕਲਦੇ ਸਾਰ ਅਤੇ ਆਮ ਹਾਲਾਤ ਮੁੜ-ਬਹਾਲ ਹੁੰਦੇ ਸਾਰ, ਇਸਦੇ ਲੋਕ ਲੋਕਨਿਰਣੇ ਜਾਂ ਰਾਇਸ਼ੁਮਾਰੀ ਦੇ ਮਾਨਤਾਪ੍ਰਾਪਤ ਜਮਹੂਰੀ ਤਰੀਕੇ ਦੁਆਰਾ ਆਪਣੇ ਭਵਿੱਖ ਦਾ ਫ਼ੈਸਲਾ ਕਰਨ ਲਈ ਆਜ਼ਾਦ ਹੋਣਗੇ ਜਿਸ ਨੂੰ ਮੁਕੰਮਲ ਨਿਰਪੱਖਤਾ ਯਕੀਨੀਂ ਬਣਾਉਣ ਲਈ ਕੌਮਾਂਤਰੀ ਛੱਤਰਛਾਇਆ ਹੇਠ ਕਰਾਇਆ ਜਾ ਸਕਦਾ ਹੈ।"*

*ਤੱਤਕਾਲੀ ਪ੍ਰਧਾਨ ਮੰਤਰੀ ਨਹਿਰੂ ਵਲੋਂ 7 ਅਗਸਤ 1952 ਨੂੰ ਪਾਰਲੀਮੈਂਟ ਵਿਚ ਦੁਹਰਾਇਆ ਇਹ ਅਹਿਦ ਹੁਕਮਰਾਨਾਂ ਦੀ ਪਸਾਰਵਾਦੀ ਜ਼ਿਹਨੀਅਤ ਦੇ ਹੁਣ ਚਿੱਤ-ਚੇਤੇ ਵੀ ਨਹੀਂ: "ਲਿਹਾਜ਼ਾ ਚਾਹੇ ਕਾਨੂੰਨੀ ਪੱਖੋਂ ਅਤੇ ਤੱਥ ਪੱਖੋਂ ਇਲਹਾਕ ਮੁਕੰਮਲ ਹੋ ਗਿਆ ਸੀ, ਪਰ ਇਕ ਦੂਜਾ ਤੱਥ ਹੈ ਜਿਸਦਾ ਕਾਨੂੰਨ ਨਾਲ ਕੋਈ ਲਾਗਾਦੇਗਾ ਨਹੀਂ, ਯਾਨੀ, ਸਾਡਾ ਕਸ਼ਮੀਰ ਦੇ ਲੋਕਾਂ ਨਾਲ ਵਾਅਦਾ, ਜੇ ਤੁਸੀਂ ਚਾਹੋ ਤਾਂ ਇਸ ਨੂੰ ਦੁਨੀਆ ਦੇ ਲੋਕਾਂ ਨਾਲ ਵਾਅਦਾ ਵੀ ਕਹਿ ਸਕਦੇ ਹੋ, ਕਿ ਇਸ ਮਾਮਲੇ ਵਿਚ ਕਸ਼ਮੀਰ ਦੇ ਲੋਕ ਆਪਣੀ ਇੱਛਾ ਅਨੁਸਾਰ ਮੋਹਰ ਲਾ ਸਕਦੇ ਹਨ ਜਾਂ ਇਸ ਨੂੰ ਰੱਦ ਕਰ ਸਕਦੇ ਹਨ। ਅਸੀਂ ਨਹੀਂ ਚਾਹੁੰਦੇ ਕਿ ਲੋਕਾਂ ਦੀ ਇੱਛਾ ਦੇ ਵਿਰੁੱਧ ਜਾਕੇ ਹਥਿਆਰਬੰਦ ਤਾਕਤ ਨਾਲ ਲੋਕਾਂ ਨੂੰ ਜਿੱਤਿਆ ਜਾਵੇ; ਅਤੇ ਜੇ ਕਸ਼ਮੀਰ ਦੇ ਲੋਕ ਸਾਡੇ ਤੋਂ ਜੁਦਾ ਹੋਣਾ ਚਾਹੁੰਦੇ ਹਨ, ਉਹ ਆਪਣਾ ਰਾਹ ਅਖ਼ਤਿਆਰ ਕਰ ਸਕਦੇ ਹਨ ਅਤੇ ਸਾਨੂੰ ਆਪਣਾ ਕਰਨਾ ਚਾਹੀਦਾ ਹੈ। ਅਸੀਂ ਕੋਈ ਜਬਰੀ ਰਿਸ਼ਤਾ, ਕੋਈ ਜਬਰੀ ਇਲਹਾਕ ਨਹੀਂ ਚਾਹੁੰਦੇ।"*

ACCOUNTANT
Corporate & Personal Business
Attends: CRA Audits
and Appeals
SUKHDEV SINGH CPA, CGA
TEL: (905) 793-0909
FAX: (905)-450-2165
10-2084 STEELES AVE EAST,
BRAMPTON, L6T 5A6
EMAIL: sukhdevcga@gmail.com

HOMELIFE HIGHER STANDARDS
Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2



ਜਾਂਦਾ ਹੈ ਉਹ ਕਸਮੀਰ ਦੇ ਤੱਤਕਾਲੀ ਮਹਾਂਰਾਜੇ ਵਲੋਂ ਹਾਲਾਤ ਦੇ ਦਬਾਓ ਹੇਠ ਕੀਤਾ ਵਕਤੀ ਸਮਝੌਤਾ ਸੀ ਅਤੇ ਕਸ਼ਮੀਰੀ ਆਵਾਮ ਦੀ ਉਸਨੂੰ ਪ੍ਰਵਾਨਗੀ ਕਿਸੇ ਸੂਰਤ ਵੀ ਨਹੀਂ ਸੀ। ਇਹ ਹਾਲਾਤ ਸਹਿਜ ਹੋਣ ’ਤੇ ਰਾਇਸ਼ੁਮਾਰੀ ਕਰਾਉਣ ਦੀ ਸ਼ਰਤ ਤਹਿਤ ਆਰਜ਼ੀ ਇਲਹਾਕ ਸੀ ਜੋ ਕਦੇ ਵੀ ਕਰਵਾਈ ਨਹੀਂ ਗਈ।

ਸੰਯੁਕਤ ਰਾਸ਼ਟਰ ਵਲੋਂ ਜੰਮੂ-ਕਸ਼ਮੀਰ ਬਾਰੇ ਆਪਣੇ 30 ਮਾਰਚ 1951 ਦੇ ਮਤੇ ਵਿਚ ਜੋ ਬੁਨਿਆਦੀ ਅਹਿਮੀਅਤ ਵਾਲੀ ਦਲੀਲ ਦਿੱਤੀ ਗਈ ਸੀ ਉਹ ਗ਼ੌਰਤਲਬ ਹੈ। ਯੂ.ਐੱਨ ਨੇ ਕਿਹਾ ਸੀ ਕਿ ਜੰਮੂ ਤੇ ਕਸ਼ਮੀਰ ਵਿਚ ਚੋਣਾਂ ਸਵੈ-ਨਿਰਣੇ ਦਾ ਬਦਲ ਨਹੀਂ ਹੋਣਗੀਆਂ। ਇਲਹਾਕ ਬਾਰੇ ਕਸ਼ਮੀਰੀ ਅਵਾਮ ਦੇ ਸਪਸ਼ਟ ਫਤਵੇ ਲਈ ਰਾਇ-ਸ਼ੁਮਾਰੀ ਕਰਾਉਣੀ ਹੋਵੇਗੀ। ਇਸ ਕੌਮਾਂਤਰੀ ਆਮ-ਸਹਿਮਤੀ ਅਤੇ 1948 ਤੋਂ ਲੈ ਕੇ 1952 ਤਕ ਦੇ ਚਾਰ ਸਾਲਾਂ ਵਿਚ ਪ੍ਰਧਾਨ ਮੰਤਰੀ ਨਹਿਰੂ ਦੇ ਹਿੰਦੁਸਤਾਨੀ ਸੰਸਦ ਅੰਦਰ ਅਤੇ ਹੋਰ ਥਾਈਂ ਦਿੱਤੇ ਬਿਆਨਾਂ ਨੂੰ ਦੇਖਦੇ ਹੋਏ ਹਰ ਕੋਈ ਸਮਝ ਸਕਦਾ ਹੈ ਕਿ ਆਰਜੀ ਇਲਹਾਕ ਰਾਹੀਂ ਧੋਖੇਬਾਜ਼ੀ ਦਾ ਸ਼ਿਕਾਰ ਬਣਾਈ ਗਈ ਕਸ਼ਮੀਰੀ ਕੌਮੀਅਤ ਨੂੰ ‘ਅਖੰਡ ਭਾਰਤ’ ਦਾ ਅਨਿੱਖੜ ਅੰਗ ਬਣਨਾ ਕਿਉਂ ਮਨਜ਼ੂਰ ਨਹੀਂ ਹੈ। ਜਬਰੀ ਇਲਹਾਕ ਤੇ ਜਬਰੀ ਏਕਤਾ ਵਿਰੁੱਧ ਦਲੀਲਾਂ ਦੇਣ ਵਾਲਾ ਨਹਿਰੂ ਫਿਰ ਖ਼ੁਦ ਹੀ ਆਪਣੇ ਰਾਇ-ਸ਼ੁਮਾਰੀ ਦੇ ਵਾਇਦੇ ਤੋਂ ਮੁਕਰ ਗਿਆ ਅਤੇ ਧਾਰਾ 370 ਦੇ “ਵਿਸ਼ੇਸ਼ ਦਰਜੇ” ਜ਼ਰੀਏ ਜੰਮੂ-ਕਸ਼ਮੀਰ ਨੂੰ ਹਮੇਸ਼ਾ ਲਈ ਹਿੰਦੁਸਤਾਨ ਦਾ ਹਿੱਸਾ ਮੰਨ ਲਿਆ ਗਿਆ। ਬਾਦ ਵਿਚ ਇਹ “ਵਿਸ਼ੇਸ਼ ਦਰਜਾ” ਵੀ ਕਾਗਜ਼ਾਂ ਦਾ ਸ਼ਿੰਗਾਰ ਬਣਕੇ ਰਹਿ ਗਿਆ। ਵਿਹਾਰਕ ਤੌਰ ’ਤੇ ਜੰਮੂ-ਕਸ਼ਮੀਰ ਦੀ ਹੈਸੀਅਤ ਸਾਡੇ ਮੁਲਕ ਦੇ ਅੰਦਰ ਅੰਦਰੂਨੀ ਬਸਤੀਵਾਦ ਹੇਠ ਦਰੜੀ ਜਾ ਰਹੀ ਇਕ ਬਸਤੀ ਤੋਂ ਬਿਨਾ ਕੁਛ ਨਹੀਂ ਜਿਥੇ ਲੋਕ-ਇੱਛਾ ਨੂੰ ਦਬਾਉਣ ਲਈ ਫ਼ੌਜੀ ਤਾਕਤ ਦੀ ਵਸੀਹ ਤਾਇਨਾਤੀ ਹਿੰਦੁਸਤਾਨੀ ਪਸਾਰਵਾਦੀ ਲਾਲਸਾ ਦੀ ਇਕ ਲਾਜ਼ਮੀ ਲੋੜ ਬਣੀ ਹੋਈ ਹੈ।

ਕੇਂਦਰ ਵਿਚ ਆਰ.ਐੱਸ.ਐੱਸ. ਪ੍ਰਚਾਰਕਾਂ ਦੀ ਸਰਕਾਰ ਬਣਨ ਤੋਂ ਬਾਦ ਹਾਲਤ ਹੋਰ ਵੀ ਬਦਤਰ ਹੋ ਗਈ ਹੈ ਕਿਉਂਕਿ ਇਹ ਉਹ ਪਾਰਟੀ ਹੈ ਜੋ ਧਾਰਾ 370 ਨੂੰ ਖ਼ਤਮ ਕੀਤੇ ਜਾਣ ਦੀ ਪੁਰਜ਼ੋਰ ਮੰਗ ਕਰਦੀ ਆ ਰਹੀ ਹੈ। ਜੰਮੂ-ਕਸ਼ਮੀਰ ਦੀਆਂ ਚੋਣਾਂ ਅੰਦਰ ਸਿਆਸੀ ਗਿਣਤੀਆਂ-ਮਿਣਤੀਆਂ ’ਚੋਂ ਇਸ ਵਲੋਂ ਇਹ ਮੰਗ ਵਕਤੀ ਤੌਰ ’ਤੇ ਠੰਡੇ ਬਸਤੇ ਵਿਚ ਪਾਉਣ ਦਾ ਇਹ ਭਾਵ ਨਹੀਂ ਕਿ ਇਸਨੇ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਨ ਦੀ ਮੰਗ ਛੱਡ ਦਿੱਤੀ ਹੈ। ਆਰ.ਐੱਸ.ਐੱਸ. ਵਲੋਂ ਬਹੁਤ ਹੀ ਸੂਖ਼ਮ ਤਰੀਕੇ ਨਾਲ ਜੰਮੂ-ਕਸ਼ਮੀਰ ਵਿਚ ਫਿਰਕੂ ਪਾਲਾਬੰਦੀ ਕੀਤੀ ਜਾ ਰਹੀ ਹੈ। ਇਹ ਹਿੰਦੂ ਰਾਸ਼ਟਰਵਾਦੀ ਜਗਮੋਹਣ ਸੀ ਜਿਸਨੇ ਜੰਮੂ-ਕਸ਼ਮੀਰ ਦੇ ਤੱਤਕਾਲੀ ਗਵਰਨਰ ਦੀ ਹੈਸੀਅਤ ਵਿਚ ਕਸ਼ਮੀਰੀ ਪੰਡਤਾਂ ਦੀ ਹਿਜ਼ਰਤ ਨੂੰ ਗਿਣੀ-ਮਿਥੀ ਯੋਜਨਾ ਤਹਿਤ ਉਤਸ਼ਾਹਤ ਕਰਕੇ ਕਸ਼ਮੀਰੀ ਕੌਮੀਅਤ ਵਿਚ ਫਿਰਕੂ ਪਾਟਕ ਦੀ ਨੀਂਹ ਰੱਖੀ ਸੀ ਅਤੇ ਕਸ਼ਮੀਰੀਅਤ ਦੀ ਗ਼ੈਰਫਿਰਕੂ ਪਰੰਪਰਾ ਨੂੰ ਨੁਕਸਾਨ ਪਹੁੰਚਾਇਆ ਸੀ। ਕਸ਼ਮੀਰੀ ਪੰਡਤਾਂ ਦੇ ਮੁੜ-ਵਸੇਬੇ ਲਈ ਵਿਸ਼ੇਸ਼ ਕਲੋਨੀਆਂ ਅਤੇ ਰਿਟਾਇਰਡ ਫ਼ੌਜੀਆਂ ਲਈ ‘ਸੈਨਿਕ ਕਲੋਨੀਆਂ’ ਬਣਾਉਣ ਦੀਆਂ ਯੋਜਨਾਵਾਂ ਉੱਪਰ ਜ਼ੋਰ ਦੇਕੇ ਭਾਜਪਾ ਕਸ਼ਮੀਰ ਦੀ ਵਸੋਂ-ਬਣਤਰ ਨੂੰ ਬਦਲਣ ਦੀ ਆਪਣੀ ਦੂਰਗਾਮੀ ਯੁੱਧਨੀਤੀ ਨੂੰ ਅੰਜਾਮ ਦੇਣਾ ਚਾਹੁੰਦੀ ਹੈ। ਭਾਵੇਂ ਅੱਜ ਤਕ ਕਸ਼ਮੀਰੀ ਲੋਕ ਸਿਰਫ਼ ਆਪਣੀ ਸਰਜ਼ਮੀਨ ਉੱਪਰ ਹੀ ਹਿੰਦੁਸਤਾਨੀ ਸੱਤਾ ਨਾਲ ਟੱਕਰ ਲੈ ਰਹੇ ਹਨ ਅਤੇ ਉਨ੍ਹਾਂ ਵਲੋਂ ਕਦੇ ਵੀ ਹਿੰਦੁਸਤਾਨ ਦੇ ਕਿਸੇ ਹਿੱਸੇ ਵਿਚ ਕੋਈ ਹਿੰਸਕ ਵਾਰਦਾਤ ਨਹੀਂ ਕੀਤੀ ਗਈ, ਫਿਰ ਵੀ ਇਸ ਮਸਲੇ ਨੂੰ ਵਧਾ-ਚੜ੍ਹਾਕੇ ਫਿਰਕੂ ਰੰਗ ਵਿਚ ਪੇਸ਼ ਕੀਤੇ ਜਾਣ ਦਾ ਹੀ ਨਤੀਜਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਅੰਦਰ ਕਸ਼ਮੀਰੀਆਂ ਦਾ ਅਕਸ ਖ਼ੂੰਖਾਰ ਮੁਸਲਿਮ ਦਹਿਸ਼ਤਗਰਦ ਦਾ ਬਣਾ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਸਵੈਨਿਰਣੇ ਲਈ ਸੰਘਰਸ਼ ਨੂੰ ਮੁਸਲਿਮ ਦਹਿਸ਼ਤਗਰਦੀ ਵਜੋਂ ਦੇਖਿਆ ਜਾ ਰਿਹਾ ਹੈ।

‘ਇਲਹਾਕ’ ਦੇ ਸਮੇਂ ਤੋਂ ਹੀ ਕਿਸੇ ਨਾ ਕਿਸੇ ਰੂਪ ਵਿਚ ਕਸ਼ਮੀਰ ਉੱਪਰ ‘ਕਬਜ਼ੇ’ ਖ਼ਿਲਾਫ਼ ਵਿਰੋਧ ਦੀ ਛੱਲ ਉੱਠਦੀ ਰਹਿੰਦੀ ਹੈ। ਦਿੱਲੀ ਦਾ ਪ੍ਰਤੀਕਰਮ ਹਮੇਸ਼ਾ ਗੜਬੜ ਨੂੰ ਦਬਾਉਣ ਲਈ ਹੋਰ ਫ਼ੌਜ ਭੇਜਣਾ ਰਿਹਾ ਹੈ। ਹੁਣ ਵੀ ਜ਼ਖ਼ਮੀਆਂ ਦੇ ਇਲਾਜ ਲਈ ਡਾਕਟਰ ਭੇਜਣ ਦੀ ਬਜਾਏ ਸੀ.ਆਰ.ਪੀ.ਐੱਫ. ਦੀ ਹੋਰ ਕੁਮਕ ਭੇਜੀ ਗਈ। ਅਣਮਿੱਥੇ ਸਮੇਂ ਲਈ ਕਰਫਿਊ ਥੋਪ ਦਿੱਤਾ ਗਿਆ, ਪ੍ਰੈੱਸ ਤੇ ਇੰਟਰਨੈੱਟ ਸੇਵਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਕਸ਼ਮੀਰ ਦੀ ਅਸਲ ਹਾਲਤ ਦੀ ਜਾਣਕਾਰੀ ਬਾਹਰ ਆਉਣ ਤੋਂ ਰੋਕਣ ਦੀ ਪੂਰੀ ਵਾਹ ਲਾਈ ਗਈ। ਇਸ ਵਕਤ ਜੰਮੂ-ਕਸ਼ਮੀਰ ਦੁਨੀਆ ਦੇ ਸਭ ਤੋਂ ਵੱਧ ਫ਼ੌਜੀ ਤਾਇਨਾਤੀ ਵਾਲੇ ਰਾਜਾਂ ਵਿੱਚੋਂ ਇਕ ਹੈ। ਇਹ ਬੇਹੂਦਾ ਦਲੀਲ ਇਕ ਔਸਤ ਸੂਝ ਵਾਲੇ ਬੰਦੇ ਨੂੰ ਵੀ ਕਾਇਲ ਨਹੀਂ ਕਰ ਸਕਦੀ ਕਿ ਛੇ ਲੱਖ ਫ਼ੌਜ ਉਥੇ ਮੁੱਠੀ ਭਰ ‘ਦਹਿਸ਼ਤਗਰਦਾਂ’ ਨਾਲ ਨਜਿੱਠਣ ਲਈ ਲਗਾਈ ਹੋਈ ਹੈ ਜਿਨ੍ਹਾਂ ਦੀ ਤਾਦਾਦ ਸਰਕਾਰੀ ਤੌਰ ’ਤੇ 150 ਦੇ ਕਰੀਬ ਦੱਸੀ ਜਾ ਰਹੀ ਹੈ। ਦਰਅਸਲ ਇਹ ਕਸ਼ਮੀਰੀਆਂ ਦੇ ਵਿਰੋਧ ਨੂੰ ਦਬਾਉਣ ਅਤੇ ਉਨ੍ਹਾਂ ਦੀ ਸਵੈਨਿਰਣੇ ਦੀ ਮੰਗ ਤੇ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਹੈ। ਜੋ ਬੁਨਿਆਦੀ ਤੌਰ ’ਤੇ ਸਿਆਸੀ ਮੁੱਦਾ ਹੈ ਅਤੇ ਇਹ ਕਸ਼ਮੀਰ ਦੇ ਲੋਕਾਂ ਦੀਆਂ ਇਛਾਵਾਂ, ਉਨ੍ਹਾਂ ਦੇ ਸਵੈਮਾਣ ਅਤੇ ਮਨੁੱਖੀ ਮਾਣ-ਸਨਮਾਨ ਦਾ ਸਵਾਲ ਹੈ।

ਦਰਅਸਲ ਪਾਰਲੀਮੈਂਟਰੀ ਖੱਬੀ ਧਿਰ ਸਮੇਤ ਹਿੰਦੁਸਤਾਨ ਦੀ ਮੁੱਖ ਧਾਰਾ ਸਿਆਸਤ ਦੀ ਬੇਈਮਾਨੀ ਹੀ ਇਹ ਹੈ ਕਿ ਇਹ ਕਸ਼ਮੀਰੀਆਂ ਨੂੰ ਉਨ੍ਹਾਂ ਦਾ ਸਵੈ-ਨਿਰਣੇ ਦਾ ਜਾਇਜ਼ ਹੱਕ ਦੇਣ ਦੇ ਸਵਾਲ ਤੋਂ ਟਾਲਾ ਵੱਟਦੇ ਹਨ। ਉਹ ਅਵਾਮ ਦੀ ਰਜ਼ਾ ਦੇ ਅਧਾਰ ’ਤੇ ਇਸ ਬੁਨਿਆਦੀ ਸਵਾਲ ਦਾ ਜਮਹੂਰੀ ਨਿਬੇੜਾ ਕਰਨਾ ਹੀ ਨਹੀਂ ਚਾਹੁੰਦੇ। ਇਹ ਸਾਰੀਆਂ ਪਾਰਟੀਆਂ ਕਸ਼ਮੀਰ ਨੂੰ ‘ਅਖੰਡ’ ਹਿੰਦੁਸਤਾਨ ਦਾ ਅਨਿੱਖੜ ਅੰਗ ਮੰਨਕੇ ਕਸ਼ਮੀਰੀਆਂ ਨੂੰ ਹਿੰਦੁਸਤਾਨੀ ਸੱਤਾ ਅੱਗੇ ਗੋਡੇ ਟੇਕ ਦੇਣ ਅਤੇ ਗੁਆਂਢੀ ਪਾਕਿਸਤਾਨ ਨੂੰ ਆਪਣਾ ਦੁਸ਼ਮਣ ਮੰਨ ਲੈਣ ਦੀਆਂ ਨਸੀਹਤਾਂ ਦੇਣਾ ਆਪਣਾ ‘ਰਾਜ-ਧਰਮ’ ਸਮਝਦੀਆਂ ਹਨ। ਸਵੈ-ਨਿਰਣਾ ਤਾਂ ਬਹੁਤ ਦੂਰ ਦੀ ਗੱਲ ਹੈ ਇਹ ਤਾਂ ਫ਼ੌਜ ਦੇ ਜ਼ੁਲਮਾਂ ਦੀ ਨਿਰਪੱਖ ਜਾਂਚ ਕਰਵਾਕੇ ਕਸ਼ਮੀਰੀਆਂ ਨੂੰ ਮਾਮੂਲੀ ਇਨਸਾਫ਼ ਦੇਣ ਅਤੇ ਅਫਸਪਾ ਦੀ ਸ਼ਕਲ ’ਚ ਜੰਮੂ ਤੇ ਕਸ਼ਮੀਰ ਉਪਰ ਥੋਪੀਆਂ ਫ਼ੌਜ ਦੀਆਂ ਮਨਮਾਨੀਆਂ ਨੂੰ ਰੋਕਣ ਦੀਆਂ ਮੁੱਢਲੀਆਂ ਮੰਗਾਂ ਬਾਰੇ ਗ਼ੌਰ ਕਰਨ ਲਈ ਵੀ ਤਿਆਰ ਨਹੀਂ। ਅਜਿਹੀ ਹਾਲਤ ’ਚ ਚੋਣ ਨਤੀਜਿਆਂ ਨੂੰ ਅਵਾਮ ਦੀ ਰਜ਼ਾ ਕਿਵੇਂ ਮੰਨਿਆ ਜਾ ਸਕਦਾ ਹੈ ਅਤੇ ਅਖਾਉਤੀ ‘ਵਿਕਾਸ’ ਦਾ ਛੁਣਛੁਣਾ ਉਨ੍ਹਾਂ ਦੀਆਂ ਜਮਹੂਰੀ ਰੀਝਾਂ ਦਾ ਬਦਲ ਕਿਵੇਂ ਹੋ ਸਕਦਾ ਹੈ? ਇਹ ਲਾਜ਼ਮੀ ਚੇਤੇ ਰੱਖਣਾ ਹੋਵੇਗਾ ਕਿ ਚੋਣਾਂ ਵਿਚ ਪੋਲਿੰਗ ਦੀ ਫ਼ੀਸਦੀ ਅਤੇ ਚੋਣ ਨਤੀਜੇ ਕੁਝ ਵੀ ਹੋਣ ਇਹ ਹਿੰਦੁਸਤਾਨ ਨਾਲ ਕਸ਼ਮੀਰ ਦੇ ਇਲਹਾਕ ਦੇ ਹੱਕ ’ਚ ਅਵਾਮੀ ਫਤਵਾ ਨਾ ਹੋ ਕੇ ਹਿੰਦੁਸਤਾਨੀ ਫ਼ੌਜ ਵਲੋਂ ਕੁਚਲੀ ਜਾ ਰਹੀ ਕਸ਼ਮੀਰੀ ਕੌਮੀਅਤ ਦੀ ਮਜਬੂਰੀ ਹੈ ਜੋ ਉਥੇ ਵੋਟਾਂ ਦੇ ਡੱਬਿਆਂ ਦਾ ਅੰਕੜਾ ਬਣਦੀ ਹੈ।

ਯਾਦ ਰਹੇ ਕਿ ਫ਼ੌਜੀ ਜਬਰ ਅਤੇ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਵੱਡਾ ਮੁੱਦਾ ਹੋਕੇ ਵੀ ਕਸ਼ਮੀਰ ਮਸਲੇ ਵਿਚ ਮੁੱਖ ਮੁੱਦਾ ਨਹੀਂ ਹਨ। ਬੇਸ਼ੱਕ ਸਿਆਸੀ ਅਮਲ ਸ਼ੁਰੂ ਕਰਨ ਦੀ ਮੁੱਢਲੀ ਸ਼ਰਤ ਵਜੋਂ ਅਫਸਪਾ ਅਤੇ ਪਬਲਿਕ ਸੇਫਟੀ ਐਕਟ ਵਰਗੇ ਜ਼ਾਲਮ ਕਾਨੂੰਨ ਵਾਪਸ ਕਰਾਉਣਾ, ਕਸ਼ਮੀਰ ਵਿੱਚੋਂ ਫ਼ੌਜ ਅਤੇ ਹੋਰ ਹਥਿਆਰਬੰਦ ਤਾਕਤਾਂ ਨੂੰ ਵਾਪਸ ਬੁਲਾਉਣਾ ਅਤੇ ਜ਼ੁਲਮ ਕਰਨ ਵਾਲੇ ਅਫ਼ਸਰਾਂ ਦੇ ਖ਼ਿਲਾਫ਼ ਕਾਰਵਾਈ ਪਹਿਲੀ ਲੋੜ ਹੈ। ਪਰ ਮੁੱਖ ਮੁੱਦਾ ਕਸ਼ਮੀਰੀ ਲੋਕਾਂ ਨੂੰ ਆਪਣੀ ਹੋਣੀ ਦਾ ਫ਼ੈਸਲਾ ਕਰਨ ਦਾ ਸਵੈਨਿਰਣੇ ਦਾ ਹੱਕ ਦੇਣ ਦਾ ਹੈ।

ਜਦੋਂ ਆਰਜੀ ‘ਇਲਹਾਕ’ ਦੇ ਨਾਂ ਹੇਠ ਵਿਸ਼ਵਾਸਘਾਤ ਇਕ ਅਕੱਟ ਇਤਿਹਾਸਕ ਸਚਾਈ ਹੈ ਅਤੇ ਕਸ਼ਮੀਰੀਆਂ ਦੇ ਮਨ ‘ਜਿੱਤਣ’ ਲਈ ਫ਼ੌਜ ਦੀ ਬੇਤਹਾਸ਼ਾ ਦਰਿੰਦਗੀ ਹੀ ਇਕੋਇਕ ਹੱਲ ਹੈ ਜੋ ‘ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ’ ਇਸ ਮਸਲੇ ਬਾਰੇ ਅਮਲ ਵਿਚ ਰਹੀ ਹੈ ਤਾਂ ਸੁਭਾਵਿਕ ਤੌਰ ’ਤੇ ਉਸ ਸਰਜ਼ਮੀਨ ਦਾ ਪ੍ਰਤੀਕਰਮ ਵੀ ਹਿੰਦੁਸਤਾਨ ਤੋਂ ਆਜ਼ਾਦੀ ਦੀ ਵਾਰ-ਵਾਰ ਗੂੰਜ ਹੀ ਬਣਿਆ ਰਹੇਗਾ। ਦੁਨੀਆ ਦਾ ਇਤਿਹਾਸ ਗਵਾਹ ਹੈ ਕਿ ਫ਼ੌਜੀ ਤਾਕਤ ਅਤੇ ਹਥਿਆਰਾਂ ਦੇ ਜ਼ੋਰ ਕਦੇ ਵੀ ਲੋਕਾਂ ਦੇ ਦਿਲ ਨਹੀਂ ਜਿੱਤੇ ਜਾ ਸਕਦੇ। ਕਸ਼ਮੀਰ ਦਾ ਮਸਲਾ ਸਿਆਸੀ ਹੈ ਅਤੇ ਇਸ ਦਾ ਹੱਲ ਵੀ ਸਿਆਸੀ ਅਮਲ ਜ਼ਰੀਏ ਹੋਵੇਗਾ। ਪਸਾਰਵਾਦੀ ਲਾਲਸਾਵਾਂ ਅਤੇ ਫ਼ੌਜੀ ਤਾਕਤ ਦੇ ਹੰਕਾਰ ਵਿਚ ਗ੍ਰਸੀ ਹਿੰਦੁਸਤਾਨੀ ਹੁਕਮਰਾਨ ਜਮਾਤ ਦੇ ਸੌੜੇ ਹਿੱਤ ਇਸ ਹਕੀਕਤ ਨੂੰ ਤਸਲੀਮ ਨਾ ਕਰਨ ਵਿਚ ਹਨ, ਪਰ ਹਿੰਦੁਸਤਾਨ ਦੇ ਅਵਾਮ ਨੂੰ ਰਾਸ਼ਟਰਵਾਦ ਦੇ ਨਾਂ ਹੇਠ ਕਸ਼ਮੀਰੀਆਂ ਦੇ ਸਵੈਨਿਰਣੇ ਦੇ ਹੱਕ ਨੂੰ ਫ਼ੌਜ ਨਾਲ ਕੁਚਲਣ ਅਤੇ ਉਨ੍ਹਾਂ ਦੀ ਹੋਰ ਕਤਲੋਗ਼ਾਰਤ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਅਤੇ ਇਸਦਾ ਵਿਰੋਧ ਕਰਨ ਲਈ ਧੜੱਲੇ ਨਾਲ ਅੱਗੇ ਆਉਣਾ ਚਾਹੀਦਾ ਹੈ।

94634-74342

# ਆਜ਼ਾਦੀ

## ਕਸ਼ਮੀਰੀਆਂ ਲਈ ਆਜ਼ਾਦੀ ਦੇ ਕੀ ਮਾਇਨੇ ਹਨ ? ਇਨ੍ਹਾਂ ਬਾਰੇ ਚਰਚਾ ਕਿਉਂ ਨਹੀਂ ਹੋ ਸਕਦੀ ?

**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ**



ਕਸ਼ਮੀਰ ਦੇ ਅਵਾਮ ਨੇ ਇਕ ਵਾਰ ਫਿਰ ਸਪਸ਼ਟ ਕਰ ਦਿੱਤਾ ਜਿਵੇਂ ਕਿ ਉਹ ਸਾਲ-ਦਰ-ਸਾਲ, ਦਹਾਕਾ-ਦਰ-ਦਹਾਕਾ, ਕਬਰ-ਦਰ-ਕਬਰ ਸਪਸ਼ਟ ਕਰਦੇ ਆਏ ਹਨ ਕਿ ਉਹ ਜੋ ਚਾਹੁੰਦੇ ਹਨ ਉਹ ਹੈ ਆਜ਼ਾਦੀ। ਦਰਅਸਲ “ਅਵਾਮ” ਤੋਂ ਮੁਰਾਦ ਉਨ੍ਹਾਂ ਲੋਕਾਂ ਤੋਂ ਨਹੀਂ ਜਿਨ੍ਹਾਂ ਨੇ ਫ਼ੌਜ ਦੀਆਂ ਬੰਦੂਕਾਂ ਦੇ ਸਾਏ ਹੇਠ ਚੋਣਾਂ ਵਿਚ ਜਿੱਤ ਦਰਜ ਕੀਤੀ। ਇਸਤੋਂ ਮੁਰਾਦ ਉਨ੍ਹਾਂ ਆਗੂਆਂ ਤੋਂ ਵੀ ਨਹੀਂ ਜੋ ਆਪਣੇ ਘਰਾਂ ਵਿਚ ਲੁਕ ਜਾਂਦੇ ਹਨ ਅਤੇ ਅੱਜ ਵਰਗੇ ਜੋਖ਼ਮ ਵਾਲੇ ਸਮਿਆਂ ਵਿਚ ਘਰੋਂ ਬਾਹਰ ਨਹੀਂ ਨਿਕਲਦੇ।

ਜਦੋਂ ਅਸੀਂ ਸੁਰੱਖਿਆ ਤਾਕਤਾਂ ਵਲੋਂ ਨਿਹੱਥੇ ਪ੍ਰਦਰਸ਼ਕਾਰੀਆਂ ਉੱਪਰ ਬੰਦੂਕਾਂ ਸੇਧਣ, ਪੁਲਿਸ ਵਾਲਿਆਂ ਵਲੋਂ ਐਂਬੂਲੈਂਸਾਂ ਅਤੇ ਹਸਪਤਾਲਾਂ ਉੱਪਰ ਹਮਲੇ ਕਰਨ ਅਤੇ ਪੈਲੇਟ ਗੰਨਾਂ ਨਾਲ ਬੱਚਿਆਂ ਨੂੰ ਅੰਨ੍ਹੇ ਕਰਨ ਦੀ ਨਿਖੇਧੀ ਕਰਦੇ ਹਾਂ (ਅਤੇ ਸਾਨੂੰ ਕਰਨੀ ਵੀ ਚਾਹੀਦੀ ਹੈ) ਤਾਂ ਸਾਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਸਲੀ ਬਹਿਸ ਮਹਿਜ਼ ਕਸ਼ਮੀਰ ਘਾਟੀ ਵਿਚ ਹਿੰਦੁਸਤਾਨੀ ਸੁਰੱਖਿਆ ਤਾਕਤਾਂ ਵਲੋਂ ਮਨੁੱਖੀ ਹੱਕਾਂ ਦੇ ਉਲੰਘਣ ਤਕ ਮਹਿਦੂਦ ਨਹੀਂ ਹੋ ਸਕਦੀ। ਚਾਹੇ ਸੁਣਨ ਵਿਚ ਇਹ ਬਹੁਤ ਭਿਆਨਕ ਲੱਗੇ ਲੇਕਿਨ ਇਹ ਹਿੰਸਾ ਤਾਂ ਆਜ਼ਾਦੀ ਦੇ ਸੰਘਰਸ਼ ਦੇ ਫ਼ੌਜੀ ਦਮਨ ਦਾ ਨਤੀਜਾ ਹੈ। ਇਕ ਲਾਜ਼ਮੀ ਅਤੇ ਅਟੱਲ ਨਤੀਜਾ। ਕਸ਼ਮੀਰੀ ਕਾਨੂੰਨ ਦਾ ਰਾਜ ਸਥਾਪਤ ਕਰਨ ਜਾਂ ਮਨੁੱਖੀ ਹੱਕਾਂ ਦੇ ਉਲੰਘਣ ਨੂੰ ਖ਼ਤਮ ਕਰਨ ਲਈ ਨਹੀਂ ਲੜ ਰਹੇ। ਉਹ ਆਜ਼ਾਦੀ ਲਈ ਲੜ ਰਹੇ ਹਨ। ਅਤੇ ਇਸਦੇ ਲਈ ਲਈ ਉਹ ਗੋਲੀ ਦਾ ਮੁਕਾਬਲਾ ਪੱਥਰਾਂ ਨਾਲ ਕਰਨ ਲਈ ਤਿਆਰ ਹਨ। ਇਸਦੇ ਲਈ ਉਹ ਆਜ਼ਾਦੀ ਲਈ ਜਾਨਾਂ ਵਾਰਨ ਲਈ ਤਿਆਰ ਹਨ। ਇਸਦੇ ਲਈ ਉਹ ਨਾਫ਼ਰਮਾਨੀ ਦਾ ਖੁੱਲ੍ਹਾ ਮੁਜ਼ਾਹਰਾ ਕਰਨ ਲਈ ਤਿਆਰ ਹਨ ਜੋ ਦੁਨੀਆ ਦੇ ਇਸ ਸਭ ਤੋਂ ਸੰਘਣੇ ਫ਼ੌਜੀ ਖੇਤਰ ਵਿਚ ਉਨ੍ਹਾਂ ਦੀ ਮੌਤ ਜਾਂ ਜੇਲ੍ਹਾਂ ਵਿਚ ਡੱਕੇ ਜਾਣ ਦਾ ਕਾਰਨ ਬਣ ਸਕਦਾ ਹੈ। ਇਸਦੇ ਲਈ ਉਹ ਹਥਿਆਰ ਚੁੱਕਣ ਅਤੇ ਇਹ ਭਲੀਭਾਂਤ ਜਾਣਦੇ ਹੋਏ ਵੀ ਮੌਤ ਤਕ ਸੰਘਰਸ਼ ਕਰਨ ਲਈ ਤਿਆਰ ਹਨ ਕਿ ਉਹ ਭਰ ਜਵਾਨ ਉਮਰ ’ਚ ਮਾਰੇ ਜਾਣਗੇ। ਤ੍ਰਾਸਦਿਕ ਬਾਕਾਇਦਗੀ ਨਾਲ ਉਹ ਇਹ ਸਾਬਤ ਵੀ ਕਰ ਚੁੱਕੇ ਹਨ। ਜੇ ਉਹ ਇਸਨੂੰ ਜਾਰੀ ਨਹੀਂ ਰੱਖਣਗੇ ਤਾਂ ਕੁਝ ਵੀ ਨਹੀਂ ਹੋਣਗੇ।

ਐਸਾ ਢੌਂਗ ਕਰਨ ਦਾ ਕੋਈ ਫ਼ਾਇਦਾ ਨਹੀਂ ਜਿਵੇਂ ਹਿੰਦੁਸਤਾਨ ਸਰਕਾਰ ਕਰ ਰਹੀ ਹੈ ਕਿ ਇਹ ਅਮਨ-ਕਾਨੂੰਨ ਦਾ ਮਾਮੂਲੀ ਮਾਮਲਾ ਹੈ ਜਿਸ ਨੂੰ ਕੁਝ ਚੰਚਲ ਸੁਭਾਅ ਦੇ ਅਤੇ ਡੋਲਣ ਵਾਲੇ ਲੋਕ ਸਮੇਂ-ਸਮੇਂ ’ਤੇ ਵਿਗਾੜਦੇ ਰਹਿੰਦੇ ਹਨ। ਜੋ ਕੁਝ ਹੋ ਰਿਹਾ ਹੈ ਉਹ ਇਕ ਐਸੇ ਖੇਤਰ ਵਿਚ ਬਹੁਤ ਭਿਆਨਕ ਅਤੇ ਬੇਕਾਬੂ ਹੁੰਦੇ ਜਾ ਰਹੇ ਹਾਲਾਤ ਦਾ ਪੇਚੀਦਾ ਸੰਕਟ ਹੈ ਜੋ ਦੋ ਪ੍ਰਮਾਣੂ ਤਾਕਤ-ਸੰਪਨ ਵਿਰੋਧੀਆਂ ਦੇ ਦਰਮਿਆਨ ਪਿਸ ਰਿਹਾ ਹੈ। ਅਤੇ ਮਹਿਜ਼ ਇਸੇ ਇਕ ਵਜ੍ਹਾ ਨਾਲ ਕੁਲ ਆਲਮ ਨੂੰ ਇਸਦੀ ਚਿੰਤਾ ਕਰਨੀ ਚਾਹੀਦੀ ਹੈ।

ਜੇ ਅਸੀਂ ਸੱਚੀਓਂ ਹੀ ਇਸ ਸੰਕਟ ਤੋਂ ਨਿਜ਼ਾਤ ਪਾਉਣਾ ਚਾਹੁੰਦੇ ਹਾਂ, ਜੇ ਅਸੀਂ ਸੱਚੀਓਂ ਹੀ ਹਤਿਆਵਾਂ ਅਤੇ ਮੌਤਾਂ ਦੇ ਇਸ ਅੰਤਹੀਣ ਗੇੜ ਨੂੰ ਰੋਕਣਾ ਚਾਹੁੰਦੇ ਹਾਂ, ਜੇ ਅਸੀਂ ਸੱਚੀਓਂ ਹੀ ਖ਼ੂਨ-ਖ਼ਰਾਬੇ ਨੂੰ ਰੋਕਣਾ ਚਾਹੁੰਦੇ ਹਾਂ ਤਾਂ ਪਹਿਲਾ ਕਦਮ ਹੋਵੇਗਾ ਕਿ ਈਮਾਨਦਾਰੀ ਨਾਲ ਥੋੜ੍ਹੀ ਰਿਆਇਤ ਦਿੱਤੀ ਜਾਵੇ। ਸਾਨੂੰ ਦਿਆਨਤਦਾਰੀ ਨਾਲ ਸੰਵਾਦ ਚਲਾਉਣਾ ਹੋਵੇਗਾ। ਚਾਹੇ ਫਿਰ ਕਿੰਨੇ ਵੀ ਵੱਖਰੇ ਖ਼ਿਆਲ ਹੋਣ, ਚਾਹੇ ਇਕ ਦੂਜੇ ਤੋਂ ਕਿੰਨੇ ਵੀ ਵਿਰੋਧੀ ਖ਼ਿਆਲ ਹੋਣ। ਇਸ ਗੱਲਬਾਤ ਦਾ ਮੁੱਦਾ ਆਜ਼ਾਦੀ ਹੋਣਾ ਚਾਹੀਦਾ ਹੈ। ਕਸ਼ਮੀਰੀ ਦੇ ਲਈ ਆਜ਼ਾਦੀ ਦੇ ਸਹੀ-ਸਹੀ ਮਾਇਨੇ ਕੀ ਹਨ? ਇਸ ਉੱਪਰ ਚਰਚਾ ਕਿਉਂ ਨਹੀਂ ਹੋ ਸਕਦੀ? ਨਕਸ਼ੇ ਕਦੋਂ ਤੋਂ ਪਵਿੱਤਰ ਹੋ ਗਏ? ਕੀ ਅਵਾਮ ਦੇ ਸਵੈਨਿਰਣੇ ਦੇ ਹੱਕ ਨੂੰ ਕਿਸੇ ਵੀ ਕੀਮਤ ’ਤੇ ਖਾਰਜ ਕੀਤਾ ਜਾ ਸਕਦਾ ਹੈ? ਕੀ ਹਿੰਦੁਸਤਾਨ ਦਾ ਅਵਾਮ ਆਪਣੀ ਜ਼ਮੀਰ ਦੀ ਆਵਾਜ਼ ਉੱਪਰ ਹਜ਼ਾਰਾਂ ਆਮ ਲੋਕਾਂ ਦਾ ਖ਼ੂਨ ਵਹਾਉਣ ਲਈ ਤਿਆਰ ਹੈ? ਕਿਸ ਇਖ਼ਲਾਕੀ ਹੱਕ ਨਾਲ ਅਸੀਂ ਆਪਣੇ ਸਾਹਮਣੇ ਵਾਪਰ ਰਹੀਆਂ ਭਿਆਨਕ ਘਟਨਾਵਾਂ ਉੱਪਰ ਗੱਲ ਕਰ ਸਕਦੇ ਹਾਂ ਜੇ ਅਸੀਂ ਇਸ ਭਿਆਨਕਤਾ ਨੂੰ ਨਿਗਲ ਜਾਣ ਲਈ ਤਿਆਰ ਹਾਂ? ਕੀ ਕਸ਼ਮੀਰ ਬਾਬਤ ਹਿੰਦੁਸਤਾਨ ਦੀ ਇਹ ਕਾਲਪਨਿਕ “ਆਮ ਸਹਿਮਤੀ” ਅਸਲੀ ਹੈ ਜਾਂ ਇਸ ਨੂੰ ਘੜਿਆ ਗਿਆ ਹੈ? ਕੀ ਇਸ ਨਾਲ ਕੋਈ ਫ਼ਰਕ ਪੈਂਦਾ ਹੈ? ਸਚਾਈ ਤਾਂ ਇਹ ਹੈ ਕਿ ਕੋਈ ਫ਼ਰਕ ਨਹੀਂ ਪੈਣਾ ਚਾਹੀਦਾ। ਫ਼ਰਕ ਇਸ ਨਾਲ ਪੈਂਦਾ ਹੈ ਕਿ ਕਸ਼ਮੀਰੀ ਕੀ ਚਾਹੁੰਦੇ ਹਨ, ਅਤੇ ਕਿਵੇਂ ਸਭ ਤੋਂ ਅਮਨਪੂਰਨ, ਜਮਹੂਰੀ ਅਤੇ ਜਾਣੇ-ਪਛਾਣੇ ਤਰੀਕਿਆਂ ਨਾਲ ਇਸ ਆਮ ਸਹਿਮਤੀ ’ਤੇ ਅੱਪੜਨਾ ਸੰਭਵ ਹੋਵੇਗਾ।

ਜੇ ਇਸ ਖ਼ੌਫ਼ਨਾਕ ਅਤੇ ਅੰਤਹੀਣ ਨਜ਼ਰ ਆ ਰਹੀ ਤ੍ਰਾਸਦੀ ਦਾ ਕੋਈ ਹੱਲ ਹੈ ਤਾਂ ਉਹ ਇਹੀ ਹੈ ਕਿ ਸਾਨੂੰ ਸਪਸ਼ਟਤਾ ਨਾਲ ਸੋਚਣ, ਬੇਬਾਕੀ ਨਾਲ ਬੋਲਣ ਅਤੇ ਉਨ੍ਹਾਂ ਗੱਲਾਂ ਨੂੰ ਬੇਖ਼ੌਫ਼ ਹੋਕੇ ਸੁਣਨ ਦੇ ਸਮਰੱਥ ਹੋਣਾ ਹੋਵੇਗਾ ਜਿਨ੍ਹਾਂ ਨੂੰ ਸ਼ਾਇਦ ਅਸੀਂ ਸੁਨਣਾ ਨਹੀਂ ਚਾਹੁੰਦੇ। ਸਾਨੂੰ ਇਕ ਨਵੀਂ ਕਲਪਨਾ ਦੀ ਤਲਾਸ਼ ਕਰਨੀ ਹੋਵੇਗੀ। ਇਹ ਝਗੜੇ ਨਾਲ ਜੁੜੀ ਹਰ ਧਿਰ ਉੱਪਰ ਲਾਗੂ ਹੁੰਦਾ ਹੈ।

ਇਸ ਨਾਲ ਅਸੀਂ ਕੁਝ ਖ਼ੂਬਸੂਰਤ ਹਾਸਲ ਕਰ ਸਕਦੇ ਹਾਂ। ਕਿਉਂ ਨਹੀਂ? ਆਖ਼ਿਰ ਕਦੋਂ ਤਕ ਨਹੀਂ?

# ਬਲਜਿੰਦਰ ਸੰਘਾ ਦੀਆਂ ਲੰਮੀਆਂ ਸਾਹਿਤਕ ਪੁਲਾਂਘਾਂ

**ਉਜਾਗਰ ਸਿੰਘ**

ਬਲਜਿੰਦਰ ਸੰਘਾ ਇੱਕ ਨੌਜਵਾਨ ਬਹੁ-ਪਰਤੀ ਅਤੇ ਸੰਵੇਦਨਸ਼ੀਲ ਸਾਹਿਤਕਾਰ ਹੈ। ਭਰ ਜਵਾਨੀ ਵਿਚ ਹੀ ਲੰਮੀਆਂ ਸਾਹਿਤਕ ਪੁਲਾਂਗਾਂ ਪੁੱਟ ਚੁੱਕਾ ਹੈ। ਉਸਨੂੰ ਸਾਹਿਤ ਦਾ ਰਸੀਆ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਸਾਹਿਤ ਨਾਲ ਉਸਨੂੰ ਜਨੂੰਨ ਤੱਕ ਪਿਆਰ ਹੈ। ਪਰਵਾਸ ਵਿਚ ਬੈਠਕੇ ਆਪਣੀ ਜਨਮ ਭੂਮੀ ਦਾ ਹੇਜ ਬਲਜਿੰਦਰ ਸੰਘਾ ਨੂੰ ਉਸਦੀ ਜਨਮ ਭੂਮੀ ਵਿਚ ਹੋ ਰਹੀਆਂ ਅਨੈਕਤਾਵਾਂ ਅਤੇ ਅਣਗਿਣਤ ਘਿਨਾਉਣੀਆਂ ਹਰਕਤਾਂ ਬਾਰੇ ਕੁਰੇਦਦਾ ਅਤੇ ਉਸਦੇ ਮਨ ਦੀ ਅਲੜ੍ਹ ਸਲੇਟ ਉਪਰ ਅਨੇਕਾਂ ਪ੍ਰਤੀਕ੍ਰਿਆਵਾਂ ਛੱਡਦਾ ਰਹਿੰਦਾ ਸੀ ਜਿਨ੍ਹਾਂ ਦੇ ਦਰਦ ਨੇ ਉਸਨੂੰ ਆਪਣੀਆਂ ਇਹ ਭਾਵਨਾਵਾਂ ਨੂੰ ਬਚਪਨ ਵਿਚ ਹੀ ਕਾਵਿਕ ਰੂਪ ਵਿਚ ਪਰਗਟ ਕਰਨ ਲਈ ਮਜ਼ਬੂਰ ਕਰ ਦਿੱਤਾ। ਸਾਹਿਤ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਇੱਕ ਕਿਸਮ ਨਾਲ ਪਰਗਟਾਵਾ ਹੀ ਹੁੰਦਾ ਹੈ। ਕਵਿਤਾ ਲਿਖਣਾ ਹੋਰ ਵੀ ਗੁੰਝਲਦਾਰ ਅਤੇ ਸੰਜੀਦਾ ਕੰਮ ਹੈ। ਕਵਿਤਾ ਲਿਖਣਾ ਹਰ ਵਿਅਕਤੀ ਦੇ ਵਸ ਦੀ ਗੱਲ ਨਹੀਂ ਹੁੰਦੀ। ਇਸ ਵਿਚ ਸੁਰ-ਤਾਲ-ਲੈਅ ਅਤੇ ਸਰੋਦ ਦਾ ਵੀ ਧਿਆਨ ਰੱਖਣਾ ਪੈਂਦਾ ਹੈ। ਇਸ ਦੇ ਨਾਲ ਹੀ ਵਿਚਾਰਧਾਰਾ ਵੀ ਉਸਾਰੂ ਹੋਣੀ ਚਾਹੀਦੀ ਹੈ। ਕਵਿਤਾ ਉਹ ਵਿਅਕਤੀ ਹੀ ਲਿਖ ਸਕਦਾ ਹੈ ਜਿਹੜਾ ਸੰਵੇਦਨਸ਼ੀਲ ਹੋਵੇ ਅਤੇ ਭਾਵਨਾਵਾਂ ਵਿਚ ਜਲਦੀ ਹੀ ਵਹਿ ਜਾਵੇ। ਕਵਿਤਾ ਦੀ ਰਵਾਨਗੀ ਦਰਿਆ ਦੇ ਪਾਣੀ ਦੇ ਵਹਿਣ ਦੀ ਤਰ੍ਹਾਂ ਬੇਰੋਕ ਬਲਜਿੰਦਰ ਸੰਘਾਂ ਦੇ ਕਾਵਿਕ ਮਨ ਤੇ ਵਹਿੰਦੀ ਰਹਿੰਦੀ ਹੈ। ਹੈਰਾਨੀ ਦੀ ਗੱਲ ਹੈ ਕਿ ਬਲਜਿੰਦਰ ਸੰਘਾ ਕਮਰਸ ਵਰਗੇ ਰੁੱਖੇ ਵਿਸ਼ੇ ਦਾ ਵਿਦਿਆਰਥੀ ਹੋਣ ਦੇ ਬਾਵਜੂਦ ਵੀ ਕੋਮਲ ਕਲਾ ਦੀ ਸੂਖ਼ਮ ਵਿੱਧਾ ਕਵਿਤਾ ਲਿਖਣ ਵਿਚ ਦਿਲਚਸਪੀ ਲੈਣ ਲਗ ਪਿਆ। ਅਸਲ ਵਿਚ ਸਾਹਿਤ ਨਾਲ ਪਿਆਰ ਅਤੇ ਲਗਾਓ ਉਸਨੂੰ ਆਪਣੇ ਵਿਰਸੇ ਵਿਚੋਂ ਹੀ ਮਿਲਿਆ ਕਿਉਂਕਿ ਉਸਦਾ ਪਿਤਾ ਸਾਹਿਤਕ ਮਸ ਰੱਖਣ ਵਾਲਾ ਅਧਿਆਪਕ ਸੀ ਜਿਹੜਾ ਆਪਣੇ ਘਰ ਵਿਚ ਹਮੇਸ਼ਾ ਸਾਹਿਤਕ ਰਸਾਲੇ ਅਤੇ ਪੁਸਤਕਾਂ ਲਿਆ ਕੇ ਪੜ੍ਹਦਾ ਰਹਿੰਦਾ ਸੀ। ਆਪਣੇ ਪਿਤਾ ਤੋਂ ਅੱਖ ਬਚਾਕੇ ਉਹ ਸਾਹਿਤ ਦੀਆਂ ਪੁਸਤਕਾਂ ਪੜ੍ਹਦਾ ਰਹਿੰਦਾ ਸੀ-ਜਿਸ ਕਰਕੇ ਉਸਦੇ ਦਿਮਾਗ ਦੇ ਖਾਲ੍ਹੀ ਪੰਨੇ ਉਪਰ ਸਾਹਿਤਕ ਲਿਖਤਾਂ ਦੇ ਅਜਿਹੇ ਪਰਭਾਵ ਪਏ ਜਿਹੜੇ ਬਲਜਿੰਦਰ ਸੰਘਾ ਦੀ ਜ਼ਿੰਦਗੀ ਦਾ ਰਾਹ ਦਸੇਰਾ ਬਣ ਗਏ ਕਿਉਂਕਿ ਬਚਪਨ ਵਿਚ ਪਏ ਸਾਹਿਤਕ ਵੰਨਗੀਆਂ ਦੇ ਅਸਰ ਪਕੇਰੇ ਅਤੇ ਸਥਾਈ ਹੁੰਦੇ ਹਨ। ਵਿਦਿਆਰਥੀ ਜੀਵਨ ਵਿਚ ਪੁਸਤਕਾਂ ਨਾਲ ਪਿਆਰ ਪੈਣ ਕਰਕੇ ਲਾਇਬਰੇਰੀ ਜਾਣ ਦੀ ਆਦਤ ਪਾ ਦਿੱਤੀ ਜਿਹੜੀ ਅਜੇ ਤੱਕ ਬਰਕਰਾਰ ਹੈ। ਬਾਰਾਂ ਤੇਰਾਂ ਸਾਲ ਦੀ ਉਮਰ ਵਿਚ ਹੀ ਬਲਜਿੰਦਰ ਸੰਘਾ ਨੇ ਆਪਣੀ ਕਲਮ ਅਜਮਾਉਣੀ ਸ਼ੁਰੂ ਕਰ ਦਿੱਤੀ ਜਿਸ ਦੇ ਸਿੱਟੇ ਵਜੋਂ ਪੰਜਾਬੀ ਦੇ ਕੁਝ ਰੋਜ਼ਾਨਾ ਅਖ਼ਬਾਰਾਂ ਵਿਚ ਉਸ ਦੀਆਂ ਕਵਿਤਾਵਾਂ ਅਤੇ ਕਹਾਣੀਆਂ ਪ੍ਰਕਾਸ਼ਤ ਹੋ ਗਈਆਂ ਜਿਨ੍ਹਾਂ ਨੇ ਉਸਨੂੰ ਲਿਖਣ ਲਈ ਉਤਸ਼ਾਹਤ ਕੀਤਾ। ਦੋ ਹਜ਼ਾਰ ਇੱਕ ਵਿਚ ਉਹ ਰੋਜੀ ਰੋਟੀ ਲਈ ਕੈਨੇਡਾ ਦੇ ਕੈਲਗਰੀ ਸ਼ਹਿਰ ਵਿਚ ਪਰਵਾਸ ਕਰ ਗਿਆ। ਇਥੇ ਰੁਝੇਵਿਆਂ ਭਰੀ ਜ਼ਿੰਦਗੀ ਕਰਕੇ ਕੁਝ ਸਮੇਂ ਲਈ ਤਾਂ ਉਸਦੀ ਰਚਨਾ ਪਰਕਿਰਿਆ ਵਿਚ ਖੜ੍ਹੋਤ ਆ ਗਈ ਕਿਉਂਕਿ ਰੋਜ਼ੀ ਰੋਟੀ ਦਾ ਮਸਲਾ ਗੰਭੀਰ ਹੁੰਦਾ ਹੈ-ਪਰਵਾਸ ਵਿਚ ਰੁਝੇਵਿਆਂ ਭਰੀ ਜ਼ਿੰਦਗੀ ਹੁੰਦੀ ਹੈ। ਆਪਣੀ ਰੋਟੀ ਆਪ ਕਮਾ ਕੇ ਹੀ ਖਾਣੀ ਹੁੰਦੀ ਹੈ। ਕੰਮ ਕਾਰ ਕਰਕੇ ਹੀ ਗੁਜਾਰਾ ਕਰਨਾ ਹੁੰਦਾ ਹੈ। ਲਿਖਣ ਪੜ੍ਹਨ ਲਈ ਸਮਾਂ ਕੱਢਣਾ ਮੁਸ਼ਕਲ ਹੋ ਜਾਂਦਾ ਹੈ ਪਰੰਤੂ ਬਲਜਿੰਦਰ ਸੰਘਾ ਨੇ ਫ਼ੁਰਸਤ ਦੇ ਸਮੇਂ ਨੂੰ ਲਿਖਣ ਲਈ ਵਰਤਿਆ। ਬਲਜਿੰਦਰ ਸੰਘਾ ਦੀਆਂ ਕਵਿਤਾਵਾਂ ਵਿਚ ਵਿਸ਼ਿਆਂ ਦੀ ਚੋਣ ਵੀ ਬਹੁ-ਪੱਖੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪੰਜਾਬ ਵਿਚ ਬਿਤਾਏ ਵਕਤ ਸਮੇਂ ਪ੍ਰਾਪਤ ਕੀਤੇ ਤਜਰਬੇ ਅਤੇ ਵਰਤਮਾਨ ਪੰਜਾਬ ਦੀਆਂ ਪਰਸਥਿਤੀਆਂ ਉਸਦੀ ਪੰਜਾਬ ਨਾਲ ਸਾਂਝ-ਚਿੰਤਾ ਅਤੇ ਪਿਆਰ ਦਾ ਪਰਗਟਾਵਾ ਕਰਦੀਆਂ ਹਨ। ਦੂਜੇ ਵਿਸ਼ੇ ਪਰਵਾਸ ਨਾਲ ਸੰਬੰਧਤ ਹਨ ਕਿ ਇਥੇ ਰਹਿੰਦਿਆਂ ਜ਼ਿੰਦਗੀ ਨੂੰ ਕੀ ਕੀ ਵੇਲਣ ਵੇਲਣੇ ਪੈਂਦੇ ਹਨ। ਪੰਜਾਬ ਵਿਚਬੈਠੇ ਭੈਣ ਭਰਾ ਸਮਝਦੇ ਹਨ ਕਿ ਪਰਵਾਸੀ ਏਥੇ ਆਨੰਦ ਮਾਣ ਰਹੇ ਹਨ ਡਾਲਰ ਉਨ੍ਹਾਂ ਦੇ ਅੱਗੇ ਪਿੱਛੇ ਡਿਗਦੇ ਫਿਰਦੇ ਹਨ ਜਦੋਂ ਕਿ ਅਸਲੀਅਤ ਕੁਝ ਹੋਰ ਹੀ ਹੁੰਦੀ ਹੈ। ਡਾਲਰਾਂ ਦੀ ਕਮਾਈ ਲਈ ਹੱਡ ਭੰਨਵੀਂ ਮਿਹਨਤ ਕਰਨੀ ਪੈਂਦੀ ਹੈ। ਮਨ ਮਾਰ ਕੇ ਕੰਮ ਕਰਨਾ ਪੈਂਦਾ ਤਾਂ ਕਿਤੇ ਜਾ ਕੇ ਗੁਜ਼ਾਰਾ ਹੁੰਦਾ ਹੈ। ਪੰਜਾਬ ਨਾਲ ਬਾਵਾਸਤਾ ਹੋਣ ਦਾ ਸਬੂਤ ਬਲਜਿੰਦਰ ਸੰਘਾ ਦੀਆਂ ਕਵਿਤਾਵਾਂ ਹਨ ਜਿਨ੍ਹਾਂ ਵਿਚ ਉਸਨੇ ਪੰਜਾਬ ਦੀ ਤਰਾਸਦੀ ਨਾਲ ਸੰਬੰਧਤ ਸਾਰੇ ਵਿਸ਼ੇ ਲਏ ਹਨ-ਜਿਵੇਂ ਬੇਰੋਜ਼ਗਾਰੀ-ਭਰਿਸ਼ਟਾਚਾਰ-ਅਤਵਾਦ ਦਾ ਪਰਭਾਵ-ਨਸ਼ੇ-ਗਰੀਬੀ-ਕਿਸਾਨੀ-ਮਹਿੰਗਾਈ-ਦਾਜ-ਦਹੇਜ-ਕਰਜ਼ੇ-ਆਤਮ ਹੱਤਿਆਵਾਂ-ਸ਼ਾਹੂਕਾਰਾ ਪਰਣਾਲੀ-ਸਮਾਜਿਕ-ਆਰਥਿਕ-ਧਾਰਮਿਕ-ਸਮਾਜਿਕ ਸਮਾਗਮਾ ਵਿਚ ਫ਼ਜ਼ੂਲ-ਖ਼ਰਚੀ-ਵਿਖਾਵਾ-ਮਿਲਾਵਟ-ਸਿਆਸਤ-ਦੇਸ ਭਗਤੀ-ਔਰਤ ਦੀ ਬਰਾਬਰੀ-ਭਰੂਣ ਹੱਤਿਆ-ਵਰਕ ਕਲਚਰ ਦੀ ਅਣਹੋਂਦ -ਇਨਸਾਨੀ ਕਦਰਾਂ ਕੀਮਤਾਂ ਵਿਚ ਗਿਰਾਵਟ ਅਤੇ ਮਜ਼ਦੂਰਾਂ ਦੀ ਸਥਿਤੀ ਆਦਿ। ਉਸ ਦੀਆਂ ਸਾਰੀਆਂ ਕਵਿਤਾਵਾਂ ਵਿਚੋਂ ਪੰਜਾਬ ਦੀ ਚੀਸ ਦਾ ਦਰਦ ਅਤੇ ਮਿੱਟੀ ਦੀ ਮਹਿਕ ਖ਼ੁਸਬੂਆਂ ਵੰਡਦੀ ਦਿਸਦੀ ਹੈ। ਕਹਿਣ ਤੋਂ ਭਾਵ ਉਹ ਸਮਾਜਿਕ ਸਰੋਕਾਰਾਂ ਨਾਲ ਗੜੂੰਦ ਹੋਇਆ ਕਵੀ ਹੈ। ਕਿਸਾਨ ਤੇ ਮਜ਼ਦੂਰ ਦੀ ਅੱਜ ਅਸੀਂ ਗੁਰਬਤ ਦੀ ਜ਼ਿੰਦਗੀ ਦਾ ਜ਼ਿਕਰ ਬੜੇ ਜ਼ੋਰ ਸ਼ੋਰ ਨਾਲ ਕਰ ਰਹੇ ਹਾਂ ਪਰੰਤੂ ਬਲਜਿੰਦਰ ਸੰਘਾ ਨੇ ਬਚਪਨ ਵਿਚ ਹੀ ਉਨ੍ਹਾਂ ਦੀ ਦੁਰਦਸ਼ਾ ਵੇਖ ਕੇ ਕਵਿਤਾਵਾਂ ਲਿਖ ਦਿੱਤੀਆਂ ਸਨ। ਪਿੰਡਾਂ ਦੇ ਗ਼ਰੀਬ ਲੋਕਾਂ ਦੀ ਫੋਕੀ ਸ਼ਾਹਵਾ ਬਾਹਵਾ ਖੱਟਣ ਲਈ ਕੀਤੀ ਜਾਂਦੀ ਫ਼ਜ਼ੂਲ ਖਰਚੀ ਤੋਂ ਵੀ ਉਹ ਚਿੰਤਾਤੁਰ ਹੈ ਕਿ ਕਿਸ ਤਰ੍ਹਾਂ ਕਿਸਾਨ ਆਪਣੀਆਂ ਜਮੀਨਾਂ ਵੇਚ ਕੇ ਵਿਆਹਾਂ ਸ਼ਾਦੀਆਂ ਅਤੇ ਮਰਗ ਦੇ ਭੋਗਾਂ ਤੇ ਖ਼ਰਚ ਕਰਕੇ ਅਤੇ ਲੋੜ ਤੋਂ ਬਿਨਾ ਹੀ ਵਿਖਾਵੇ ਲਈ ਨਵੀਂਆਂ ਕਾਰਾਂ ਅਤੇ ਕੋਠੀਆਂ ਬਣਾਕੇ ਕਰਜਈ ਬਣਦੇ ਹਨ। ਉਸ ਦੀਆਂ ਕਵਿਤਾਵਾਂ ਮੈਰਿਜ ਪੈਲਸਾਂ ਵਿਚ ਸਮਾਗਮ ਕਰਕੇ ਪੁਰਾਤਨ ਪੰਜਾਬੀ ਵਿਰਸੇ ਨਾਲੋਂ ਦੂਰ ਹੋਣ ਬਾਰੇ ਵੀ ਖਦਸ਼ਾ ਪਰਗਟ ਕਰਦੀਆਂ ਹਨ। ਉਹ ਇਹ ਤਾਂ ਮਹਿਸੂਸ ਕਰਦਾ ਹੈ ਕਿ ਅੰਗਰੇਜੀ ਭਾਸ਼ਾ ਸਿੱਖਣਾ ਪੜ੍ਹਨਾ ਸਮੇਂ ਦੀ ਲੋੜ ਅਤੇ ਜਰੂਰੀ ਹੈ ਪਰੰਤੂ ਅੰਗਰੇਜੀ ਪੜ੍ਹਨ ਦੇ ਬਹਾਨੇ ਪੰਜਾਬੀ ਭਾਸ਼ਾ ਦੀ ਅਣਵੇਖੀ ਕਰਨੀ ਵੀ ਪੰਜਾਬੀਆਂ ਨੂੰ ਮਹਿੰਗੀ ਪਵੇਗੀ ਕਿਉਂਕਿ ਆਪਣੀ ਜੜ੍ਹ ਤੋਂ ਟੁੱਟਕੇ ਕੋਈ ਵੀ ਇਨਸਾਨ ਸਫਲ ਨਹੀਂ ਹੋ ਸਕਦਾ। ਬਲਜਿੰਦਰ ਸੰਘਾ ਨੂੰ ਆਪਣੀ ਵਿਰਾਸਤ ਨਾਲ ਜੁੜੀਆਂ ਕਵਿਤਾਵਾਂ ਲਿਖਣ ਕਰਕੇ ਇਨਸਾਨੀਅਤ ਦਾ ਪੁਜਾਰੀ ਸ਼ਾਇਰ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਦੀਆਂ ਕਵਿਤਾਵਾਂ ਵਿਚੋਂ ਇਨਸਾਨੀਅਤ ਦੀ ਹੂਕ ਨਿਕਲਦੀ ਵਿਖਾਈ ਦਿੰਦੀ ਹੈ।

ਪਰਵਾਸ ਦੀ ਜ਼ਿੰਦਗੀ ਬਾਰੇ ਆਪਣੀਆਂ ਕਵਿਤਾਵਾਂ ਵਿਚ ਉਹ ਲਿਖਦਾ ਹੈ ਕਿ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ




ਆਪਣੀ ਵਿਰਾਸਤ ਨਾਲ ਜੋੜਕੇ ਰੱਖਣ ਵਿਚ ਅਸਫਲ ਹੋ ਰਹੇ ਹਨ ਕਿਉਂਕਿ ਉਹ ਆਪਣੇ ਬੱਚਿਆਂ ਵਲ ਲੋੜੀਂਦਾ ਧਿਆਨ ਨਹੀਂ ਦੇ ਰਹੇ। ਇਸ ਕਰਕੇ ਪੰਜਾਬੀਆਂ ਦੀ ਪਰਵਾਸ ਵਿਚ ਰਹਿ ਰਹੀ ਅਗਲੀ ਪੀੜ੍ਹੀ ਆਪਣੇ ਵਿਰਸੇ ਨੂੰ ਤਿਲਾਂਜਲੀ ਦੇ ਜਾਵੇਗੀ। ਅਜੇ ਵੀ ਸਮਾਂ ਹੈ ਆਪਣੇ ਬੱਚਿਆਂ ਨੂੰ ਯੋਗ ਅਗਵਾਈ ਦੇਣ ਦਾ ਜੇਕਰ ਘਰਾਂ ਵਿਚ ਪੰਜਾਬੀ ਸਭਿਆਚਾਰ ਅਤੇ ਸਭਿਅਤਾ ਨੂੰ ਅਪਣਾਇਆ ਜਾਵੇ। ਫੋਕੀ ਪੱਛਵੀਂ ਸਭਿਆਚਾਰ ਦੀ ਨਕਲ ਵੀ ਸਾਡੇ ਵਿਰਸੇ ਨੂੰ ਲੈ ਡੁਬੇਗੀ। ਬਲਜਿੰਦਰ ਸੰਘਾ ਦੀ ਕਵਿਤਾ ਤੇ ਵਿਚਾਰਧਾਰਾ ਭਾਰੂ ਹੈ। ਉਹ ਆਪਣੀ ਵਿਚਾਰਧਾਰਾ ਨੂੰ ਕਵਿਤਾ ਦਾ ਰੂਪ ਦਿੰਦਾ ਹੈ। ਜ਼ਿੰਦਗੀ ਬਾਰੇ ਲਿਖਦਾ ਹੈ-

ਲਹਿਰਾਂ ਸੰਗ ਗੋਤੇ ਖਾਣ ਦਾ ਨਾਂ ਜ਼ਿੰਦਗੀ ਹੈ।

ਫੁਲਾਂ ਵਾਂਗ ਕੰਡਿਆਂ ਵਿਚ ਮੁਸਕਾਣ ਦਾ ਨਾਂ ਜ਼ਿੰਦਗੀ ਹੈ।

ਗ਼ਰੀਬ ਕਿਸਾਨ ਤੇ ਮਜ਼ਦੂਰ ਦੀ ਮਿਹਨਤ ਦਾ ਜਦੋਂ ਮੁਲ ਨਹੀਂ ਮਿਲਦਾ ਤਾਂ ਬਲਜਿੰਦਰ ਉਸਦੀ ਮਜਬੂਰੀ ਬਾਰੇ ਲਿਖਦਾ ਹੈ-

ਤੇਰੀ ਪੈਦਾ ਕੀਤੀ ਕਣਕ ਦਾ ਆਟਾ ਅਸਮਾਨ ਛੂਹ ਰਿਹਾ ਹੈ ਆਪਣੇ ਮੁੱਲ ਨਾਲ।

ਪਰ ਤੇਰੀ ਮੰਡੀ ਵਿਚ ਪਈ ਕਣਕ ਆੜ੍ਹਤੀਏ ਦਾ ਪਿਛਲਾ ਹਿਸਾਬ ਵੀ ਬਰਾਬਰ ਨਹੀਂ ਕਰਦੀ।

ਪੰਜਾਬ ਵਿਚ ਬੇਰੋਜਗਾਰੀ-ਪੰਜਾਬੀ ਦੀ ਦੁਰਦਸ਼ਾ-ਕੈਨੇਡਾ ਵਿਚ ਆਰਥਿਕ ਖ਼ੁਸਹਾਲੀ ਅਤੇ ਪੰਜਾਬੀ ਦੀ ਅਣਵੇਖੀ ਦਾ ਜਿਕਰ ਕਰਦਾ ਉਹ ਵਿਅੰਗਮਈ ਢੰਗ ਨਾਲ ਆਪਣੀ ਕਵਿਤਾ-ਦੋਸਤ ਲਈ ਦੁਆ-ਵਿਚ ਲਿਖਦਾ ਹੈ-

ਜੇ ਤੂੰ ਪੰਜਾਬ ਵਿਚ ਹੁੰਦਾ ਤਾਂ ਮੈਂ ਤੇਰੇ ਲਈ ਦੁਆ ਕਰਦਾ ਕਿ

ਤੇਰੀ ਪੜ੍ਹਾਈ ਦਾ ਮੁੱਲ ਪਵੇ ਤੇ ਤੂੰ ਵੀ ਖੜ੍ਹਾ ਹੋਵੇਂ ਆਪਣੇ ਪੈਰਾਂ ਭਾਰ।

ਪਰ ਹੁਣ ਤੂੰ ਕੈਨੇਡਾ ਵਿਚ ਵਸਦਾ ਏਂ ਤੇ ਆਰਥਿਕ ਪੱਖੋਂ ਖ਼ੁਸਹਾਲ ਏਂ।

ਤੇ ਮੈਂ ਦੁਆ ਕਰਦਾ ਹਾਂ ਕਿ ਤੇਰੇ ਬੱਚੇ ਪੰਜਾਬੀ ਵੀ ਪੜ੍ਹਨ।

ਪੰਜਾਬ ਦਾ ਦਰਦ-ਇਨਸਾਨੀਅਤ ਦਾ ਕਤਲ ਅਤੇ ਧਰਮ ਦੇ ਠੇਕੇਦਾਰਾਂ ਅਤੇ ਸਿਆਸਤਦਾਨਾ ਵਲੋਂ ਕੀਤੇ ਜਾਂਦੇ ਅਨੈਤਿਕ ਕੰਮਾਂ ਦਾ ਜ਼ਿਕਰ ਉਹ ਆਪਣੀ ਕਵਿਤਾ ਵਿਚ ਕਰਦਾ ਦਿਲ ਨੂੰ ਵਲੂੰਧਰ ਜਾਂਦਾ ਹੈ ਜਦੋਂ ਉਹ-ਅੱਗੇ ਪਿਛੇ-ਕਵਿਤਾ ਵਿਚ ਲਿਖਦਾ ਹੈ-

ਅਸੀਂ ਅੱਗੇ ਹਾਂ ਅਸੀਂ ਅੱਗੇ ਹਾਂ-ਅਸੀਂ ਧਰਮ ਯੁਧਾਂ ਵਿਚ ਅੱਗੇ ਹਾਂ।

ਅਸੀਂ ਪਿੱਛੇ ਹਾਂ ਅਸੀਂ ਪਿੱਛੇ ਹਾਂ-ਇਨਸਾਨੀਅਤ ਦੀ ਕਦਰ ਵਿਚ ਪਿੱਛੇ ਹਾਂ।

ਅਸੀਂ ਆਪ ਬੁਰਾਈਆਂ ਕਰਦੇ ਹਾਂ-ਅਸੀਂ ਦੋਸ਼ ਹੋਰਾਂ ਸਿਰ ਧਰਦੇ ਹਾਂ।

ਅਸੀਂ ਖ਼ੁਦ ਨੂੰ ਸਮਝਦੇ ਬੰਦੇ ਹਾਂ-ਅਸੀਂ ਪਸ਼ੂਆਂ ਨਾਲੋਂ ਵੀ ਗੰਦੇ ਹਾਂ।

ਘਰ ਇੱਕ ਦੂਜੇ ਦੇ ਸਮਝ-ਸਮਝ ਕੇ-ਢਾਹੁਣ ਮੰਦਰ ਮਸਜਿਦ ਲੱਗੇ ਹਾਂ।

ਕੋਈ ਧਰਮ ਪਾੜਨਾ ਚਾਹੁੰਦਾ ਨਹੀਂ-ਜੋ ਪਾੜੇ ਧਰਮ ਕਹਾਉਂਦਾ ਨਹੀਂ।

ਅਸੀਂ ਤੰਗ ਦਿਲਾਂ ਦੇ ਹੋ ਗਏ ਹਾਂ-ਬਸ ਵਿਚ ਪਖੰਡਾਂ ਖੋ ਗਏ ਹਾਂ।

ਅਸੀਂ ਅੰਦਰੋਂ ਕਿਸੇ ਨੂੰ ਤੱਕਦੇ ਨਹੀਂ-ਬਸ ਵੇਂਹਦੇ ਚੋਲੇ-ਝੱਗੇ ਹਾਂ।

ਸਿਆਸਤਦਾਨਾ ਦੇ ਕਿਰਦਾਰ ਦੀ ਤਸਵੀਰ ਵੀ ਆਪਣੀ ਕਵਿਤਾ ਵਿਚ ਅਜਿਹੀ ਖਿੱਚੀ ਹੈ ਕਿ ਸਿਆਸਤਦਾਨ ਆਪਣੀ ਪਰਜਾ ਨੂੰ ਆਪਸ ਵਿਚ ਲੜਾਕੇ ਆਪਣਾ ਉਲ ਸਿੱਧਾ ਕਰਦੇ ਹਨ। ਸਿਆਸਤਦਾਨਾ ਬਾਰੇ ਉਹ ਆਪਣੀ ਇੱਕ ਹੋਰ ਕਵਿਤਾ ਵਿਚ ਉਨ੍ਹਾਂ ਦਾ ਪਰਦਾ ਫਾਸ਼ ਕਰਦਾ ਹੋਇਆ ਲਿਖਦਾ ਹੈ-

ਸਾਨੂੰ ਨੇਤਾ ਪਾੜਕੇ ਬਹਿ ਜਾਂਦੇ ਨੇ-ਤੇ ਆਪ ਕੁਰਸੀਆਂ ਲੈ ਜਾਂਦੇ ਨੇ।

ਉਹ ਇੱਕ ਦੂਜੇ ਤੇ ਵਰ੍ਹਦੇ ਨੇ-ਬਸ ਕੁਰਸੀ ਖ਼ਾਤਰ ਲੜਦੇ ਨੇ।

ਪੰਜਾਬ ਵਿਚ ਅਜੇ ਵੀ ਲੋਕ ਕਿਸਮਤ ਦੀ ਗੱਲ ਕਰਦੇ ਹਨ। ਵਹਿਮਾ ਭਰਮਾ ਵਿਚ ਜਕੜੇ ਪਏ ਹਨ। ਅਗਿਆਨਤਾ ਦੇ ਫੰਦੇ ਵਿਚੋਂ ਬਾਹਰ ਆਉਣ ਦੀ ਕੋਸਿਸ਼ ਹੀ ਨਹੀਂ ਕਰਦੇ। ਕਿਤਾਬੀ ਪੜ੍ਹਾਈ ਪੰਜਾਬੀਆਂ ਦਾ ਭਵਿਖ ਸੁਆਰਨ ਵਿਚ ਸਫਲ ਨਹੀਂ ਹੋ ਰਹੀ। ਇਸ ਲਈ ਸੰਘਾ ਆਪਣੀ ਇੱਕ ਕਵਿਤਾ-ਸ਼ਾਇਦ ਇਹ ਸੱਚ ਹੋਵੇ-ਵਿਚ ਵਹਿਮਾਂ ਭਰਮਾ ਬਾਰੇ ਲਿਖਦਾ ਹੈ-

ਬੱਚੇ ਵਿਲਕਣ ਭੁੱਖੇ-ਪੂੜੇ ਸਾਧਾਂ ਨੂੰ-ਅੰਨ੍ਹੀ ਸ਼ਰਧਾ ਦੇ ਵਿਚ ਵਹਿਕੇ ਸਾਰ ਲਿਆ

ਅੰਧ ਵਿਸ਼ਵਾਸੀ ਬਣੇ ਹਾਂ ਛੱਡ ਕੇ ਤਰਕਾਂ ਨੂੰ-ਵਹਿਮਾਂ-ਭਰਮਾਂ ਪੈ ਕੇ ਕੀ ਸਵਾਰ ਲਿਆ।

ਪੰਜਾਬਣ ਸਿਰਲੇਖ ਵਾਲੀ ਕਵਿਤਾ ਵਿਚ ਕਵੀ ਪਰਵਾਸ ਵਿਚ ਪੰਜਾਬਣਾ ਵੱਲੋਂ ਕੀਤੀ ਜਾਂਦੀ ਮਿਹਨਤ-ਮਜ਼ਦੂਰੀ-ਪੰਜਾਬੀ ਸਭਿਆਚਾਰ ਨੂੰ ਦਿੱਤੀ ਜਾ ਰਹੀ ਤਿਲਾਂਜਲੀ-ਮਨੁੱਖ ਦਾ ਮਸ਼ੀਨ ਦੀ ਤਰ੍ਹਾਂ ਕੰਮ ਕਰਨਾਂ ਅਤੇ ਕਾਇਦੇ ਕਾਨੂੰਨਾ ਵਿਚ ਬੱਝੇ ਰਹਿਣ ਦਾ ਪਰਗਟਾਵਾ ਬਾਖ਼ੂਬ ਕੀਤਾ ਗਿਆ ਹੈ। ਕਹਿਣ ਸੁਣਨ ਨੂੰ ਪਰਵਾਸੀ ਦਾ ਆਰਾਮਦਾਇਕ ਜੀਵਨ ਹੈ ਪਰੰਤੂ ਇੱਕ ਪ੍ਰਣਾਲੀ ਵਿਚ ਵਿਚਰਣਾ ਪੈਂਦਾ ਹੈ। ਕੈਨੇਡਾ ਦੀ ਪ੍ਰਣਾਲੀ ਨੂੰ ਦੋਸ਼ ਅਸੀਂ ਦਿੰਦੇ ਹਾਂ ਪਰੰਤੂ ਕੈਨੇਡਾ ਵਿਚ ਅਸੀਂ ਖ਼ੁਦ ਆਉਂਦੇ ਹਾਂ। ਕੋਈ ਬੁਲਾਉਣ ਨਹੀਂ ਜਾਂਦਾ ਪਰੰਤੂ ਏਥੇ ਵੀ ਫੋਕੀ ਸ਼ੁਹਰਤ ਲਈ ਆਪਣੇ ਖ਼ਰਚ ਆਪ ਵਧਾ ਰਹੇ ਹਾਂ ਜਿਸਦਾ ਜਿਕਰ ਆਪਣੀ ਇੱਕ ਕਵਿਤਾ-ਦੋਸ ਕੈਨੇਡਾ ਨੂੰ-ਵਿਚ ਕਰਦਾ ਲਿਖਦਾ ਹੈ-

ਖਾਂਦਾ ਪੀਂਦਾ ਬਾਪੂ ਸੱਦ ਲਿਆ ਇੰਡੀਆ ਤੋਂ-ਦੋ ਕੰਮਾਂ ਤੇ ਲਾਇਆ ਦੋਸ਼ ਕੈਨੇਡਾ ਨੂੰ

ਨਿੱਕੇ ਘਰ ਵਿਚ ਰਹਿੰਦੇ ਰੰਗੀਂ ਵਸਦੇ ਸੀ-ਵੱਡਾ ਘਰ ਬਣਵਾਇਆ ਦੋਸ਼ ਕੈਨੇਡਾ ਨੂੰ।

ਹਫਤੇ ਬਾਅਦ ਹੈ ਮਿਲਣੀ ਮੀਆਂ-ਬੀਵੀ ਦੀ-ਡਾਲਰਾਂ ਰੰਗ ਵਿਖਾਇਆ ਦੋਸ਼ ਕੈਨੇਡਾ ਨੂੰ।

ਸੈਲ-ਫੋਨਾਂ ਬਿਨਾ ਸਰਦਾ ਨਾ ਕਿਸੇ ਮੈਂਬਰ ਦਾ-ਬਿਲਾਂ ਲੈਟਰ ਬਾਕਸ ਸਜਾਇਆ ਦੋਸ਼ ਕੈਨੇਡਾ ਨੂੰ

ਲੋੜਾਂ ਸੀਮਤ ਰੱਖਕੇ ਜ਼ਿੰਦਗੀ ਖ਼ੁਸ਼ ਰਹਿੰਦੀ-ਸੱਚ ਸਿਆਣਿਆਂ ਨੇ ਫਰਮਾਇਆ ਦੋਸ਼ ਕੈਨੇਡਾ ਨੂੰ

ਬਲਜਿੰਦਰ ਸੰਘਾ ਦੀਆਂ ਕਵਿਤਾਵਾਂ ਦਸਦੀਆਂ ਹਨ ਕਿ ਪਰਵਾਸੀ ਕੈਨੇਡਾ ਵਿਚ ਰਹਿੰਦੇ ਆਪਣੀ ਜ਼ਿੰਦਗੀ ਦਾ ਆਨੰਦ ਵੀ ਲੈਂਦੇ ਹਨ ਅਤੇ ਨਿੰਦਿਆ ਵੀ ਕਰਦੇ ਹਨ। ਇਥੇ ਰਹਿੰਦਿਆਂ ਔਖ ਵੀ ਮਹਿਸੂਸ ਕਰਦੇ ਹਨ। ਜੇਕਰ ਉਹ ਔਖੇ ਹਨ ਤਾਂ ਵਾਪਸ ਆਪਣੇ ਵਤਨ ਕਿਉਂ ਨਹੀਂ ਜਾਂਦੇ। ਕਵੀ ਅਜਿਹੇ ਪੰਜਾਬੀਆਂ ਨੂੰ ਵੀ ਚੰਗਾ ਨਹੀਂ ਸਮਝਦਾ। ਉਹ ਕਹਿੰਦਾ ਹੈ ਜਿਥੋਂ ਰੋਜਗਾਰ ਮਿਲਦਾ ਹੈ। ਸਹੂਲਤਾਂ ਮਿਲਦੀਆਂ ਹਨ ਫਿਰ ਉਸ ਦੇਸ ਨੂੰ ਦੋਸ਼ ਕਾਹਦਾ। ਦੋਸ਼ ਤਾਂ ਸਾਡੀ ਆਪਣੀ ਮਾਨਸਿਕਤਾ ਦਾ ਹੈ। ਬਲਜਿੰਦਰ ਸੰਘਾ ਦੀ ਖ਼ੂਬੀ ਇਸ ਗੱਲ ਵਿਚ ਵੀ ਹੈ ਕਿ ਉਸਨੇ ਇਸ਼ਕ ਮੁਸ਼ਕ ਦੀਆਂ ਰੋਮਾਂਟਿਕ ਕਵਿਤਾਵਾਂ ਨਹੀਂ ਲਿਖੀਆਂ ਸਗੋਂ ਸਮਾਜਿਕ ਸਰੋਕਾਰਾਂ ਨੂੰ ਪਹਿਲ ਦਿੱਤੀ ਹੈ। ਇਸ ਲਈ ਉਹ ਸ਼ਾਬਾਸ਼ ਦਾ ਹੱਕਦਾਰ ਹੈ। ਬਲਜਿੰਦਰ ਸੰਘਾ ਦਾ ਜਨਮ ਫਰੀਦਕੋਟ ਜਿਲ੍ਹੇ ਦੇ ਪਿੰਡ ਢੁੱਡੀ ਵਿਖੇ ਪਿਤਾ ਚੰਦ ਸਿੰਘ ਅਤੇ ਮਾਤਾ ਮਨਜੀਤ ਕੌਰ ਦੇ ਘਰ ਹੋਇਆ। ਦਸਵੀਂ ਤੱਕ ਦੀ ਸਕੂਲੀ ਪੜ੍ਹਾਈ ਉਸਨੇ ਆਪਣੇ ਪਿੰਡ ਢੁੱਡੀ ਦੇ ਸਰਕਾਰੀ ਸਕੂਲ ਵਿਚੋਂ ਅਤੇ ਪਲੱਸ ਟੂ ਸਰਕਾਰੀ ਸੀਨੀਅਰ ਸੈਕੰਡਰੀ ਬਲਬੀਰ ਸਕੂਲ ਫਰੀਦਕੋਟ ਤੋਂ ਪਾਸ ਕੀਤੀ। ਇਸ ਤੋਂ ਮਗਰੋਂ ਬਰਜਿੰਦਰਾ ਕਾਲਜ ਫਰੀਦਕੋਟ ਵਿਚ ਬੈਚੂਲਰ ਆਫ ਕਮਰਸ ਵਿਚ ਦਾਖਲਾ ਲੈ ਲਿਆ। ਪੰਜਾਬੀ ਦਾ ਇਹ ਨੌਜਵਾਨ ਸ਼ਾਇਰ ਪਿਛਲੇ ਪੰਦਰਾਂ ਸਾਲਾਂ ਤੋਂ ਕੈਲਗਰੀ ਵਿਖੇ ਆਪਣੇ ਪਰਿਵਾਰ ਪਤਨੀ ਅਤੇ ਦੋ ਸਪੁੱਤਰਾਂ ਨਾਲ ਰਹਿ ਰਿਹਾ ਹੈ। ਸਾਹਿਤਕ ਸਰਗਰਮੀਆਂ ਵਿਚ ਦਿਲਚਸਪੀ ਨਾਲ ਹਿੱਸਾ ਲੈ ਰਿਹਾ ਹੈ। ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਕਾਰਜਕਾਰਨੀ ਮੈਂਬਰ-ਖ਼ਜਾਨਚੀ ਅਤੇ ਜਨਰਲ ਸਕੱਤਰ ਵੀ ਰਿਹਾ ਹੈ। ਉਹ ਡਾਲਰਾਂ ਨਾਲੋਂ ਸਾਹਿਤਕ ਸਰਗਰਮੀਆਂ ਨੂੰ ਤਰਜੀਹ ਦਿੰਦਾ ਹੈ।

ਬਲਜਿੰਦਰ ਸੰਘਾ ਦੀ ਦੂਜੀ ਪੁਸਤਕ-ਪੰਜਾਬੀ ਸਾਹਿਤ ਪਰਖ ਤੇ ਪੜਚੋਲ-ਦੋ ਹਜ਼ਾਰ ਪੰਦਰਾਂ ਵਿਚ ਪ੍ਰਕਾਸ਼ਤ ਹੋਈ ਹੈ। ਜਿਸਨੂੰ ਚੇਤਨਾ ਪ੍ਰਕਾਸ਼ਨ ਨੇ ਪ੍ਰਕਾਸ਼ਤ ਕੀਤਾ ਹੈ। ਇਸ ਪੁਸਤਕ ਵਿਚ ਗਿਆਰਾਂ ਕਵਿਤਾ-ਕਹਾਣੀ-ਨਾਵਲ ਅਤੇ ਰੇਖਾ ਚਿਤਰਾਂ ਦੀਆਂ ਪੁਸਤਕਾਂ ਉਪਰ ਉਸ ਵੱਲੋਂ ਲਿਖੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਇਸ ਪੁਸਤਕ ਤੋਂ ਸ਼ਪਸ਼ਟ ਹੋ ਜਾਂਦਾ ਹੈ ਕਿ ਬਲਜਿੰਦਰ ਸੰਘਾ ਨੂੰ ਸਾਹਿਤ ਨਾਲ ਕਿਤਨਾ ਪਰੇਮ ਹੈ। ਇਹ ਲੇਖ ਉਸਨੇ-ਪੰਜਾਬੀ ਲਿਖਾਰੀ ਸਭਾ ਕੈਲਗਰੀ-ਦੀਆਂ ਮੀਟਿੰਗਾਂ ਵਿਚ ਲੋਕ ਅਰਪਣ ਕੀਤੀਆਂ ਗਈਆਂ ਪੁਸਤਕਾਂ ਬਾਰੇ ਪੜ੍ਹੇ ਸਨ। ਇਹ ਪੁਸਤਕ ਬਲਜਿੰਦਰ ਸੰਘਾ ਦੀ ਸਾਹਿਤ ਬਾਰੇ ਬਚਨਵੱਧਤਾ ਦਾ ਪਰਗਟਾਵਾ ਵੀ ਕਰਦੀ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਭਵਿਖ ਵਿਚ ਬਲਜਿੰਦਰ ਸੰਘਾ ਕੋਲੋਂ ਸਾਹਿਤਕ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਉਣ ਦੀ ਆਸ ਕੀਤੀ ਜਾ ਸਕਦੀ ਹੈ।

**ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ**
**ujagarsingh48@yahoo.com**



## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ 7ਵੇਂ ਸਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਦਾ ਐਲਾਨ

ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਦਾ 7ਵਾਂ ਨਾਟਕ ਸਮਾਗਮ ਲੌਂਗ ਵੀਕ ਐਂਡ 4 ਸਤੰਬਰ ਐਤਵਾਰ ਦੁਪਹਿਰ ਯੂਨੀਵਰਸਿਟੀ ਦੇ ਜੀ-295 ਕਰੇਜੀ ਹਾਲ 2500 ਯੂਨੀਵਰਸਿਟੀ ਆਫ਼ ਕੈਗਲਰੀ 2500 ਯੂਨੀਵਰਸਿਟੀ ਡਰਾਈਵ ਐਨ. ਡਬਲਿਊ. ਵਿਖੇ ਕਰਵਾਇਆ ਜਾਵੇਗਾ। ਇਹ ਐਲਾਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਐਗਜੈਕਟਿਵ ਕਮੇਟੀ ਵਲੋਂ ਮੀਟਿੰਗ ਕਰਨ ਉਪਰੰਤ ਕੀਤਾ ਗਿਆ।

ਨਾਟਕ ਟੀਮ ਦੀ ਤਿਆਰੀ ਲਈ ਵਿਸ਼ੇਸ਼ ਤੌਰ 'ਤੇ ਪੰਜਾਬਤੋਂ ਲੋਕ ਕਲਾ ਮੰਚ ਦੇ ਡਾਇਰੈਕਟਰ ਅਤੇ ਲੇਖਕ ਹਰਕੇਸ਼ ਚੌਧਰੀ ਹਰ ਵਾਰੀ ਦੀ ਤਰ੍ਹਾਂ ਅਗਸਤ 'ਚ ਪੁੱਜ ਜਾਣਗੇ। ਉਨ੍ਹਾਂ ਦੀ ਨਿਰਦੇਸ਼ਨਾ ਹੇਠ ਕੈਲਗਰੀ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰ ਹਾਲਾਤਾਂ ਦੇ ਮੇਲਦੇ ਨਾਟਕ ਪੇਸ਼ ਕਰਨਗੇ। ਬੱਚਿਆਂ ਦੀਆਂ ਦੋ ਕੋਰੀਓਗਰਾਫੀਆਂ ਵਿਸ਼ੇਸ਼ ਖਿੱਚ ਭਰਪੂਰ ਹੋਣਗੀਆਂ। ਨਾਟਕ ਟੀਮ 'ਚ ਕੰਮ ਕਰਨ ਅਤੇ ਬੱਚਿਆਂ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਸਮੇਂ ਸਿਰ ਨਾਂ ਦਰਜ ਕਰਵਾਉਣ ਅਤੇ ਯੋਗਤਾ ਅਨੁਸਾਰ ਚੋਣ ਕੀਤੀ ਜਾਵੇਗੀ। ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ ਉਸਾਰੂ ਸਾਹਿਤ ਅਤੇ ਤਰਕਸ਼ੀਲ ਸਾਹਿਤ ਦੀ ਸਟਾਲ ਤੋਂ ਤੁਸੀਂ ਕਿਤਾਬਾਂ ਖਰੀਦ ਸਕੋਗੇ। ਸਾਂਝਾ ਬਿਆਨ ਪ੍ਰੈਸ ਦੇ ਨਾਂ ਜਾਰੀ ਕਰਦਿਆਂ ਪ੍ਰਧਾਨ ਮੋਹਨ ਮਾਨ ਅਤੇ ਮਾਸਟਰ ਭਜਨ ਨੇ ਦੱਸਿਆ ਕਿ ਨਾਟਕ ਤਿਆਰੀ ਕਮੇਟੀ 'ਚ ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ), ਸੁਖਵੀਰ ਸਿੰਘ ਗਰੇਵਾਲ ਹਾਕਸ ਫੀਲਡ, ਐਡਵੋਕੇਟ ਤਰਨਜੀਤ ਔਜਲਾ, ਅਮਰਪ੍ਰੀਤ ਸਿੰਘ, ਮਾਸਟਰ ਬਚਿੱਤਰ ਗਿੱਲ ਅਤੇ ਹਰੀ ਪਾਲ ਨੂੰ ਸ਼ਾਮਲ ਕਰਕੇ ਐਸੋਸੀਏਸ਼ਨ ਮਾਣ ਮਹਿਸੂਸ ਕਰਦੀ ਹੈ। ਸਾਰੇ ਸਾਥੀਆਂ ਨੇ ਨਾਟਕ ਸਮਾਗਮ ਨੂੰ ਸਫ਼ਲਤਾਪੂਰਵਕ ਸਿਰੇ ਚੜ੍ਹਾਉਣ ਲਈ ਵਚਨਬੱਧਤਾ ਪ੍ਰਗਟਾਈ ਹੈ। ਆਗੂਆਂ ਨੇ ਸਭ ਕੈਲਗਰੀ ਵਾਸੀਆਂ ਨੂੰ ਪੁੱਜਣ ਦੀ ਅਪੀਲ ਕੀਤੀ ਹੈ।

ਸਾਰੇ ਮੀਡੀਆ ਵਾਲੇ ਸਾਥੀਆਂ ਨੂੰ ਪਹਿਲਾਂ ਵਾਂਗ ਸਹਿਯੋਗ ਦੀ ਪੁਰਜ਼ੋਰ ਅਪੀਲ ਕੀਤੀ ਹੈ। 3 ਜੁਲਾਈ ਨੂੰ ਕੋਸੋ ਹਾਲ ਵਿਖੇ ਹੋ ਰਹੀ ਮੀਟਿੰਗ ਵਿਚ ਇਸ਼ਤਿਹਾਰ ਅਤੇ ਹੋਰ ਸਮੱਗਰੀ ਜਾਰੀ ਕਰ ਦਿੱਤੀ ਜਾਵੇਗੀ। ਹੋਰ ਜਾਣਕਾਰੀ ਅਤੇ ਕਿਸੇ ਵੀ ਕਿਸਮ ਦੇ ਸਹਿਯੋਗ ਲਈ ਮਾਸਟਰ ਭਜਨ ਨੂੰ 403-455-4220, ਪ੍ਰੋ. ਗੋਪਾਲ ਕਾਉਂਕੇ ਨੂੰ 403-970-3588 'ਤੇ ਸੰਪਰਕ ਕਰ ਸਕਦੇ ਹੋ। ਤੁਹਾਡੇ ਸੁਝਾਵਾਂ ਦੀ ਉਡੀਕ ਰਵੇਗੀ।

# ਇਰਾਨ ਦੀ ਬਹਾਦਰ ਲੜਕੀ ਰੇਹਾਨਾ ਜਿਸਨੇ ਬਲਾਤਕਾਰ ਤੋਂ ਬਚਣ ਲਈ ਜੋ ਕੀਤਾ ਉਸਦੀ ਸਜ਼ਾ ਦੇ ਰੂਪ 'ਚ ਮਿਲੀ

**(ਨੋਟ : ਕੌਮਾਂਤਰੀ ਪੱਧਰ ਤੇ ਹੋ ਰਹੇ ਜਬਰਦਸਤ ਵਿਰੋਧ ਦੀ ਅਨਦੇਖੀ ਕਰ...ਦੇ ਹੋਏ ਇਰਾਨ ਦੇ ਹਾਕਮਾਂ ਨੇ 25 ਅਕਤੂਬਰ ਨੂੰ ਰੇਹਾਨਾ ਜ਼ੇਬਾਰੀ ਨੂੰ ਫਾਂਸੀ ਦੇ ਦਿੱਤੀ। ਰੇਹਾਨਾ ਤਿਹਰਾਨ ਦੀ ਇਕ ਇੰਟੀਰੀਅਰ ਡਿਜ਼ਾਇਨਰ ਸੀ ਜਿਸਦੇ ਨਾਲ 2007 ਵਿਚ ਇਕ ਭਿਆਨਕ ਹਾਦਸਾ ਵਾਪਰਿਆ ਸੀ। ਉਸ ਸਾਲ ਇਰਾਨ ਸਰਕਾਰ ਦੇ ਖੁਫਿਆ ਵਿਭਾਗ ਦੇ ਇਕ ਅਧਿਕਾਰੀ ਮੁਰਤਜ਼ਾ ਸਰਬੰਦੀ ਨੇ ਆਪਣੇ ਘਰ ਦੀ ਸਜਾਵਟ ਕਰਵਾਉਣ ਦੇ ਬਹਾਨੇ ਉਸਨੂੰ ਬੁਲਾਇਆ ਅਤੇ ਬਲਾਤਕਾਰ ਦੀ ਕੋਸ਼ਿਸ਼ ਕੀਤੀ। ਉਸ ਸਮੇਂ ਰੇਹਾਨਾ ਦੀ ਉਮਰ ਸਿਰਫ 19 ਸਾਲ ਦੀ ਸੀ। ਰੇਹਾਨਾ ਨੇ ਵਿਰੋਧ ਕੀਤਾ ਅਤੇ ਆਪਣੀ ਜੇਬ ਵਿਚੋਂ ਇਕ ਚਾਕੂ ਕੱਢਕੇ ਉਸਦੀ ਪਿੱਠ 'ਤੇ ਵਾਰ ਕੀਤਾ। ਉਹ ਚਾਕੂ ਦਾ ਵਾਰ ਕਿਸੇ ਵੀ ਹਾਲਤ ਵਿਚ ਜਾਨਲੇਵਾ ਨਹੀਂ ਹੋ ਸਕਦਾ ਸੀ ਪਰ ਸਰਬੰਦੀ ਦੀ ਮੌਤ ਹੋ ਗਈ। ਰੇਹਾਨਾ ਨੇ ਆਪਣੇ ਬਿਆਨ ਵਿਚ ਪੂਰਾ ਘਟਨਾਕ੍ਰਮ ਅਦਾਲਤ ਨੂੰ ਦੱਸਿਆ ਅਤੇ ਇਹ ਵੀ ਦੱਸਿਆ ਕਿ ਜਿਸ ਸਮੇਂ ਉਹ ਚਾਕੂ ਦੇ ਵਾਰ ਕਰਨ ਤੋਂ ਬਾਅਦ ਉਹ ਕਮਰੇ ਵਿੱਚ ਸੀ ਸਰਬੰਦੀ ਨੂੰ ਮਿਲਣ ਕੋਈ ਆਇਆ ਅਤੇ ਦੋਵਾਂ ਵਿੱਚ ਝੜਪ ਹੋ ਗਈ ਜਿਸਦਾ ਫਾਇਦਾ ਉਠਾਕੇ ਉਹ ਭੱਜ ਸਕੀ। ਅਨੁਮਾਨ ਹੈ ਕਿ ਉਸ ਅਜਨਬੀ ਨੇ ਸਰਬੰਦੀ ਦੀ ਹੱਤਿਆ ਕੀਤੀ। ਅਦਾਲਤ ਨੇ ਰੇਹਾਨਾ ਦੀਆਂ ਦਲੀਲਾਂ ਨੂੰ ਮਨਜੂਰ ਨਹੀਂ ਕੀਤਾ ਸਿੱਟੇ ਵਜੋਂ ਇਕ ਵਾਰ ਮੁਲਤਵੀ ਹੋਣ ਦੇ ਬਾਅਦ ਅੰਤ : 25 ਅਕਤੂਬਰ 2014 ਨੂੰ ਉਸਨੂੰ ਫਾਂਸੀ ਦੇ ਦਿੱਤੀ ਗਈ...ਰੇਹਾਨਾ ਨੇ ਮੌਤ ਤੋਂ ਪਹਿਲਾਂ ਆਪਣੀ ਮਾਂ ਨੂੰ ਸੰਦੇਸ਼ ਭੇਜਿਆ ਅਤੇ ਬੇਨਤੀ ਕੀਤੀ ਕਿ ਉਸਦੇ ਸਰੀਰ ਦੇ ਸਾਰੇ ਅੰਗ ਦਾਨ ਕਰ ਦਿੱਤੇ ਜਾਣ। ਪੇਸ਼ ਹੈ ਰੇਹਾਨਾ ਦਾ ਉਹ ਅੰਤਿਮ ਸੰਦੇਸ਼ :-**



ਪਿਆਰੀ ਸ਼ੋਲੇਹ,

ਅੱਜ ਮੈਨੂੰ ਪਤਾ ਲੱਗਿਆ ਕਿ ਹੁਣ 'ਕਿਸਾਸ' (ਇਰਾਨੀ ਨਿਆਇਕ ਪ੍ਰਬੰਧ ਵਿਚ ਬਦਲੇ ਦਾ ਕਾਨੂੰਨ) ਦੇ ਰੂਬਰੂ ਹੋਣ ਦੀ ਮੇਰੀ ਵਾਰੀ ਆ ਗਈ ਹੈ। ਮੈਨੂੰ ਸੋਚ ਕੇ ਦੁੱਖ ਹੁੰਦਾ ਹੈ ਕਿ ਤੁਸੀਂ ਮੈਨੂੰ ਕਿਉਂ ਇਸ ਗੱਲ ਦੀ ਜਾਣਕਾਰੀ ਨਹੀਂ ਦਿੱਤੀ ਕਿ ਮੈਂ ਆਪਣੀ ਜ਼ਿੰਦਗੀ ਦੀ ਕਿਤਾਬ ਦੇ ਆਖਰੀ ਪੰਨੇ ਤੇ ਪਹੁੰਚ ਗਈ ਹਾਂ। ਤੁਹਾਨੂੰ ਨਹੀਂ ਲਗਦਾ ਕਿ ਮੈਨੂੰ ਇਹ ਜਾਨਣਾ ਚਾਹੀਦਾ ਸੀ? ਤੁਹਾਨੂੰ ਪਤਾ ਹੈ ਕਿ ਤੁਹਾਨੂੰ ਦੁਖੀ ਵੇਖਕੇ ਮੈਂ ਕਿੰਨੀ ਸ਼ਰਮ ਮਹਿਸੂਸ ਕਰ ਰਹੀ ਹਾਂ। ਤੁਸੀਂ ਕਿਉਂ ਨਹੀਂ ਮੈਨੂੰ ਉਹ ਮੌਕਾ ਦਿੱਤਾ ਕਿ ਮੈਂ ਤੁਹਾਡੇ ਅਤੇ ਪਾਪਾ ਦੇ ਹੱਥ ਚੁੰਮ ਸਕਾਂ? ਦੁਨੀਆ ਨੇ ਮੈਨੂੰ 19 ਸਾਲ ਤੱਕ ਹੀ ਜਿੰਦਾ ਰਹਿਣ ਦੀ ਇਜਾਜਤ ਦਿੱਤੀ। ਉਸ ਮਨਹੂਸ ਰਾਤ ਨੂੰ ਮੇਰੀ ਮੌਤ ਹੋ ਜਾਣੀ ਚਾਹੀਦੀ ਸੀ। ਮੇਰਾ ਸਰੀਰ ਸ਼ਹਿਰ ਦੀ ਕਿਸੇ ਨੁੱਕਰ 'ਚ ਸੁੱਟ ਦਿੱਤਾ ਜਾਂਦਾ ਅਤੇ ਕੁਝ ਦਿਨਾਂ ਬਾਅਦ ਪੁਲਿਸ ਉਸਨੂੰ ਬਰਾਮਦ ਕਰਦੀ ਅਤੇ ਤੁਹਾਨੂੰ ਮੇਰੀ ਸ਼ਨਾਖਤ ਕਰਨ ਲਿਜਾਇਆ ਜਾਂਦਾ ਜਿੱਥੇ ਤੁਹਾਨੂੰ ਪਤਾ ਚਲਦਾ ਕਿ ਮੇਰੇ ਨਾਲ ਬਲਾਤਕਾਰ ਵੀ ਹੋਇਆ ਸੀ। ਕਾਤਲਾਂ ਦਾ ਸੁਰਾਗ ਕਦੇ ਨਾ ਮਿਲਦਾ ਕਿਉਂਕਿ ਨਾ ਤਾਂ ਆਪਣੀ ਮਾਲੀ ਹੈਸੀਅਤ ਐਸੀ ਹੈ ਤੇ ਨਾ ਆਪਣੇ ਕੋਲ ਤਾਕਤ ਹੈ। ਇਸਤੋਂ ਬਾਅਦ ਤੁਸੀਂ ਆਪਣੀ ਪੂਰੀ ਜ਼ਿੰਦਗੀ ਜਲਾਲਤ ਅਤੇ ਸ਼ਰਮਿੰਦਗੀ ਨਾਲ ਬਿਤਾਉਂਦੇ ਰਹਿੰਦੇ ਅਤੇ ਕੁਝ ਸਾਲਾਂ ਬਾਅਦ ਤੁਸੀਂ ਇਸ ਤਕਲੀਫ ਨਾਲ ਹੀ ਮਰ ਜਾਂਦੇ ਅਤੇ ਬਸ ਸਭ ਕੁਝ ਖਤਮ ਹੋ ਜਾਂਦਾ।

ਪਰ ਉਸ ਬਦਸ਼ਗਨ ਭਰੇ ਪਲ ਨੇ ਸਾਰੀ ਕਹਾਣੀ ਬਦਲ ਦਿੱਤੀ। ਮੇਰਾ ਸਰੀਰ ਸੜਕ ਤੇ ਨਹੀਂ ਸੁਟਿਆ ਗਿਆ ਸਗੋਂ ਉਸ ਨੂੰ ਏਵੀਨ ਜੇਲ੍ਹ ਦੀ ਕਬਰ ਵਿਚ ਅਤੇ ਉਸਦੇ ਵਾਰਡ ਦੀ ਤਨਹਾਈ ਵਿਚ ਸੁੱਟ ਦਿੱਤਾ ਗਿਆ ਅਤੇ ਹੁਣ ਉਸਨੂੰ ਸ਼ਹਿਰ-ਏ-ਰਾਏ ਦੀ ਕਬਰਨੁਮਾ ਜੇਲ੍ਹ ਵਿਚ ਰੱਖ ਦਿੱਤਾ ਗਿਆ ਹੈ। ਪਰ ਇਸਨੂੰ ਕਿਸਮਤ ਦੀ ਖੇਡ ਮੰਨ ਲੈਣਾ ਅਤੇ ਕੋਈ ਸ਼ਿਕਾਇਤ ਨਾ ਕਰਨਾ। ਤੁਸੀਂ ਮੈਥੋਂ ਬਿਹਤਰ ਜਾਣਦੇ ਹੋ ਕਿ ਮੌਤ ਹੀ ਜ਼ਿੰਦਗੀ ਦਾ ਅੰਤ ਨਹੀਂ ਹੁੰਦੀ।

ਤੁਸੀਂ ਮੈਨੂੰ ਸਿਖਾਇਆ ਸੀ ਕਿ ਆਦਮੀ ਇਸ ਦੁਨੀਆ ਵਿਚ ਇਸ ਲਈ ਆਉਂਦਾ ਹੈ ਤਾਂ ਕਿ ਉਹ ਕੁਝ ਤਜਰਬੇ ਹਾਸਲ ਕਰੇ ਅਤੇ ਕੋਈ ਸਬਕ ਸਿੱਖੇ ਅਤੇ ਹਰ ਜਨਮ ਦੇ ਨਾਲ ਆਦਮੀ ਦੇ ਮੋਢਿਆਂ ਤੇ ਕੁਝ ਜ਼ਿੰਮੇਵਾਰੀਆਂ ਦਾ ਬੋਝ ਆ ਜਾਂਦਾ ਹੈ। ਮੈਂ ਇਹ ਵੀ ਸਿੱਖਿਆ ਕਿ ਕਦੇ-ਕਦੇ ਜ਼ਿੰਦਗੀ ਵਿਚ ਲੜਾਈ ਵੀ ਲੜਨੀ ਪੈਂਦੀ ਹੈ। ਮੈਨੂੰ ਯਾਦ ਹੈ ਕਿ ਜਦੋਂ ਤੁਸੀਂ ਮੈਨੂੰ ਦੱਸਿਆ ਸੀ ਕਿ ਇਕ ਗੱਡੀ ਵਾਲੇ ਨੇ ਉਸ ਵਿਅਕਤੀ ਦਾ ਵਿਰੋਧ ਕੀਤਾ ਜਿਹੜਾ ਮੈਨੂੰ ਚਾਬੁਕ ਮਾਰ ਰਿਹਾ ਸੀ ਪਰ ਚਾਬੁਕ ਮਾਰਨ ਵਾਲੇ ਨੇ ਗੱਡੀ ਵਾਲੇ ਦੇ ਸਿਰ ਤੇ ਅਜਿਹਾ ਚਾਬੁਕ ਮਾਰਿਆ ਕਿ ਉਸਦੀ ਮੌਤ ਹੋ ਗਈ। ਇਸੇ ਸਿਲਸਿਲੇ ਵਿਚ ਤੁਸੀਂ ਇਹ ਵੀ ਦੱਸਿਆ ਸੀ ਕਿ ਕਿਸੇ ਅਸੂਲ ਦੀ ਰੱਖਿਆ ਲਈ ਅਖੀਰ ਤੱਕ ਲੜਨਾ ਚਾਹੀਦਾ ਹੈ ਭਾਵੇਂ ਨਤੀਜੇ ਦੇ ਤੌਰ ਤੇ ਮੌਤ ਕਿਉਂ ਨਾ ਮਿਲੇ।

ਜਿਨ੍ਹਾਂ ਦਿਨਾਂ 'ਚ ਅਸੀਂ ਸਕੂਲ ਜਾਂਦੇ ਸੀ ਕਿ ਲੜਾਈ ਝਗੜੇ ਤੇ ਸ਼ਿਕਵੇ ਸ਼ਿਕਾਇਤਾਂ ਦੇ ਸਮੇਂ ਸਾਨੂੰ ਔਰਤਾਨਾ ਹੋਣਾ ਚਾਹੀਦਾ ਹੈ। ਕਿਉਂਕਿ ਤੁਹਾਨੂੰ ਯਾਦ ਹੈ ਕਿ ਸਾਡੇ ਤੌਰ ਤਰੀਕੇ 'ਤੇ ਤੁਸੀਂ ਕਿੰਨੀ ਵਾਰ ਉਂਗਲ ਉਠਾਈ ਸੀ? ਤੁਹਾਡਾ ਤਜਰਬਾ ਗਲਤ ਸੀ। ਜਦੋਂ ਇਹ ਘਟਨਾ ਹੋਈ ਤਾਂ ਇਹ ਸਾਰੀਆਂ ਹਦਾਇਤਾਂ ਮੇਰੇ ਕਿਸੇ ਕੰਮ ਨਾ ਆਈਆਂ। ਅਦਾਲਤ ਵਿਚ ਮੈਨੂੰ ਇੰਝ ਪੇਸ਼ ਕੀਤਾ ਗਿਆ ਕਿ ਮੈਂ ਕੋਈ ਬੇਰਹਿਮ ਕਾਤਲ ਅਤੇ ਬਰਾਬਰ ਅਪਰਾਧੀ ਹੋਵਾਂ। ਮੈਂ ਹੰਝੂ ਨਹੀਂ ਵਹਾਏ, ਮੈਂ ਹੱਥ ਨਹੀਂ ਜੋੜੇ, ਮੈਂ ਚੀਕੀ ਚਿਲਾਈ ਨਹੀਂ ਕਿਉਂਕਿ ਕਾਨੂੰਨ 'ਤੇ ਮੈਨੂੰ ਭਰੋਸਾ ਸੀ।

ਪਰ ਮੇਰੇ ਉੱਤੇ ਦੋਸ਼ ਲਗਾਇਆ ਗਿਆ ਕਿ ਮੈਂ ਆਪਣੇ ਅਪਰਾਧ ਪ੍ਰਤੀ ਬੇਪ੍ਰਵਾਹ ਹਾਂ। ਤੁਸੀਂ ਤਾਂ ਜਾਣਦੇ ਹੋ ਕਿ ਮੈਂ ਕਦੇ ਇਕ ਮੱਛਰ ਵੀ ਨਹੀਂ ਮਾਰਿਆ ਅਤੇ ਜੇ ਕੋਈ ਕਾਕਰੋਚ ਦਿਖ ਜਾਂਦਾ ਤਾਂ ਮੈਂ ਉਸਦੇ ਖੰਭ ਫੜ ਬਾਹਰ ਸੁੱਟ ਆਉਂਦੀ ਸੀ। ਹੁਣ ਮੈਂ ਇਕ ਅਜਿਹੇ ਕਾਤਲ ਦੇ ਤੌਰ ਤੇ ਪੇਸ਼ ਕੀਤੀ ਗਈ ਹਾਂ ਜਿਸਨੇ ਕਾਫੀ ਸੋਚ-ਸਮਝ ਕੇ ਹੱਤਿਆ ਕੀਤੀ। ਜਾਨਵਰਾਂ ਪ੍ਰਤੀ ਮੇਰੇ ਵਿਵਹਾਰ ਸਬੰਧੀ ਕਿਹਾ ਜਾਂਦਾ ਸੀ ਕਿ ਮੈਂ ਮੁੰਡਿਆਂ ਦੀ ਤਰ੍ਹਾਂ ਵਿਵਹਾਰ ਕਰਦੀ ਹਾਂ ਅਤੇ ਅਦਾਲਤ ਵਿਚ ਜੱਜ ਨੇ ਇਸ ਸੱਚਾਈ ਦੇ ਰੂਬਰੂ ਹੋਣ ਦੀ ਜਹਿਮਤ ਵੀ ਨਹੀਂ ਉਠਾਈ ਕਿ ਜਿਸ ਸਮੇਂ ਇਹ ਹਾਦਸਾ ਹੋਇਆ ਮੇਰੇ ਹੱਥਾਂ ਤੇ ਪਾਲਿਸ਼ ਲੱਗੇ ਲੰਮੇ ਨਹੁੰ ਸਨ।

ਜੱਜ ਤੋਂ ਨਿਆਂ ਦੀ ਉਮੀਦ ਕਰਦੇ ਸਮੇਂ ਕੋਈ ਵੀ ਆਦਮੀ ਕਿੰਨ੍ਹਾ ਆਸ਼ਾਵਾਨ ਹੁੰਦਾ ਹੈ! ਜੱਜ ਨੇ ਕਦੇ ਇਹ ਸਮਝਣ ਦੀ ਜਹਿਮਤ ਨਹੀਂ ਚੁੱਕੀ ਕਿ ਮੇਰੇ ਹੱਥ ਕਿਸੇ ਖਿਡਾਰੀ ਦੀ ਤਰ੍ਹਾਂ-ਖਾਸ ਤੌਰ ਤੇ ਕਿਸੇ ਮੁੱਕੇਬਾਜ ਦੀ ਤਰ੍ਹਾਂ ਸਖਤ ਨਹੀਂ ਹਨ ਅਤੇ ਇਸ ਮੁਲਕ ਨੇ ਜਿਸਦੇ ਬਾਰੇ ਵਿਚ ਤੂੰ ਮੇਰੇ ਅੰਦਰ ਬੇਥਾਹ ਮੁਹੱਬਤ ਭਰੀ ਉਸਨੇ ਮੈਨੂੰ ਕਦੇ ਨਹੀਂ ਚਾਹਿਆ ਅਤੇ ਉਸ ਸਮੇਂ ਵੀ ਜਦ ਅਦਾਲਤ ਵਿਚ ਬਹਿਸ ਦੌਰਾਨ ਮੈਂ ਚੀਕ ਰਹੀ ਸੀ ਅਤੇ ਤਮਾਮ ਬੇਹੂਦਾ ਗੱਲਾਂ ਆਪਣੇ ਬਾਰੇ ਸੁਣ ਰਹੀ ਸੀ, ਕਿਸੇ ਨੇ ਮੇਰੀ ਹਮਾਇਤ ਨਹੀਂ ਕੀਤੀ। ਜਿਸ ਸਮੇਂ ਮੈਂ ਆਪਣੀ ਖੂਬਸੂਰਤੀ ਦੀ ਆਖਰੀ ਨਿਸ਼ਾਨੀ ਆਪਣੇ ਲੰਮੇ-ਲੰਮੇ ਵਾਲਾਂ ਨੂੰ ਪੂਰੀ ਤਰ੍ਹਾਂ ਕੱਟ ਦਿੱਤਾ, ਮੈਨੂੰ ਇਕ ਇਨਾਮ ਮਿਲਿਆ : ਗਿਆਰ੍ਹਾਂ ਦਿਨਾਂ ਦੀ ਕੈਦ ਤਨਹਾਈ।

ਪਿਆਰੀ ਸ਼ੋਲੇਹ, ਜੋ ਕੁਝ ਮੈਂ ਬਿਆਨ ਕਰ ਰਹੀਂ ਹਾਂ ਉਸਨੂੰ ਸੁਣ ਕੇ ਤੁਸੀਂ ਰੋਣਾ ਨਹੀਂ। ਪੁਲਿਸ ਦੇ ਦਫਤਰ ਵਿਚ ਪਹਿਲੇ ਹੀ ਦਿਨ ਇਕ ਬੁੱਢੇ ਅਣਵਿਆਹੇ ਇਕ ਸਰਕਾਰੀ ਏਜੰਟ ਨੇ ਮੇਰੇ ਨਹੁੰਆਂ ਨੂੰ ਵੇਖਕੇ ਮੈਨੂੰ ਸੱਟ ਪਹੁੰਚਾਈ ਤਦ ਮੈਂ ਸਮਝਿਆ ਕਿ ਇਸ ਜ਼ਮਾਨੇ ਵਿਚ ਖੂਬਸੂਰਤੀ ਦੀ ਕੋਈ ਕਦਰ ਨਹੀਂ। ਕੋਈ ਨਹੀਂ ਚਾਹੁੰਦਾ ਨਜ਼ਰਾਂ ਦੀ ਸੁੰਦਰਤਾ, ਜਜਬਾਤਾਂ ਅਤੇ ਖਾਹਿਸ਼ਾਂ ਦੀ ਸੁੰਦਰਤਾ, ਸੁੰਦਰ ਲਿਖਾਵਟ, ਅੱਖਾਂ ਦੀ ਸੁੰਦਰਤਾ ਅਤੇ ਇੱਥੋਂ ਤੱਕ ਕਿ ਖੂਬਸੂਰਤ ਅਵਾਜ਼ ਦੀ ਖਿੱਚ, ਮੇਰੀ ਪਿਆਰੀ ਮਾਂ, ਮੇਰੇ ਖਿਆਲ ਬਦਲ ਗਏ ਹਨ। ਤੁਸੀਂ ਇਸ ਲਈ ਜ਼ਿੰਮੇਵਾਰ ਨਹੀਂ ਹੋ। ਮੇਰੇ ਬੋਲ ਕਦੇ ਖਤਮ ਨਹੀਂ ਹੋਣ ਵਾਲੇ ਅਤੇ ਇਹ ਸਭ ਮੈਂ ਇਕ ਵਿਅਕਤੀ ਨੂੰ ਦੇ ਰਹੀ ਹਾਂ ਤਾਂ ਕਿ ਤੁਹਾਡੀ ਗੈਰ ਮੌਜੂਦਗੀ ਵਿਚ ਅਤੇ ਜਾਣਕਾਰੀ ਬਗੈਰ ਜਦੋਂ ਮੈਨੂੰ ਫਾਂਸੀ ਦੇ ਦਿੱਤੀ ਗਈ ਹੋਵੇ ਤਦ ਇਹ ਤੁਹਾਡੇ ਤੱਕ ਪਹੁੰਚਾ ਦਿੱਤਾ ਜਾਵੇ। ਆਪਣੀ ਵਸੀਹਤ ਦੇ ਤੌਰ ਤੇ ਮੈਂ ਕਾਫੀ ਕੁਝ ਆਪਣੀ ਲਿਖਾਵਟ ਵਿਚ ਤੁਹਾਡੇ ਲਈ ਛੱਡ ਰੱਖਿਆ ਹੈ।

ਜੋ ਵੀ ਹੋਵੇ, ਮੌਤ ਤੋਂ ਪਹਿਲਾਂ ਮੈਂ ਤੁਹਾਥੋਂ ਕੁਝ ਚਾਹੁੰਦੀ ਹਾਂ ਅਤੇ ਤੁਹਾਨੂੰ ਕਿਸੇ ਵੀ ਹਾਲਤ ਵਿਚ ਮੇਰੀ ਇੱਛਾ ਪੂਰੀ ਕਰਨੀ ਹੀ ਹੋਵੇਗੀ। ਅਸਲ ਵਿਚ ਇਹੋ ਇਕਲੌਤੀ ਚੀਜ ਹੈ ਜੋ ਮੈਂ ਇਸ ਦੁਨੀਆ ਤੋਂ ਇਸ ਮੁਲਕ ਤੋਂ ਅਤੇ ਤੁਹਾਡੇ ਤੋਂ ਮੰਗ ਰਹੀ ਹਾਂ। ਮੈਨੂੰ ਪਤਾ ਹੈ ਕਿ ਤੁਹਾਨੂੰ ਇਸ ਲਈ ਥੋੜ੍ਹਾ ਵਕਤ ਚਾਹੀਦਾ। ਲਿਹਾਜਾ ਆਪਣੀ ਵਸੀਅਤ ਦਾ ਇਕ ਹਿੱਸਾ ਜਲਦੀ ਹੀ ਮੈਂ ਤੁਹਾਨੂੰ ਦੱਸਦੀ ਹਾਂ। ਕ੍ਰਿਪਾ ਕਰਕੇ ਰੋਣਾ ਨਹੀਂ ਅਤੇ ਧਿਆਨ ਨਾਲ ਸੁਣਨਾ। ਮੈਂ ਚਾਹੁੰਦੀ ਹਾਂ ਕਿ ਤੁਸੀਂ ਖੁਦ ਅਦਾਲਤ ਜਾਵੋਂ ਅਤੇ ਮੇਰੀ ਇਸ ਇੱਛਾ ਨੂੰ ਉਥੇ ਰੱਖੋਂ। ਮੈਂ ਜੇਲ੍ਹ ਤੋਂ ਕਿਸੇ ਖਤ ਵਿਚ ਇਹ ਗੱਲਾਂ ਨਹੀਂ ਲਿਖ ਸਕਦੀ ਕਿਉਂਕਿ ਜੇਲ੍ਹ ਦੇ ਹੁਕਮਰਾਨਾ ਤੋਂ ਇਸਦੀ ਇਜਾਜਤ ਲੈਣੀ ਹੋਵੇਗੀ। ਇਸ ਲਈ ਤੁਹਾਨੂੰ ਇਕ ਵਾਰ ਫਿਰ ਮੇਰੇ ਕਰਕੇ ਤਕਲੀਫ ਉਠਾਉਣੀ ਹੀ ਪਵੇਗੀ। ਇਹੀ ਇਕ ਅਜਿਹੀ ਚੀਜ਼ ਹੈ ਜਿਸਨੂੰ ਪੂਰਾ ਕਰਨ ਲਈ ਤੁਸੀਂ ਹੱਥ ਵੀ ਜੋੜੋਂ ਤਾਂ ਮੈਂ ਬੇਚੈਨੀ ਨਹੀਂ ਮਹਿਸੂਸ ਕਰਾਂਗੀ ਹਾਲਾਂਕਿ ਮੈਂ ਕਈ ਵਾਰ ਤੁਹਾਨੂੰ ਇਹ ਗੁਜ਼ਾਰਿਸ਼ ਕੀਤੀ ਕਿ ਫਾਂਸੀ ਦੇ ਫੰਦੇ ਤੋਂ ਮੈਨੂੰ ਬਚਾਉਣ ਲਈ ਤੁਸੀਂ ਹਰਗਿਜ਼ ਕਿਸੇ ਅੱਗੇ ਹੱਥ ਨਾ ਜੋੜਨਾ।

ਮੇਰੀ ਪਿਆਰੀ ਮਾਂ ਸ਼ੋਲੇਹ, ਤੁਸੀਂ ਜੋ ਮੇਰੀ ਜ਼ਿੰਦਗੀ ਤੋਂ ਵੀ ਜਿਆਦਾ ਮੇਰੇ ਲਈ ਪਿਆਰੇ ਹੋ, ਮੈਂ ਕਹਿਣਾ ਚਾਹੁੰਦੀ ਹਾਂ ਕਿ ਮੈਂ ਮਿੱਟੀ ਦੇ ਥੱਲੇ ਦਫਨ ਹੋ ਕੇ ਸੜਨਾ ਨਹੀਂ ਚਾਹੁੰਦੀ ਕਿ ਮੇਰੀਆਂ ਅੱਖਾਂ ਤੇ ਮੇਰਾ ਜਵਾਨ ਦਿਲ ਧੂੜ ਵਿਚ ਮਿਲ ਜਾਵੇ। ਤੁਸੀਂ ਉਹਨਾਂ ਨੂੰ ਹੱਥ ਜੋੜਕੇ ਕਹਿਣਾ ਕਿ ਉਹ ਕੋਈ ਅਜਿਹਾ ਇੰਤਜਾਮ ਕਰਨ ਕਿ ਜਿਵੇਂ ਹੀ ਮੈਨੂੰ ਫਾਂਸੀ ਦੇ ਦਿੱਤੀ ਜਾਵੇ ਮੇਰਾ ਦਿਲ, ਗੁਰਦਾ, ਅੱਖਾਂ, ਹੱਡੀਆਂ ਅਤੇ ਅਜਿਹਾ ਕੋਈ ਵੀ ਅੰਗ ਜਿਸਨੂੰ ਕਿਸੇ ਜਰੂਰਤਮੰਦ ਨੂੰ ਦਿੱਤਾ ਜਾ ਸਕੇ ਮੇਰੇ ਸਰੀਰ 'ਚੋਂ ਕੱਢ ਲਿਆ ਜਾਵੇ ਤੇ ਉਸਨੂੰ ਦਾਨ ਵਿੱਚ ਦੇ ਦਿੱਤਾ ਜਾਵੇ। ਮੈਂ ਨਹੀਂ ਚਾਹੁੰਦੀ ਕਿ ਜਿਸਨੂੰ ਇਹ ਦਿੱਤਾ ਜਾ ਰਿਹਾ ਹੋਵੇ ਉਹ ਮੇਰਾ ਨਾਮ ਵੀ ਜਾਣੇ, ਮੇਰੇ ਲਈ ਇਕ ਫੁੱਲਾਂ ਦਾ ਗੁਲਦਸਤਾ ਲਵੇ ਜਾਂ ਇਥੋਂ ਤੱਕ ਕਿ ਮੇਰੇ ਲਈ ਦੁਆ ਵੀ ਕਰੇ। ਇਹ ਮੈਂ ਤੁਹਾਨੂੰ ਆਪਣੇ ਦਿਲ ਦੀਆਂ ਗਹਿਰਾਈਆਂ 'ਚੋਂ ਕਹਿ ਰਹੀ ਹਾਂ ਕਿ ਮੈਂ ਨਹੀਂ ਚਾਹੁੰਦੀ ਕਿ ਮੇਰੀ ਕੋਈ ਕਬਰ ਹੋਵੇ ਜਿੱਥੇ ਆ ਕੇ ਤੁਸੀਂ ਸੋਗ ਮਨਾਵੋਂ ਅਤੇ ਤਕਲੀਫ ਉਠਾਵੋਂ। ਮੈਂ ਨਹੀਂ ਚਾਹੁੰਦੀ ਕਿ ਤੁਸੀਂ ਮੇਰੇ ਲਈ ਕਾਲੀ ਪੁਸ਼ਾਕ ਪਹਿਨੋਂ। ਜਿਆਦਾ ਤੋਂ ਜਿਆਦਾ ਕੋਸ਼ਿਸ਼ ਕਰੋ ਕਿ ਮੇਰੇ ਇਨ੍ਹਾਂ ਮੁਸ਼ਕਿਲ ਦਿਨਾਂ ਨੂੰ ਤੁਸੀਂ ਭੁੱਲ ਸਕੋਂ। ਹਵਾ ਨੂੰ ਕਹੋ ਕਿ ਉਹ ਮੈਨੂੰ ਦੂਰ ਵਹਾ ਲੈ ਜਾਵੇ। ਦੁਨੀਆ ਨੇ ਸਾਨੂੰ ਪਿਆਰ ਨਹੀਂ ਦਿੱਤਾ। ਉਸਨੂੰ ਮੇਰੀ ਕਿਸਮਤ ਪਸੰਦ ਨਹੀਂ ਸੀ ਅਤੇ ਹੁਣ ਮੈਂ ਇਸਦੇ ਅੱਗੇ ਪਸਤ ਮਹਿਸੂਸ ਕਰ ਰਹੀ ਹਾਂ। ਅਤੇ ਮੌਤ ਨੂੰ ਗਲੇ ਲਗਾ ਰਹੀ ਹਾਂ। ਅੱਲ੍ਹਾ ਦੀ ਅਦਾਲਤ ਵਿਚ ਮੈਂ ਉਹਨਾਂ ਇੰਸਪੈਕਟਰਾਂ 'ਤੇ ਇਲਜਾਮ ਮੜ੍ਹਾਂਗੀ। ਮੈਂ ਇੰਸਪੈਕਟਰ ਸ਼ਾਮਲੂ ਨੂੰ ਕਟਹਿਰੇ 'ਚ ਖੜ੍ਹਾ ਕਰਾਂਗੀ, ਮੈਂ ਜੱਜ ਨੂੰ ਆਰੋਪ ਦੇ ਦਾਇਰੇ 'ਚ ਲਿਆਵਾਂਗੀ ਅਤੇ ਦੇਸ਼ ਦੀ ਸੁਪਰੀਮ ਕੋਰਟ ਦੇ ਉਨ੍ਹਾਂ ਜੱਜਾਂ ਨੂੰ ਵੀ ਜਿਨ੍ਹਾਂ ਨੇ ਉਸ ਸਮੇਂ ਮੈਨੂੰ ਤਾੜਨਾ ਦਿੱਤੀ ਜਦੋਂ ਮੈਂ ਜਾਗ ਚੁੱਕੀ ਸੀ ਅਤੇ ਮੈਨੂੰ ਤਬਾਹ ਕਰਨ ਤੋਂ ਬਾਜ਼ ਨਹੀਂ ਆਏ। ਉਸ ਅਦਾਲਤ ਵਿਚ ਮੈਂ ਡਾਕਟਰ ਫਰਵੰਡੀ ਨੂੰ ਕਟਹਿਰੇ 'ਚ ਖੜ੍ਹਾ ਕਰਾਂਗੀ। ਮੈਂ ਕਾਸਿਮ ਸ਼ਿਬਾਨੀ ਅਤੇ ਉਨ੍ਹਾਂ ਸਾਰੇ ਲੋਕਾਂ ਉੱਤੇ ਦੋਸ਼ ਲਾਵਾਂਗੀ ਜਿੰਨ੍ਹਾਂ ਨੇ ਆਪਣੀ ਨਾਸਮਝੀ ਅਤੇ ਆਪਣੇ ਝੂਠ ਦੀ ਵਜ੍ਹਾ ਕਰਕੇ ਮੈਨੂੰ ਗਲਤ ਠਹਿਰਾਇਆ ਅਤੇ ਮੇਰੇ ਅਧਿਕਾਰਾਂ ਨੂੰ ਪੈਰਾਂ ਥੱਲੇ ਮਸਲਦੇ ਹੋਏ ਇਸ ਸੱਚਾਈ 'ਤੇ ਧਿਆਨ ਨਹੀਂ ਦਿੱਤਾ ਕਿ ਕਦੇ-ਕਦੇ ਜੋ ਸੱਚਾਈ ਵਿਖਾਈ ਦਿੰਦੀ ਹੈ ਉਹ ਹਕੀਕਤ ਨਾਲੋਂ ਵੱਖਰੀ ਹੁੰਦੀ ਹੈ।

ਮੇਰੀ ਨਰਮ ਦਿਲ ਸ਼ੋਲੇਹ, ਉਸ ਦੂਸਰੀ ਦੁਨੀਆ ਵਿਚ ਅਸੀਂ ਤੇ ਤੁਸੀਂ ਹੋਵਾਂਗੇ ਜੋ ਦੋਸ਼ ਲਾਵਾਂਗੇ। ਦੂਜੇ ਲੋਕ ਕਟਹਿਰੇ 'ਚ ਖੜੇ ਹੋਣਗੇ। ਵੇਖਣਾ ਹੈ ਕਿ ਅੱਲ੍ਹਾ ਦੀ ਮਰਜੀ ਕੀ ਹੈ। ਮੇਰੀ ਇੱਛਾ ਹੈ ਕਿ ਮਰਦੇ ਦਮ ਤੱਕ ਤੁਹਾਨੂੰ ਗਲੇ ਲਗਾਈ ਰੱਖਾਂ। ਮੈਂ ਤੁਹਾਡੇ ਨਾਲ ਬਹੁਤ-ਬਹੁਤ ਪਿਆਰ ਕਰਦੀ ਹਾਂ।

- ਰੇਹਾਨਾ
1 ਅਪ੍ਰੈਲ 2014

**'ਸਮਕਾਲੀਨ ਤੀਸਰੀ ਦੁਨੀਆ' 'ਚੋਂ ਧੰਨਵਾਦ ਸਹਿਤ**

**ਅਨੁਵਾਦ: ਮਨਦੀਪ**
**ਸੰਪਰਕ: +91 98764 4205**

# ਸੰਸਾਰ ਪੱਧਰ ’ਤੇ ਪਾਣੀ ਦੇ ਸੋਮਿਆਂ ਨਾਲ ਕੀਤੇ ਜਾ ਰਹੇ ਖਿਲਵਾੜ ਬਾਰੇ



ਪਾਣੀ ਤੋਂ ਬਿਨਾਂ ਮਨੁੱਖ, ਜੀਵ ਜੰਤੂ ਤੇ ਬਨਸਪਤੀ ਦੀ ਹੋਂਦ ਬਾਰੇ ਗੱਲ ਕਰਨੀ ਮੁਸ਼ਕਿਲ ਹੈ। ਇਸ ਜੀਵਤ ਸਰਿਸ਼ਟੀ ਦੇ ਪਹੀਏ ਨੂੰ ਅੱਗੇ ਚਲਦਾ ਰੱਖਣ ਲਈ ਪੁਰਾਤਨ ਸਮੇਂ ਧਰਤੀ ਨੂੰ ਮਾਂ ਅਤੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ। ਪਰ ਇਸ ਪਾਣੀ ਦੇ ਪ੍ਰਵਾਹ ਸਾਹਮਣੇ ਮਨੁੱਖਤਾ ਸੋਕੇ ਤੇ ਡੋਬੇ ਦੀ ਮਾਰ ਦਾ ਸਾਹਮਣਾ ਕਰ ਰਹੀ ਹੈ। ਮਨੁੱਖ ਆਪਣੀ ਹੋਂਦ ਵਿੱਚ ਆਉਣ ਵੇਲੇ ਤੋਂ ਹੀ ਇਸ ਸਮੱਸਿਆ ਦਾ ਸਾਹਮਣਾ ਕਰਦਾ ਆਇਆ ਹੈ। ਪਰ ਜਿਉਂ-ਜਿਉਂ ਮਨੁੱਖ ਇਨਾਂ ਦੇ ਕਾਰਨਾਂ ਨੂੰ ਬੁੱਝਣ ਤੇ ਹੱਲ ਕਰਨ ਦੇ ਕਿਸੇ ਵੀ ਪਹਿਲੇ ਸਮੇਂ ਨਾਲੋਂ ਵੱਧ ਕਾਬਲ ਹੋਈ ਜਾ ਰਿਹਾ ਹੈ, ਤਿਉਂ-ਤਿਉਂ ਇਸਨੂੰ ਇਸ ਸਬੰਧੀ ਵੱਧ ਤੋਂ ਵੱਧ ਖਤਰਨਾਕ ਸਮੱਸਿਆਵਾਂ ਘੇਰੀ ਜਾ ਰਹੀਆਂ ਹਨ। ਇੱਥੋਂ ਤੱਕ ਕਿ ਮਨੁੱਖ ਦੇ ਜੀਵਤ ਰਹਿਣ ਲਈ ਜ਼ਰੂਰੀ ਇਸ ਕਿਸਮ ਦੇ ਕੁਦਰਤੀ ਸੋਮੇ ਵੀ ਖਤਰੇ ਦੇ ਘੇਰੇ ਅਧੀਨ ਆ ਗਏ ਹਨ। ਇਨਾਂ ’ਚ ਘੋਲੀ ਜਾ ਰਹੀ ਜ਼ਹਿਰ ਕਰਕੇ ਮਨੁੱਖ ਨੂੰ ਪੀਣ ਵਾਲੇ ਪਾਣੀ ਦੀ ਤੋਟ ਤੋਂ ਅੱਗੇ ਉਸਨੂੰ ਪੀਣ ਲਈ ਜ਼ਹਿਰ ਘੁਲਿਆ ਪਾਣੀ ਤੇ ਖਾਣ ਲਈ ਜ਼ਹਿਰੀਲੀ ਬਨਸਪਤੀ ਅਤੇ ਇਸਤੋਂ ਅੱਗੇ ਧਰਤੀ ਦੇ ਫੇਫੜਿਆਂ (ਵਾਯੂਮੰਡਲ) ਦੇ ਜ਼ਹਿਰੀਲੇ ਕੀਤੇ ਜਾਣ ਕਰਕੇ ਸਾਹ ਲੈਣ ਲਈ ਹਵਾ ਦੀ ਸਮੱਸਿਆ ਵੀ ਪੈਦਾ ਹੋ ਰਹੀ ਹੈ। ਉਸਦਾ ਜੀਣਾ ਦਿਨੋ ਦਿਨ ਦੁੱਭਰ ਹੋਈ ਜਾ ਰਿਹਾ ਹੈ। ਮਨੁੱਖ ਦੀ ਬੁਨਿਆਦੀ ਲੋੜ ਤੇ ਹੱਕ ਵਜੋਂ ਸਿਰਫ ਰੋਟੀ, ਕੱਪੜਾ ਤੇ ਮਕਾਨ ਦਾ ਸਵਾਲ ਹੀ ਨਹੀਂ ਹੈ ਸਗੋਂ ਇਸ ’ਚ ਪਾਣੀ ਵੀ ਇੱਕ ਬੁਨਿਆਦੀ ਹੱਕ ਤੇ ਲੋੜ ਵਜੋਂ ਸ਼ਾਮਿਲ ਹੈ।

ਸਵਾਲ ਖੜ੍ਹਾ ਇਸਦੀ ਬਰਬਾਦੀ ਦਾ ਹੁੰਦਾ ਹੈ ਕਿ ਕੀ ਪਾਣੀ ਦੀ ਸਮੱਸਿਆ ਨੂੰ ਸਮਾਜਿਕ ਵਿਕਾਸ ਦੇ ਮੌਜੂਦਾ ਪੜਾਅ ’ਤੇ ਕੁਦਰਤ ਦੀ ਕਰੋਪੀ ਕਹਿ ਕੇ ਮਨੁੱਖ ਵੱਲੋਂ ਆਪੇ ਪੈਦਾ ਕੀਤੀ ਸਮੱਸਿਆ ਕਹਿਕੇ ਛੱਡਿਆ ਜਾ ਸਕਦਾ ਹੈ ? ਇਸ ਸਬੰਧੀ ਅਸਲ ਵਿੱਚ ਹਕੀਕਤ ਇਹ ਹੈ ਕਿ ਇਸਦਾ ਜ਼ੁੰਮੇਵਾਰ ਮੌਜੂਦਾ ਲੁਟੇਰਾ ਤੇ ਜਾਬਰ ਪ੍ਰਬੰਧ ਹੈ ਜਿਸਦੀ ਅਗਵਾਈ ਕਰ ਰਹੀਆਂ ਕਾਲੀਆਂ ਤਾਕਤਾਂ ਲੋਕਾਂ ਅਤੇ ਇਸ ਧਰਤ ਦੇ ਮਾਲ ਖਜ਼ਾਨਿਆਂ ਜ਼ਮੀਨ, ਖਣਿਜ ਪਦਾਰਥ, ਬਨਸਪਤੀ ਅਤੇ ਪਾਣੀ ਆਦਿ ’ਤੇ ਆਪਣੀ ਲੁੱਟ ਦੇ ਜਕੜਪੰਜੇ ਨੂੰ ਆਏ ਦਿਨ ਨਵੀਂਆਂ ਤੋਂ ਨਵੀਂਆਂ ਨੀਤੀਆਂ (ਮੌਜੂਦਾ ਸਮੇਂ ਸੰਸਾਰੀਕਰਨ ਦੀ ਨੀਤੀ) ਰਾਹੀਂ ਮਜ਼ਬੂਤ ਕਰੀ ਜਾ ਰਹੀਆਂ ਹਨ। ਮਨੁੱਖੀ ਸਮਾਜ ਦੇ ਜਮਾਤੀ ਇਤਿਹਾਸ ਦੇ ਸ਼ੁਰੂ ਹੋਣ ਦੇ ਸਮੇਂ ਲੈ ਕੇ ਲੁਟੇਰੀਆਂ ਤਾਕਤਾਂ ਰਫਤਾ ਰਫਤਾ ਸਾਡੀ ਧਰਤੀ ਦੇ ਸਮੁੱਚੇ ਮਾਲ ਖਜ਼ਾਨਿਆਂ ’ਤੇ ਆਪਣੀ ਲੁੱਟ ਤੇ ਕੰਟਰੋਲ ਨੂੰ ਅੱਗੇ ਵਧਾਉਂਦੀਆਂ ਆ ਰਹੀਆਂ ਹਨ। ਲੁਟੇਰੇ ਸਮਾਜ ਦੇ ਮੌਜੂਦਾ (ਸਾਮਰਾਜੀ) ਪੜਾਅ ’ਤੇ ਲੁਟੇਰੀਆਂ ਤਾਕਤਾਂ ਵੱਲੋਂ ਸਮੁੱਚੇ ਤੌਰ ’ਤੇ ਲੁੱਟ ਦੇ ਕਸੇ ਜਾ ਰਹੇ ਇਸ ਸ਼ਿਕੰਜੇ ’ਚ ਖਾਸ ਕਰਕੇ ਭਾਰਤ ਵਰਗੇ ਦੱਬੇ ਕੁਚਲੇ ਮੁਲਕਾਂ ਦੇ ਉਨਾਂ ਖੇਤਰਾਂ ’ਚ ਵੀ ਅੰਨੀ ਲੁੱਟ ਮਚਾਉਣੀ ਸ਼ੁਰੂ ਕਰ ਦਿੱਤੀ ਗਈ ਹੈ। ਜਿਹੜੇ ਖੇਤਰ ਪਹਿਲਾਂ ਦੇ ਸਮਿਆਂ ਅੰਦਰ ਜ਼ਿਆਦਾ ਤਿੱਖੀ ਲੁੱਟ ਦੇ ਖੇਤਰ ਨਹੀਂ ਸਨ ਜਿਵੇਂ ਕਿ ਮੌਜੂਦਾ ਹਾਲਤ ’ਚ ਇਸ ਧਰਤੀ ਦੇ ਸਮੁੱਚੇ ਕੁਦਰਤੀ ਖਜ਼ਾਨਿਆਂ ਦੇ ਨਾਲੋ ਨਾਲ ਪਾਣੀ ਦੀ ਸੰਸਾਰੀਕਰਨ ਦੀ ਨੀਤੀ। ਲੋਕਾਂ ਦੀ ਸਮੂਹਿਕ ਮਾਲਕੀ ਵਾਲੇ ਇਸ ਕੁਦਰਤੀ ਸੋਮੇ ਪਾਣੀ ’ਤੇ ਵੀ ਨਿੱਜੀ ਅਧਿਕਾਰ (ਬਹੁਕੌਮੀ ਕੰਪਨੀਆਂ ਦਾ) ਜਮਾ ਕੇ ਕੀਤੀ ਜਾ ਰਹੀ ਬੇਤਰਸ ਲੁੱਟ ਵੀ ਹੋਰ ਖੇਤਰਾਂ ’ਚ ਕੀਤੀ ਜਾ ਰਹੀ ਲੁੱਟ ਨਾਲ ਜੁੜ ਕੇ ਇੱਕ ਗੰਭੀਰ ਮੁੱਦੇ ਵਜੋਂ ਭਰਕੇ ਸਾਹਮਣੇ ਆ ਰਹੀ ਹੈ। ਜਿਵੇਂ ਸਾਮਰਾਜੀ ਲੁਟੇਰਿਆਂ ਤੇ ਭਾਰਤ ਵਰਗੇ ਤੀਜੀ ਦੁਨੀਆਂ ਦੇ ਮੁਲਕਾਂ ਦੀਆਂ ਸਾਮਰਾਜੀਆਂ ਦੀਆਂ ਪਿੱਠੂ ਹਕੂਮਤਾਂ ਵੱਲੋਂ ਮਿਹਨਤੀ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਹਮੇਸ਼ਾ ਹੀ ਤੇ ਹਰ ਥਾਵੇਂ ਦਾਬਾ ਪਾਉਣ ਨਾਲ ਅਟੁੱਟ ਰੂਪ ’ਚ ਜੁੜੀ ਹੋਈ ਹੁੰਦੀ ਹੈ ਅਤੇ ਪਾਣੀ ਦੇ ਖੇਤਰ ’ਚ ਕੀਤੀ ਜਾ ਰਹੀ ਲੁੱਟ ਵੀ ਦਾਬੇ ਤੋਂ ਟੁੱਟੀ ਹੋਈ ਨਹੀਂ ਹੈ। ਇਸ ਕਰਕੇ ਹਾਕਮ ਲਾਣਾ ਪਾਣੀ ਦੇ ਹਰ ਤਰਾਂ ਦੇ ਸੋਮਿਆਂ ’ਤੇ ਕਾਬਜ਼ ਹੋਣ ਲਈ ਵੀ ਧਾੜਵੀ ਜੰਗਾਂ ਲੜਦਾ ਹੈ, ਮਿਹਨਤੀ ਲੋਕਾਂ ’ਤੇ ਜ਼ਬਰ ਜ਼ੁਲਮ ਢਾਹੁੰਦਾ ਹੈ ਤੇ ਪਾਣੀਆਂ ਦੀ ਲੋਕਾਂ ’ਚ ਵਾਜਬ ਤੇ ਨਿਆਈ ਵੰਡ ਕਰਨ ਦੀ ਬਜਾਏ ਅਨਿਆਈ ਵੰਡ ਕਰਦਾ ਹੈ। ਜਿਵੇਂ ਭਾਰਤ ਅੰਦਰ ਇਸਦੀ 90% ਧਰਤੀ ਅੰਦਰ ਵੱਗਦੇ ਕੁੱਲ ਦਰਿਆ ਇੱਕ ਦੂਜੇ ਰਾਜ ਵਿੱਚੋਂ ਦੀ ਹੋ ਕੇ ਲੰਘਦੇ ਹਨ। ਇਹਨਾਂ ਦਰਿਆਵਾਂ ਦੇ ਪਾਣੀਆਂ ਦੀ ਨਿਆਈਂ ਤੇ ਜਮਹੂਰੀ ਵੰਡ ਨੂੰ ਤਹਿਸ਼ੁਦਾ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨਾਂ ਮੁਤਾਬਕ ਕਰਨ ਦੀ ਬਜਾਏ ਉਹ ਗ਼ੈਰ-ਜਮਹੂਰੀ ਤੇ ਅਨਿਆਈ ਤੌਰ ਤਰੀਕੇ ਵਰਤ ਕੇ ਪਾਣੀ ਦੀ ਵੰਡ ਦੇ ਮਸਲੇ ਨੂੰ ਸਬਧਿਤ ’ਰਾਜਾਂ ਦਰਮਿਆਨ ਰੱਟੇ ਦਾ ਮੁੱਦਾ ਬਣਾਈ ਰੱਖਦੇ ਹਨ। ਇਸ ਰਾਹੀਂ ਉਹ ਆਪਣੇ ਲੁਟੇਰੇ ਹਿਤਾਂ ਨੂੰ ਅੱਗੇ ਵਧਾਉਂਦੇ ਹਨ। ਇਸ ਤਰਾਂ ਗ਼ੈਰ-ਜਮਹੂਰੀ ਢੰਗ ਨਾਲ ਜੋ ਉਹ ਵੱਖੋ ਵੱਖਰੀਆਂ ਕੌਮੀਅਤਾਂ ਦੇ ਰਾਜਾਂ ਨੂੰ ਪਾਣੀ ਮੁੱਹਈਆ ਕਰਦੇ ਹਨ ਉਹ ਰਿਪੇਰੀਅਨ ਕਾਨੂੰਨਾਂ ਅਤੇ ਜਮਹੂਰੀ ਵੰਡ ਉੱਤੇ ਅਧਾਰਿਤ ਨਹੀਂ ਤੇ ਜਿਸ ਰਾਹੀਂ ਪਾਣੀ ਦੇ ਮਸਲੇ ਉੱਤੇ ਝਗੜਿਆਂ ਨੂੰ ਪੈਦਾ ਕਰਦੇ ਹੋਏ ਇੱਕ ਦੂਜੇ ਰਾਜਾਂ ਦੀ ਕੀਮਤ ਉੱਤੇ ਪਾਣੀ ਦੇ ਸੋਮਿਆਂ ਨੂੰ ਆਪਣੇ ਲੁਟੇਰੇ ਹਿਤਾਂ ਲਈ ਵਰਤਦੇ ਹਨ ਜਿਵੇਂ ਹੋਰਨਾਂ ਤੋਂ ਇਲਾਵਾ ਪੰਜਾਬੀ ਕੌਮੀਅਤ ਦੇ ਪਾਣੀ ਦੇ ਸੋਮੇ ਨਾਲ ਵੱਡੀ ਪੱਧਰ ਉੱਤੇ ਖਿਲਵਾੜ ਕੀਤਾ ਜਾ ਰਿਹਾ ਹੈ ਇੱਕ ਪਾਸੇ ਹਰੇ ਇਨਕਲਾਬ ਰਾਹੀਂ ਇਸਦੀ ਬਰਬਾਦੀ ਕੀਤੀ ਅਤੇ ਪੰਜਾਬ ਨੂੰ ਕਣਕ ਤੇ ਝੋਨੇ ਦਾ ਭੜੋਲਾ ਬਣਾ ਕੇ ਇਸ ਦੇ ਪਾਣੀ ਦੀ ਬੇਦਰੇਗ ਵਰਤੋਂ ਨੂੰ ਆਪਣੇ ਹਿਤਾਂ ਖਾਤਰ ਵਰਤਿਆ ਤੇ ਦੂਜੇ ਪਾਸੇ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਬਣਦੇ ਹੱਕ ਨੂੰ ਵੀ ਵੱਖੋ-ਵੱਖਰੇ ਢੰਗਾਂ ਰਾਹੀਂ ਖੋਹਿਆ ਗਿਆ ਹੈ।

ਤੀਜੀ ਦੁਨੀਆਂ ਦੀਆਂ ਦੱਬੀਆਂ ਕੁਚਲੀਆਂ ਕੌਮਾਂ ਸਮੇਤ ਇਹਨਾਂ ਮੁਲਕਾਂ ਅੰਦਰ ਮੌਜੂਦ ਕੌਮੀਅਤਾਂ ਦੇ ਹੱਕਾਂ ਉੱਤੇ ਸਾਮਰਾਜੀਏ ਤੇ ਉਹਨਾਂ ਦੇ ਪਿੱਠੂ ਪਿਛਾਖੜੀਏ ਪਾਣੀ ਦੇ ਹੱਕਾਂ ਉੱਤੇ ਛਾਪਾ ਮਾਰਦੇ ਹਨ ਫਿਰਕਾਪ੍ਰਸਤੀ ਨੂੰ ਭੜਕਾਂਉਦੇ ਹਨ ਪਿਛਾਖੜੀ ਚਾਲਾਂ ਚਲਦੇ ਹਨ ਤਾਂ ਕਿ ਲੋਕਾਂ ਨੂੰ ਆਪਸ ’ਚ ਭਿੜਾ ਕੇ ਆਪਣੀ ਲੁੱਟ ਤੇ ਦਾਬੇ ਨੂੰ ਹੋਰ ਅੱਗੇ ਵਧਾਇਆ ਜਾ ਸਕੇ। ਭਾਵੇਂ ਲੁਟੇਰੇ ਹਾਕਮਾਂ ਵੱਲੋਂ ਕਹਿਣ ਨੂੰ ਕੌਮਾਂਤਰੀ ਪੱਧਰ ਤੋਂ ਲੈ ਕੇ ਹੇਠਾਂ ਮੁਲਕਾਂ ਦੇ ਪੱਧਰ ਤੱਕ ਹਰ ਮਨੁੱਖ ਵਾਸਤੇ ਪਾਣੀ ਦੀ ਪੀਣ ਘਰੇਲੂ ਵਰਤੋਂ ਤੇ ਸਿੰਚਾਈ ਲਈ ਬੁਨਿਆਦੀ ਮਨੁੱਖੀ ਹੱਕ ਵਜੋਂ ਮਾਨਤਾ ਦਿੱਤੀ ਹੋਈ ਹੈ ਪਰ ਇਨਾਂ ਵੱਲੋਂ ਜਿਵੇਂ ਹੋਰ ਮੁੱਢਲੇ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾਂਦਾ ਹੈ ਉਸੇ ਤਰਾਂ ਇਸ ਹੱਕ ਦਾ ਵੀ ਘਾਣ ਕੀਤਾ ਜਾ ਰਿਹਾ ਹੈ।

ਸੰਸਾਰ ਪੱਧਰ ’ਤੇ ਪਾਣੀ ਦੇ ਸੋਮੇ ’ਤੇ ਇਨ੍ਹਾਂ ਦੀ ਲੁੱਟ

ਪਾਣੀ ਦੇ ਸੋਮਿਆਂ ਬਾਰੇ ਇੱਕ ਮਾਹਿਰ ਇਕਬਾਲੁਦੀਨ ਅਨੁਸਾਰ ਸੰਸਾਰ ਵਿੱਚ ਸਮੁੱਚੇ ਪਾਣੀਆਂ ਦੇ ਭੰਡਾਰ ਦੀ ਕੁਦਰਤੀ ਤੌਰ ’ਤੇ ਵੰਡ ਹੇਠ ਲਿਖੇ ਮੁਤਾਬਿਕ ਹੈ।

ਸਮੁੰਦਰਾਂ ਵਿੱਚ ਪਾਣੀ- 97.20 ਫ਼ੀਸਦੀ

ਬਰਫ਼ ਦੇ ਤੋਦਿਆਂ ’ਚ ਪਾਣੀ-2.14 ਫ਼ੀਸਦੀ

ਧਰਤੀ ਹੇਠ 800 ਮੀਟਰ ਤੱਕ ਪਾਣੀ-.001 ਫ਼ੀਸਦੀ

ਦਰਿਆਵਾਂ ਅਤੇ ਝੀਲਾਂ ਦਾ ਪਾਣੀ-.005 ਫ਼ੀਸਦੀ

ਵਾਤਾਵਰਣ ਵਿੱਚ ਪਾਣੀ-.001 ਫ਼ੀਸਦੀ

ਮੌਜੂਦਾ ਜਮਾਤੀ ਸਮਾਜ ਅੰਦਰ ਉਪਰੋਕਤ ਸੰਸਾਰ ਪੱਧਰੀ ਕੁਦਰਤੀ ਵੰਡ ਦਾ ਅਰਥ ਇਹੀ ਹੈ ਕਿ ਸਾਮਰਾਜੀਆਂ ਤੇ ਉਨਾਂ ਦੇ ਪਿੱਠੂ ਲੁਟੇਰਿਆਂ ਨੇ ਸਮੁੰਦਰਾਂ ਵਿਚਲੇ ਸਭ ਤੋਂ ਵੱਡੇ ਪਾਣੀ ਦੇ ਭੰਡਾਰ ਭਾਵ 97.20 ਪ੍ਰਤੀਸ਼ਤ ’ਤੇ ਕਬਜ਼ਾ ਕੀਤਾ ਹੋਇਆ ਹੈ ਤੇ ਇਸਨੂੰ ਆਪਣੇ ਲੁਟੇਰੇ ਹਿੱਤਾਂ ਲਈ ਵਰਤਿਆ ਜਾ ਰਿਹਾ ਹੈ। ਨਾ ਸਿਰਫ ਇਨਾਂ ਨੇ ਸਮੁੰਦਰ ਵਿੱਚ ਆਪਣੇ ਜੰਗੀ ਅੱਡੇ ਵਗੈਰਾ ਕਾਇਮ ਕੀਤੇ ਹੋਏ ਹਨ ਸਗੋਂ ਇਨਾਂ ਵੱਲੋਂ ਸਭ ਕਿਸਮ ਦੇ ਸਮੁੰਦਰੀ ਅਨਮੋਲ ਪਦਾਰਥਾਂ ਦੀ ਅੰਨੀ ਲੁੱਟ ਕੀਤੀ ਜਾ ਰਹੀ ਹੈ ਤੇ ਇਸਨੂੰ ਗੰਦਾ ਕੀਤਾ ਜਾ ਰਿਹਾ ਹੈ।

ਜਿਵੇਂ ਸਮੁੰਦਰ ਵਿਚਲੇ ਪਾਣੀ ’ਤੇ ਕਬਜੇ ਲਈ ਲੋਟੂ ਲਾਣੇ ਵੱਲੋਂ ਲੜੀਆਂ ਜਾਂਦੀਆਂ ਰਹੀਆਂ ਜਾਬਰ ਖ਼ੂਨੀ ਜੰਗਾਂ ਦੇ ਪਿਛੋਕੜ ਦੇ ਜਾਰੀ ਰੂਪ ਵਜੋਂ ਮੌਜੂਦਾ ਹਾਲਤ ’ਚ ਸਮੁੰਦਰ ਵਿਚਲੇ ਕੱਚੇ ਤੇਲ ਦੇ ਸਭ ਤੋਂ ਅਮੀਰ ਭੰਡਾਰ ਵਾਲੀ ਫਾਰਸ ਦੀ ਖਾੜੀ ਅਤੇ ਅਫਗਾਨਿਸਤਾਨ ਨਾਲ ਲਗਦੇ ਤੇਲ ਭੰਡਾਰ ਦੇ ਇੱਕ ਵੱਡੇ ਸੋਮੇ ਕੈਸਪੀਅਨ ਸਾਗਰ ’ਤੇ ਆਪਣੀ ਜਕੜ ਨੂੰ ਹੋਰ ਵੱਧ ਮਜ਼ਬੂਤ ਕਰਨ ਲਈ ਅਮਰੀਕੀ ਸਾਮਰਾਜ (ਸਮੇਤ ਹੋਰਾਂ) ਵੱਲੋਂ ਧਾੜਵੀ ਹੱਲਾ ਬੋਲ ਕੇ ਪਹਿਲਾਂ ਅਫਗਾਨਿਸਤਾਨ ਅਤੇ ਬਾਅਦ ’ਚ ਇਰਾਕ ’ਤੇ ਖ਼ੂਨੀ ਕਬਜ਼ਾ ਜਮਾਉਣ ਤੇ ਇਸਨੂੰ ਜਾਰੀ ਰੱਖਣ ਲਈ ਲੋਕਾਂ ਦੇ ਖ਼ੂਨ ਦੀ ਹੋਲੀ ਖੇਡਣ ਦੀ ਹਕੀਕਤ ਸਾਡੇ ਸਾਹਮਣੇ ਹੈ। ਇਸ ਤਰਾਂ ਇਹ ਜੰਗ ਤੇਲ ਨਾਲ ਭਰਪੂਰ ਸਮੁੰਦਰਾਂ ਦੇ ਪਾਣੀਆਂ ’ਤੇ ਕਬਜਾ ਕਰਨ ਦੀ ਵੀ ਜੰਗ ਸੀ।

ਇਸ ਤਰ੍ਹਾਂ ਧਰਤੀ ’ਤੇ ਸਮੁੰਦਰੀ ਪਾਣੀ ਤੋਂ ਅੱਗੇ ਜੋ ਬਾਕੀ ਪਾਣੀ ਹੈ, ਉਹ ਬੇਹੱਦ ਘੱਟ ਹੈ ਪਰ ਧਰਤੀ ’ਤੇ ਇਸਦੀ ਬਹੁਲਤਾ ਹੈ ਅਤੇ ਲੁਟੇਰੇ ਇਸ ਦੀ ਵੀ ਤਿਖੀ ਲੁੱਟ ਕਰ ਰਹੇ ਹਨ। ਇਸ ਪਾਣੀ ਦੀ ਬਹੁਲਤਾ ਇਸ ਰੂਪ ’ਚ ਹੈ ਕਿ ਭਾਵੇਂ ਸਮੁੱਚੀ ਧਰਤੀ ’ਤੇ ਸਮੁੰਦਰ ਤੀਜੇ ਹਿੱਸੇ ’ਤੇ ਹੈ ਅਤੇ ਧਰਤੀ ਤੇ ਬਾਕੀ ਹਿੱਸਾ ਕੁੱਲ ਧਰਤੀ ਦਾ ਚੋਥਾ ਹਿੱਸਾ ਹੀ ਹੈ। ਇਸ ’ਤੇ ਜਦੋਂ ਸਮੁੰਦਰ ਦੇ ਜੋੜ ਮੇਲ ’ਚੋਂ ਮੀਂਹ (ਮੌਨਸੂਨ) ਪੈਂਦੇ ਹਨ ਤਾਂ ਧਰਤੀ ਦੇ ਚੌਥੇ ਭਾਗ ਲਈ ਮੀਂਹ ਸਮੇਤ ਵਾਤਾਵਰਣ, ਦਰਿਆ ਤੇ ਝੀਲਾਂ, ਬਰਫ ਦੇ ਤੋਦਿਆਂ ਦਾ ਪਾਣੀ ਕਾਫੀ ਵੱਡੀ ਬਹੁਲਤਾ ਅਖਤਿਆਰ ਕਰ ਜਾਂਦਾ ਹੈ। ਕੁਦਰਤੀ ਤੌਰ ’ਤੇ ਮਨੁੱਖਤਾ ਲਈ ਧਰਤੀ ’ਤੇ ਪਾਣੀ ਦੀ ਕੋਈ ਘਾਟ ਨਹੀਂ ਹੈ ਸਗੋਂ ਕੁਦਰਤ ਦੇ ਨਿਯਮਾਂ ਮੁਤਾਬਕ ਇਹ ਸਾਰੇ ਪੱਖ ਆਪਣਾ ਇੱਕ ਸਮਤੋਲ ਬਣਾ ਕੇ ਰੱਖਦੇ ਹਨ। ਪਰ ਮਨੁੱਖ ਲਈ ਪਹਿਲਾਂ ਤੋਂ ਹੀ ਲੋੜ ਰਹੀ ਹੈ ਕਿ ਪਾਣੀ ਦੇ ਇਸ ਕੁਦਰਤੀਪਣ ’ਚੋਂ ਸੋਕੇ ਤੇ ਡੋਬੇ ਦੀ ਆਉਣ ਵਾਲੀ ਤਬਾਹੀ ਵਿਰੁੱਧ ਲੜਦਾ ਹੋਇਆ ਇਸ ਪਾਣੀ ਨੂੰ ਬੰਨ ਕੇ ਸੋਕੇ ਤੇ ਡੋਬੇ ਦੀ ਸਮੱਸਿਆ ਨੂੰ ਹੱਲ ਕਰੇ। ਪਰ ਧਰਤੀ ’ਤੇ ਜਮਾਤੀ ਸਮਾਜ ਦੇ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਦੇ ਇਤਿਹਾਸ ਅੰਦਰ ਲੁਟੇਰਿਆਂ ਨੇ ਮਨੁੱਖ ਲਈ ਸੋਕੇ ਤੇ ਡੋਬੇ ਦੀ ਸਮੱਸਿਆ ਨੂੰ ਵੱਖੋ-ਵੱਖਰੇ ਢੰਗਾਂ ਰਾਹੀਂ (ਪਾਣੀ ਨੂੰ ਅਜਾਈਂ ਗਵਾ ਕੇ ਵੀ) ਵਿਰਾਟ ਬਣਾਇਆ ਹੈ। ਅਖੌਤੀ ਅਜ਼ਾਦੀ ਦੇ 69 ਸਾਲ ਬੀਤ ਜਾਣ ਤੋਂ ਬਾਅਦ ਤੱਕ ਦੇ ਸਮੇਂ ਅੰਦਰ ਭਾਰਤ ਵਿਚਲੇ ਕੁੱਲ ਮੀਂਹ ਦੇ ਪਾਣੀ ’ਚੋਂ ਤਕਰੀਬਨ 2/3 ਹਿੱਸਾ ਅਜਾਈਂ ਜਾ ਰਿਹਾ ਹੈ। ਭਾਰਤੀ ਹਾਕਮਾਂ ਵੱਲੋਂ ਇਸਦਾ ਬੰਨਾਂ ਆਦਿ ਰਾਹੀਂ ਕੋਈ ਵੀ ਪ੍ਰਬੰਧ ਨਾ ਕਰਨ ਕਰਕੇ ਪਾਣੀ ਦੀ ਕਿੱਲਤ ਨੂੰ ਵਧੇਰੇ ਗੰਭੀਰ ਬਣਾਇਆ ਹੈ।

**ਸੰਸਾਰ ਪੱਧਰ ਉੱਤੇ ਪਾਣੀ ਦੀ ਕਿਲਤ ਅਤੇ ਪਾਣੀ ਰਾਹੀਂ ਫੈਲ ਰਹੀਆਂ ਬਿਮਾਰੀਆਂ**

ਉੱਪਰ ਅਸੀਂ ਸੰਸਾਰ ਪੱਧਰ ਉੱਤੇ ਪਾਣੀ ਦੇ ਸੋਮਿਆਂ ਦਾ ਜ਼ਿਕਰ ਕੀਤਾ ਹੈ। ਇਹਨਾਂ ਅੰਕੜਿਆਂ ਮੁਤਾਬਿਕ ਸਮੁੰਦਰ ਦੇ ਸਭ ਤੋਂ ਵੱਡੇ ਭੰਡਾਰ ਤੋਂ ਇਲਾਵਾ ਸਮੁੱਚੇ ਪਾਣੀ ਦਾ ਤਕਰੀਬਨ 2.147 ਪ੍ਰਤੀਸ਼ਤ ਹਿੱਸਾ ਹੀ ਬਾਕੀ ਪਾਣੀ ਹੈ ਜੋ ਬਰਫ਼ ਦੇ ਤੋਦਿਆਂ, ਧਰਤੀ ਹੇਠ 800 ਮੀਟਰ ਤੱਕ, ਦਰਿਆਵਾਂ ਤੇ ਝੀਲਾਂ ’ਚ ਅਤੇ ਵਾਤਾਵਰਣ ਵਿੱਚ ਪਾਣੀ ਦੇ ਰੂਪ ’ਚ ਮੌਜੂਦ ਹੈ। ਪਾਣੀ ਦੇ ਇਸ ਹਿੱਸੇ ’ਤੇ ਵੀ ਲੁਟੇਰੀਆਂ ਤਾਕਤਾਂ ਦਾ ਕਬਜ਼ਾ ਹੈ। ਇਸ ਕਬਜ਼ੇ ਰਾਹੀਂ ਉਹ ਸੰਸਾਰ ਪੱਧਰ ਉੱਤੇ ਲੋਕਾਂ ਨੂੰ ਹਮੇਸ਼ਾ ਪੀਣ ਵਾਲੇ ਪਾਣੀ ਦੀ ਕਿੱਲਤ ਬਣਾਈ ਰੱਖਦੇ ਹਨ। ਇੱਕ ਅੰਦਾਜ਼ੇ ਮੁਤਾਬਕ ਸੰਸਾਰ ਦੀ ਕੁੱਲ ਵਸੋਂ ’ਚੋਂ 110 ਕਰੋੜ ਲੋਕ ਸੁਰੱਖਿਅਤ ਪਾਣੀ ਦੀ ਘਾਟ ਅਤੇ ਪੀਣ ਵਾਲੇ ਪਾਣੀ ਦੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ ਜਿਸਦਾ ਭਾਵ ਇਹ ਹੈ ਕਿ ਸੰਸਾਰ ਦੇ ਹਰ ਛੇ ਵਿਅਕਤੀਆਂ ਪਿੱਛੇ ਇੱਕ ਵਿਅਕਤੀ ਇਸ ਕਿੱਲਤ ਦਾ ਸਾਹਮਣਾ ਕਰ ਰਿਹਾ ਹੈ। ਸੰਸਾਰ ਦੀ ਕੁੱਲ ਅਬਾਦੀ ’ਚੋਂ 200 ਕਰੋੜ ਲੋਕ ਅਜਿਹੇ ਖੇਤਰਾਂ ’ਚ ਰਹਿ ਰਹੇ ਹਨ ਜਿੱਥੇ ਹਮੇਸ਼ਾ ਹੀ ਪਾਣੀ ਦੀ ਕਿੱਲਤ ਬਣੀ ਰਹਿੰਦੀ ਹੈ। ਸੰਸਾਰ ਦੇ ਪੌਣੇ ਤਿੰਨ ਸੌ ਕਰੋੜ ਦੇ ਕਰੀਬ ਲੋਕ ਪਾਣੀ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਅਫਰੀਕਾ ਪਾਣੀ ਦੀ ਕਿੱਲਤ ਦਾ ਸਭ ਤੋਂ ਵੱਡੀ ਪੱਧਰ ਉੱਤੇ ਸਾਹਮਣਾ ਕਰ ਰਿਹਾ ਹੈ। ਇਸ ਦੇ 36 ਕਰੋੜ ਦੇ ਕਰੀਬ ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਨਹੀਂ ਮਿਲਦਾ। ਸੰਸਾਰ ਪੱਧਰ ਉੱਤੇ 100 ਕਰੋੜ ਔਰਤਾਂ ਨੂੰ ਪਾਣੀ ਪ੍ਰਾਪਤ ਕਰਨ ਲਈ ਹਰ ਰੋਜ਼ ਤਕਰੀਬਨ ਛੇ ਕਿਲੋਮੀਟਰ ਦਾ ਸਫਰ ਤਹਿ ਕਰਨਾ ਪੈਂਦਾ ਹੈ। ਭਾਰਤ ਵਰਗੇ ਗ਼ਰੀਬ ਦੱਬੇ ਕੁਚਲੇ ਮੁਲਕਾਂ ਅੰਦਰ 10 ’ਚੋਂ ਅੱਠ ਹਸਪਤਾਲਾਂ ’ਚ ਦਾਖਲ ਹੁੰਦੇ ਮਰੀਜ਼ ਪਾਣੀ ਤੇ ਮਲ ਮੂਤਰ ਦੇ ਤਿਆਗ ਨਾਲ ਸਬੰਧਿਤ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਹਨ। ਸੰਸਾਰ ਪੱਧਰ ਉੱਤੇ 5 ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀਆਂ ਹੋ ਰਹੀਆਂ ਹਰ ਪੰਜ ਮੌਤਾਂ ਪਿੱਛੇ ਇੱਕ ਮੌਤ ਪਾਣੀ ਦੇ ਸੰਕਟ ਕਰਕੇ ਹੁੰਦੀ ਹੈ। ਸੰਸਾਰ ਪੱਧਰ ਉੱਤੇ ਜਿਨਾਂ ਢਾਈ ਸੌ ਕਰੋੜ ਲੋਕਾਂ ਨੂੰ ਲੋੜੀਦਾ ਪੀਣ ਵਾਲਾ ਪਾਣੀ ਤੇ ਮਲ ਤਿਆਗ ਲਈ ਪਾਣੀ ਨਹੀਂ ਮਿਲਦਾ। ਉਸ ਕਰਕੇ ਹਰ ਰੋਜ਼ 2300 ਲੋਕ ਪਾਣੀ ਨਾਲ ਸਬੰਧਿਤ ਬਿਮਾਰੀਆਂ ਕਰਕੇ ਮਰ ਜਾਂਦੇ ਹਨ। ਇਸ ਤਰਾਂ ਸੰਸਾਰ ਅੰਦਰ ਇੱਕ ਘੰਟੇ ਵਿੱਚ 96 ਮੌਤਾਂ ਪਾਣੀ ਦੀ ਕਿੱਲਤ ਕਰਕੇ ਹੋ ਰਹੀਆਂ ਹਨ। ਇੱਕ ਅੰਦਾਜ਼ੇ ਮੁਤਾਬਕ ਜੇਕਰ ਮਲ ਤਿਆਗ ਅਤੇ ਸਾਫ ਸਫਾਈ ਲਈ ਪਾਣੀ ਦਾ ਯੋਗ ਪ੍ਰਬੰਧ ਹੋ ਜਾਂਦਾ ਹੈ ਤਾਂ ਸੰਸਾਰ ਪੱਧਰ ਉੱਤੇ ਪੈਦਾ ਹੋ ਰਹੀਆਂ ਬਿਮਾਰੀਆਂ ’ਚ 10 ਫੀਸਦੀ ਦੀ ਕਮੀ ਹੋ ਸਕਦੀ ਹੈ। ਸੰਸਾਰ ਪੱਧਰ ਉੱਤੇ ਪਾਣੀ ਤੋਂ ਬਿਮਾਰੀਆਂ- ਦਸਤ, ਹੈਜਾ ਤੇ ਬਦਹਜ਼ਮੀ ਦਾ ਇਲਾਜ਼ ਕਰਵਾਉਣ ਲਈ ਹਰ ਸਾਲ ਕੁੱਲ ਮਨੁੱਖੀ ਸ਼ਕਤੀ ਦੇ 44 ਕਰੋੜ ਘੰਟੇ ਖਪਤ ਹੋ ਜਾਂਦੇ ਹਨ। ਤੀਸਰੀ ਦੁਨੀਆਂ ਦੇ ਮੁਲਕਾਂ ਅੰਦਰ 50% ਸਕੂਲਾਂ ਵਿੱਚ ਜਾਂ ਤਾਂ ਪਾਣੀ ਤੇ ਮਲਤਿਆਗ ਦਾ ਕੋਈ ਪ੍ਰਬੰਧ ਨਹੀਂ ਜਾਂ ਬਹੁਤ ਘੱਟ ਹੈ ਜਿਸ ਕਰਕੇ ਵੱਡੀ ਪੱਧਰ ਤੇ ਕੁੜੀਆਂ ਸਕੂਲ ਛੱਡ ਜਾਂਦੀਆਂ ਹਨ।

ਇਸ ਤਰ੍ਹਾਂ ਇਹ ਹਕੀਕਤ ਬਹੁਤ ਸਪੱਸ਼ਟ ਹੈ ਕਿ ਉਹ ਸੰਸਾਰ ਪੱਧਰ ਉੱਤੇ ਪਾਣੀ ਦੀ ਕਿੱਲਤ ਪੈਦਾ ਕਰਨ ਦੇ ਨਾਲੋ ਨਾਲ ਪਾਣੀ ਨੂੰ ਪ੍ਰਦੂਸ਼ਤ ਕਰਨ ਰਾਹੀਂ ਵੀ ਮਨੁੱਖਤਾ ਦਾ ਘਾਣ ਕਰ ਰਹੇ ਹਨ। ਭਾਵ ਇਹ ਹੈ ਕਿ ਸਮੁੱਚੇ ਤੌਰ ’ਤੇ ਲੁਟੇਰੇ ਵਾਤਾਵਰਣ ਵਿਚਲੇ ਪਾਣੀ (ਜੋ ਕੁੱਲ ਪਾਣੀ ਦੇ ਇੱਕ ਫੀਸਦੀ ਦਾ ਵੀ ਅੱਗੇ ਹਜ਼ਾਰਵਾਂ ਹਿੱਸਾ ਹੈ) ਨੂੰ ਵੀ ਪ੍ਰਦੂਸ਼ਤ ਕਰ ਰਹੇ ਹਨ। ਜਿਵੇਂ ਲੁਟੇਰੇ ਮਕਸਦਾਂ ਲਈ ਉਸਾਰੀ ਸਨਅਤ ਵਿੱਚੋਂ ਉੱਡਦੀਆਂ ਜ਼ਹਿਰੀਲੀਆਂ ਗੈਸਾਂ ਵਾਤਾਵਰਣ ’ਚ ਪ੍ਰਦੂਸ਼ਣ ਪੈਦਾ ਕਰਦੀਆਂ ਹਨ ਅਤੇ ਅੱਗੇ ਇਨਾਂ ਦੇ ਸਿੱਟੇ ਵਜੋਂ ਬਹੁਤ ਸਾਰੇ ਥਾਵਾਂ ’ਤੇ ਜੋ ਤੇਜ਼ਾਬੀ ਮੀਂਹ ਵੀ ਪੈਂਦੇ ਹਨ, ਉਹ ਮੋੜਵੇਂ ਰੂਪ ’ਚ ਬਨਸਪਤੀ ਤੇ ਜੀਵ ਜੰਤੂਆਂ ਸਮੇਤ ਧਰਤੀ ਦਾ ਨਾਸ਼ ਕਰ ਰਹੇ ਹਨ। ਇਨਾਂ ਜ਼ਹਿਰੀਲੀਆਂ ਗੈਸਾਂ ਸਮੇਤ ਜੋ ਐਟਮੀ ਬੰਬਾਂ ਦੇ ਬੇਦਰੇਗ ਤਜ਼ਰਬੇ ਕਰਨ ਸਮੇਤ ਹੋਰ ਜੰਗਾਂ ਆਦਿ ’ਚ ਗੋਲਾ ਬਰੂਦ ਦੀ ਭਾਰੀ ਵਰਤੋਂ ਕੀਤੀ ਜਾਂਦੀ ਹੈ ਉਸ ਨਾਲ ਧਰਤੀ ਦੇ ਵਾਯੂਮੰਡਲ ’ਚ ਸੂਰਜ ਦੀਆਂ ਘਾਤਕ ਕਿਰਨਾਂ ਨੂੰ ਪੁਣਨ ਵਾਲੀ ਓਜ਼ੋਨ ਗੈਸ ਦੀ ਪਰਤ ’ਚ ਛੇਕ ਪੈਦਾ ਹੋ ਜਹੇ ਹਨ ਜਿਸ ਨਾਲ ਸਮੁੱਚੀ ਮਨੁੱਖਤਾ ਲਈ ਤਬਾਹਕਰੂ ਖ਼ਤਰੇ ਪੈਦਾ ਹੋ ਰਹੇ ਹਨ। ਇਸੇ ਤਰਾਂ ਹੀ ਧਰਤੀ ਹੇਠਲੇ ਪਾਣੀ ਦੇ ਸੋਮਿਆਂ (ਜੋ ਧਰਤੀ ਹੇਠਾਂ 800 ਮੀਟਰ ਤੱਕ ਮੌਜੂਦ ਹੈ ਅਤੇ ਕੁੱਲ ਪਾਣੀ ਦਾ ਵਾਤਾਵਰਣ ਵਿਚਲੇ ਪਾਣੀ ਦੇ ਬਰਾਬਰ ਭਾਵ ਇੱਕ ਫੀਸਦੀ ਦਾ ਹਜ਼ਾਰਵਾਂ ਹਿੱਸਾ ਹੈ) ਦੀ ਲੁਟੇਰਿਆਂ ਵੱਲੋਂ ਇੱਕ ਪਾਸੜ ਤੌਰ ’ਤੇ ਵਰਤੋਂ ਕਰਕੇ ਉਸਦੇ ਸਮਤੋਲ ਨੂੰ ਵਿਗਾੜਿਆ ਅਤੇ ਮੁਕਾਇਆ ਜਾ ਰਿਹਾ ਹੈ ਅਤੇ ਇਸ ਪਾਣੀ ’ਚ ਵੀ ਵੱਖੋ-ਵੱਖਰੇ ਢੰਗਾਂ ਰਾਹੀਂ ਜ਼ਹਿਰ ਘੋਲਿਆ ਜਾ ਰਿਹਾ ਹੈ। ਇਸ ਤਰਾਂ ਸਾਮਰਾਜੀਆਂ ਤੇ ਉਨਾਂ ਦੇ ਪਿੱਠੂਆਂ ਦੇ ਜਕੜਪੰਜੇ ਤੋਂ ਪਾਣੀ ਦੀ ਮੁਕਤੀ ਲਈ ਜੱਦੋ-ਜਹਿਦ ਨੂੰ ਸਮੁੱਚੀ ਇਨਕਲਾਬੀ ਜੱਦੋ ਜਹਿਦ ਦਾ ਅੰਗ ਬਣਾਉਂਦੇ ਹੋਏ ਸਾਮਰਾਜੀ ਮੁਲਕਾਂ ਅੰਦਰ ਸਮਾਜਵਾਦੀ ਇਨਕਲਾਬ ਅਤੇ ਭਾਰਤ ਤੇ ਇਸ ਵਰਗੇ ਦੱਬੇ ਕੁਚਲੇ ਮੁਲਕਾਂ ਅੰਦਰ ਨਵਜਮਹੂਰੀ ਇਨਕਲਾਬ ਨੂੰ ਸੰਸਾਰ ਇਨਕਲਾਬ ਦੀ ਸੇਵਾ ’ਚ ਅੱਗੇ ਵਧਾਇਆ ਜਾਵੇ।

# ‘ਬ੍ਰੈਗਜ਼ਿਟ’ ਦੇ ਮਾਹੌਲ ਵਿਚ ਬਰਤਾਨਵੀ ਲੋਕਾਂ ਅਤੇ ਸਿਆਸਤ ਨੂੰ ਵਾਚਦਿਆਂ

**-ਸੁਕੀਰਤ**

ਬਰਤਾਨੀਆ ਵਿਚ ਇਸ ਵਰ੍ਹੇ ਮਈ ਅੰਤ ਅਤੇ ਸ਼ੁਰੂ ਜੂਨ ਦੇ ਦਿਨ ਬਹੁਤ ਅਨੂਠੇ ਸਨ। ਇਸ ਲਈ ਨਹੀਂ ਕਿ ਮੌਸਮ ਅਚਾਨਕ ਭੁਆਂਟਣੀ ਖਾ ਕੇ ਸਿਆਲੇ ਵਰਗੀ ਭਾਅ ਮਾਰਨ ਲਗ ਪਿਆ ਸੀ, ਸਗੋਂ ਇਸ ਲਈ ਕਿ ਇਸ ਦੇਸ਼ ਦੀ ਸਿਆਸਤ ਚੋਖੀ ਗਰਮਾਈ ਪਈ ਸੀ। ਹਰ ਪਾਸੇ ‘ਬ੍ਰੈਗਜ਼ਿਟ’, ਯਾਨੀ ਯੋਰਪੀ ਯੂਨੀਅਨ ਵਿਚੋਂ ਬਰਤਾਨੀਆ ਦੇ ਨਿਕਲਣ ਜਾਂ ਰਹਿਣ ਬਾਰੇ 23 ਜੂਨ ਨੂੰ ਹੋਣ ਵਾਲੀ ਰਾਏ-ਸ਼ੁਮਾਰੀ ਦਾ ਰੌਲਾ ਸੀ। ਉਨ੍ਹਾਂ ਦਿਨਾਂ ਵਿਚ ਜਾਪਦਾ ਸੀ ਕਿ ਦੋਹਾਂ ਧਿਰਾਂ ਵਿਚ ਸਫ਼ਬੰਦੀ ਤਕਰੀਬਨ ਬਰਾਬਰ ਦੀ ਹੈ ਪਰ ਅੰਤ ਨੂੰ, ਥੋੜੇ ਜਿਹੇ ਫ਼ਰਕ ਨਾਲ ਹੀ ਸਹੀ, ਯੋਰਪੀ ਯੂਨੀਅਨ ਵਿਚ ਰਹਿਣ ਦੇ ਹਾਮੀ ਆਪਣੀ ਗਲ ਮਨਵਾ ਲੈਣਗੇ।

ਪਰ ਹੋਇਆ ਇਸਤੋਂ ਉਲਟ, ਅਤੇ ਭਾਵੇਂ 52/48 ਦੇ ਥੋੜੇ ਜਿਹੇ ਫ਼ਰਕ ਨਾਲ ਹੀ ਸਹੀ, ‘ਬ੍ਰੈਗਜ਼ਿਟ ਵਾਲੇ ਯਾਨੀ ਯੋਰਪੀ ਯੂਨੀਅਨ ਵਿਚੋਂ ਬਰਤਾਨੀਆ ਦੀ ‘ਐਗਜ਼ਿਟ’ ( ਨਿਕਾਸੀ) ਦੇ ਹਾਮੀ ਜਿਤ ਗਏ। ਯੋਰਪੀ ਯੂਨੀਅਨ ਵਿਚ ਸ਼ਾਮਲ ਹੋਣ ਦੇ 21 ਵਰ੍ਹੇ ਬਾਅਦ, ਹੁਣ ਬਰਤਾਨੀਆ ਦੇ ਇਸ ਤੋਂ ਬਾਹਰ ਨਿਕਲ ਜਾਣ ਦੇ ਫ਼ੈਸਲੇ ਉਤੇ ਮੋਹਰ ਲਾਈ ਗਈ ਅਤੇ ਇਸਨੂੰ ਪਰਵਾਨ ਚੜ੍ਹਾਉਣ ਦੀ ਪ੍ਰਕਿਰਿਆ ਸ਼ੁਰੂ ਹੋ ਚੁਕੀ ਹੈ। ਇਸ ਫ਼ੈਸਲੇ ਦੀ ਪਹਿਲੀ ਸਿਆਸੀ ਬਲੀ ਵਜੋਂ ਡੇਵਿਡ ਕੈਮਰੌਨ ਨੂੰ ਪਰਧਾਨ ਮੰਤਰੀ ਦੇ ਅਹੁਦੇ ਤੋਂ ਇਸਤੀਫ਼ਾ ਦੇਣਾ ਪਿਆ ਹੈ ਅਤੇ ਟੈਰੇਸਾ ਮੇਅ ਨੂੰ ਨਵੀਂ ਪ੍ਰਧਾਨ ਮੰਤਰੀ ਚੁਣ ਲਿਆ ਗਿਆ ਹੈ।

ਪਰ ਹਥਲਾ ਲੇਖ ‘ਬ੍ਰੈਗਜ਼ਿਟ’ ਕਾਰਨ ਬਰਤਾਨੀਆ ਦੀ ਸਿਆਸਤ ਜਾਂ ਅਰਥਚਾਰੇ ਉਤੇ ਪੈਣ ਵਾਲੇ ਫ਼ੌਰੀ ਜਾਂ ਦੂਰਵਰਤੀ ਅਸਰ ਬਾਰੇ ਨਹੀਂ, ਉਨ੍ਹਾਂ ਪਰਭਾਵਾਂ ਬਾਰੇ ਹੈ ਜੋ ਉਨ੍ਹਾਂ ਦਿਨਾਂ ਵਿਚ ਲੰਦਨ ਵਿਚਰਦਿਆਂ ਮੇਰੇ ਉਤੇ ਪਏ। ਉਨ੍ਹਾਂ ਗੱਲਾਂ ਬਾਰੇ ਹੈ ਜਿਨ੍ਹਾਂ ਨੇ ਨਿਰੋਲ ਭਾਰਤੀ ਵਾਚਕ ਦੇ ਤੌਰ ਉਤੇ ਮੇਰਾ ਧਿਆਨ ਖਿੱਚਿਆ।

ਰਾਏ- ਸ਼ੁਮਾਰੀ ਹੋਣ ਤੋਂ ਪਹਿਲਾਂ ਜਿਸ ਕਿਸਮ ਦੀਆਂ ਬਹਿਸਾਂ ਟੀ.ਵੀ. ਉਤੇ ਸੁਣਨ ਜਾਂ ਪ੍ਰੈੱਸ ਵਿਚ ਪੜ੍ਹਨ ਨੂੰ ਮਿਲੀਆਂ ਉਨ੍ਹਾਂ ਤੋਂ ਇੱਕ ਗੱਲ ਨਿਖਰ ਕੇ ਸਾਹਮਣੇ ਆ ਰਹੀ ਸੀ ਕਿ ਦੋਵੇਂ ਧਿਰਾਂ ( ਰਹਿਣਾ ਹੈ ਕਿ ਛੱਡਣਾ ਹੈ) ਆਪੋ ਆਪਣੀਆਂ ਦਲੀਲਾਂ ਨੂੰ ਸਾਬਤ ਕਰਨ ਲਈ ਤੱਥਾਂ ਦਾ ਨਹੀਂ, ਅਤਿਕਥਨੀ ਦਾ ਸਹਾਰਾ ਲੈ ਰਹੀਆਂ ਸਨ। ਮਿਸਾਲ ਦੇ ਤੌਰ ’ਤੇ ਜੇਕਰ ਨਿਕਾਸੀ ਦੇ ਹਾਮੀ ਵਾਰ-ਵਾਰ ਯੋਰਪੀ ਯੂਨੀਅਨ ਦੇ ਲਾਲ-ਫੀਤਾਸ਼ਾਹਾਂ ਨੂੰ ‘ਨਵੇਂ ਹਿਟਲਰ’ ਗਰਦਾਨਣ ਦੀ ਕੋਸ਼ਿਸ਼ ਕਰਦੇ ਸਨ, ਤਾਂ ਯੂਨੀਅਨ ਦਾ ਹਿਸਾ ਬਣੇ ਰਹਿਣ ਦੇ ਹਾਮੀ ਇਹੋ ਜਿਹੀਆਂ ਦਲੀਲਾਂ ਦੇ ਮਾਰਦੇ ਸਨ ਕਿ ਇਸ ਨਿਕਾਸੀ ਦੇ ਹਾਮੀ ਦਰਅਸਲ ਰੂਸ ਦੇ ਵਲਾਦੀਮੀਰ ਪੂਤਿਨ ਅਤੇ ਇਸਲਾਮਿਕ ਸਟੇਟ ਦੇ ਅਬੂ ਬਕਰ ਅਲਬਗਦਾਦੀ ਦੀਆਂ ਇੱਛਾਵਾਂ ਪੁਗਾ ਰਹੇ ਹਨ। ਇਹੋ ਜਿਹੀਆਂ ਸਿਰੇ ਦੀਆਂ ਦਲੀਲਾਂ ਤੋਂ ਭਾਵ ਇਹ ਸੀ ਕਿ ਯੋਰਪ ਦੇ ਦੇਸ਼ਾਂ ਦੀ ਸਾਂਝੀ ਯੂਨੀਅਨ ਕਾਇਮ ਰੱਖਣ ਦਾ ਖਿਆਲ ਕਿਸੇ ਵੇਲੇ ਹਿਟਲਰ ਵੱਲੋਂ ਸਾਰੇ ਯੋਰਪ ਨੂੰ ਆਪਣੇ ਜਬ੍ਹੇ ਹੇਠ ਜਮਾਂ ਕਰ ਲੈਣ ਵਾਲੀ ਸਿਆਸਤ ਦਾ ਹੀ ਨਵਾਂ ਰੂਪ ਹੈ। ਅਤੇ ਪੂਤਿਨ ਜਾਂ ਬਗ਼ਦਾਦੀ ਦਾ ਨਾਂਅ ਇਸ ਮਸਲੇ ਵਿਚ ਘੜੀਸਣ ਵਾਲਿਆਂ ਦੀ ਮਨਸ਼ਾ ਇਹ ਸੀ ਕਿ ਸਾਬਤ ਕੀਤਾ ਜਾਵੇ ਕਿ ‘ਬ੍ਰੈਗਜ਼ਿਟ’ ਤੋਂ ਬਾਅਦ ਦੇ ਕਮਜ਼ੋਰ ਯੋਰਪ ਦਾ ਲਾਭ ਰੂਸ ਅਤੇ ਇਸਲਾਮਿਕ ਸਟੇਟ ਵਾਲਿਆਂ ਨੂੰ ਵੱਧ ਹੋਵੇਗਾ।

ਜੇ ਇਕ ਪਾਸੇ ਇਹੋ ਜਿਹੀਆਂ ਬੇਤੁਕੀਆਂ ਦਲੀਲਾਂ ਜਾਂ ਹਊਏ ਖੜੇ ਕਰਕੇ ਆਮ ਲੋਕਾਂ ਨੂੰ ਭਰਮਾਇਆ ਜਾ ਰਿਹਾ ਸੀ, ਤਾਂ ਨਾਲ ਹੀ ਬਰਤਾਨੀਆ ਨੂੰ ‘ਇਮੀਗ੍ਰੇਸ਼ਨ’ (ਪਰਵਾਸੀਆਂ ਦੀ ਆਮਦ) ਤੋਂ ਹੋ ਰਹੇ ਨੁਕਸਾਨ ਦੀ ਦੁਹਾਈ ਦੇ ਕੇ ਉਨ੍ਹਾਂ ਦੇ ਜਜ਼ਬਾਤ ਨੂੰ ਭੜਕਾਇਆ ਵੀ ਜਾ ਰਿਹਾ ਸੀ। ਯੋਰਪੀ ਯੂਨੀਅਨ ਦੇ ਨੇਮਾਂ ਮੁਤਾਬਕ 27 ਮੈਂਬਰ ਦੇਸਾਂ ਦੇ ਸ਼ਹਿਰੀਆਂ ਨੂੰ ਕਿਸੇ ਵੀ ਹੋਰ ਮੈਂਬਰ ਦੇਸ ਵਿਚ ਜਾ ਵੱਸਣ ਅਤੇ ਕੰਮ ਕਰਨ ਦੀ ਸੁਤੰਤਰਤਾ ਹੈ। ਪਿਛਲੇ ਦਹਾਕਿਆਂ ਵਿਚ ਇਸ ਨੇਮ ਤਹਿਤ ਬਰਤਾਨੀਆ ਵਿਚ ਪੱਛੜੇ ਪੂਰਬ ਯੋਰਪੀ ਦੇਸਾਂ, ਖਾਸ ਕਰਕੇ ਪੋਲੈਂਡ, ਤੋਂ ਚੋਖੀ ਗਿਣਤੀ ਵਿਚ ਲੋਕ ਬਰਤਾਨੀਆ ਆਏ ਹਨ। ਅਤੇ ਇਸ ਸਮੇਂ ਪੱਛਮੀ ਏਸ਼ੀਆ, ਮੁਖ ਤੌਰ ਤੇ ਸੀਰੀਆ, ਵਿਚ ਪੈਦਾ ਹੋਏ ਹਾਲਾਤ ਕਾਰਨ ਯੋਰਪੀ ਯੂਨੀਅਨ ਦੇ ਦੇਸਾਂ ਨੂੰ ਇਨ੍ਹਾਂ ਸ਼ਰਨਾਰਥੀਆਂ ਦਾ ਭਾਰ ਵੀ ਚੁਕਣਾ ਪੈ ਰਿਹਾ ਹੈ। ਆਰਥਕ ਮੰਦਵਾੜੇ, ਵਧਦੀ ਬੇਰੁਜ਼ਗਾਰੀ ਅਤੇ ਵੱਡੇ ਸ਼ਹਿਰਾਂ ਵਿਚ ਘਰਾਂ ਦੀਆਂ ਬੇਪਹੁੰਚ ਕੀਮਤਾਂ ਕਾਰਨ ਆਮ ਲੋਕਾਂ ਵਿਚ ਪੈਦਾ ਹੋਈ ਬੇਚੈਨੀ ਅਤੇ ਖ਼ਫ਼ਗੀ ਨੂੰ ਆਪਣੇ ਹਿਤਾਂ ਲਈ ਵਰਤਣ ਕਾਰਨ ਨਿਕਾਸੀ ਦੇ ਹਾਮੀ ਬਰਤਾਨੀਆ ਦੀ ਹਰ ਮੰਦਹਾਲੀ ਦਾ ਭਾਂਡਾ ਵੀ ਇਨ੍ਹਾਂ ਪਰਵਾਸੀਆਂ ਦੇ ਸਿਰ ਹੀ ਭੰਨਦੇ ਨਜ਼ਰ ਆਉਂਦੇ ਸਨ। ਇਹ ਵਿਸ਼ਲੇਸ਼ਣ ਕਰਦਾ ਕੋਈ ਨਜ਼ਰ ਨਹੀਂ ਸੀ ਆਉਂਦਾ ਕਿ ਇਹੋ ਜਿਹੇ ਹਾਲਾਤ ਪੈਦਾ ਹੋਣ ਦਾ ਅਸਲੀ ਕਾਰਨ ਆਪਣੇ ਨਵੇਂ ਸੰਕਟ ਨਾਲ ਸਿਝ ਰਿਹਾ ਪੂੰਜੀਵਾਦੀ ਨਿਜ਼ਾਮ ਹੈ।

ਜ਼ਾਹਰ ਹੈ ਕਿ ਮੇਰਾ ਸਿਧਾ ਵਾਹ ਭਾਰਤੀ ਮੂਲ ਦੇ ਬਰਤਾਨਵੀਆਂ ਨਾਲ ਹੀ ਵੱਧ ਸੀ, ਅਤੇ ਹੈਰਾਨੀ ਇਸ ਗੱਲ ਦੀ ਹੋਈ ਕਿ ਉਨ੍ਹਾਂ ਵਿਚੋਂ ਵੀ ਬਹੁਤੇ ਮੈਨੂੰ ਏਸੇ ‘ਪਰਵਾਸ-ਵਿਰੋਧੀ’ ਪਰਚਾਰ ਦੇ ਅਸਰ ਹੇਠ ਝੂਲਦੇ ਨਜ਼ਰ ਆਏ। ਮੈਨੂੰ ਕਈਆਂ ਨਾਲ ਬਹਿਸ ਵਿਚ ਵੀ ਪੈਣਾ ਪਿਆ, ਇਹ ਜਤਾਏ ਬਿਨਾ ਕਿ ਅਜੇ ਕਲ੍ਹ ਤਕ ਤਾਂ ਉਹ ਖੁਦ ਵੀ ਪਰਵਾਸੀ ਸਨ। ਜਿਨ੍ਹਾਂ ਲੋਕਾਂ ਨਾਲ ਮੇਰਾ ਵਿਚਾਰ-ਵਟਾਂਦਰਾ ਹੋਇਆ ਉਨ੍ਹਾਂ ਵਿਚੋਂ ਕੋਈ ਵੀ ਖੁਦ ਬਰਤਾਨੀਆ ਦਾ ਜੰਮ-ਪਲ ( ਜਿਵੇਂ ਕਿ ਪਰਵਾਸੀਆਂ ਦੀ ਅਗਲੀ ਪੀੜ੍ਹੀ ਦੇ ਬੱਚੇ ਹਨ) ਨਹੀਂ ਸੀ, ਸੋ ਤਕਨੀਕੀ ਤੌਰ ਤੇ ‘ਇਮੀਗ੍ਰੈਂਟ’ ਹੀ ਸੀ, ਭਾਵੇਂਦ ਪੰਜ ਦਹਾਕਿਆਂ ਤੋਂ ਬਰਤਾਨਵੀ ਸ਼ਹਿਰੀ ਕਿਉਂ ਨਾ ਹੋਵੇ।

ਪਰਵਾਸ ਬਾਰੇ ਪਹਿਲੀ ਗੱਲ ਇਹ ਕਿ ਜਦੋਂ ਤਕ ਆਰਥਕ ਨਾਬਰਾਬਰੀ, ਗ਼ਰੀਬੀ ਜਾਂ ਬੇਰੁਜ਼ਗਾਰੀ ਰਹੇਗੀ, ਪਰਵਾਸ ਦੀ ਪ੍ਰਕਿਰਿਆ ਜਾਰੀ ਰਹੇਗੀ। ਪਿੰਡਾਂ ਤੋਂ ਸ਼ਹਿਰਾਂ ਵੱਲ, ਗ਼ਰੀਬ ਸੂਬਿਆਂ ਤੋਂ ਮੁਕਾਬਲਤਨ ਅਮੀਰ ਸੂਬਿਆਂ ਵੱਲ, ਅਤੇ ਪੱਛੜੇ ਅਰਥਚਾਰਿਆਂ ਤੋਂ ਵਿਕਸਤ ਅਰਥਚਾਰਿਆਂ ਵੱਲ। ਏਸੇ ਕਾਰਨ ਯੂ.ਪੀ., ਬਿਹਾਰ ਤੋਂ ਲੋਕ ਪੰਜਾਬ ਆਏ ਹਨ, ਪੰਜਾਬੀ ਕਿਤੇ ਹੋਰ ਵੱਲ ਮੂੰਹ ਕਰਦੇ ਹਨ, ਅਤੇ ਪੋਲੈਂਡ ਜਾਂ ਰੁਮਾਨੀਆ ਵਾਲੇ ਇੰਗਲੈਂਡ ਜਰਮਨੀ ਵੱਲ। ਹੋਰ ਅਗਾਂਹ ਜਾਈਏ ਤਾਂ ਇੰਗਲੈਂਡ ਜਰਮਨੀ ਵਾਲੇ ਵੀ ਕਨੇਡਾ ਜਾਂ ਅਮਰੀਕਾ ਪਹੁੰਚੇ ਮਿਲ ਜਾਣਗੇ।

ਦੂਜੀ ਗੱਲ, ਪਰਵਾਸ ਦਾ ਦੂਜਾ ਆਧਾਰ ਅਰਥਚਾਰੇ ਵਿਚ ਅਜਿਹੇ ਰੁਜ਼ਗਾਰਾਂ ਦੀ ਹੋਂਦ ਹੋਣਾ ਹੈ ਜਿਥੇ ਪਰਵਾਸੀਆਂ ਦੀ ਲੋੜ ਹੈ ਜਾਂ ਉਨ੍ਹਾਂ ਨੂੰ ਸਮੋਇਆ ਜਾ ਸਕਦਾ ਹੈ। ਬਹੁਤੀ ਵਾਰ ਨਵੇਂ ਆਏ ਪਰਵਾਸੀ ਦਰਅਸਲ ਉਹ ਕੰਮ ਕਰਦੇ ਹਨ ਜੋ ਸਥਾਨਕ ਵਸੋਂ ਜਾਂ ਤਾਂ ਕਰਦੀ ਨਹੀਂ ਜਾਂ ਕਰਨਾ ਚਾਹੁੰਦੀ ਨਹੀਂ। ਜੇ ਪੰਜਾਬ ਦੀਆਂ ਫੈਕਟਰੀਆਂ ਅਤੇ ਖੇਤਾਂ ਵਿਚ ਹੋਰਨਾਂ ਸੂਬਿਆਂ ਦੇ ਕਾਮੇ ਦਿਸਦੇ ਹਨ, ਤਾਂ ਉਸਦਾ ਕਾਰਨ ਇਹੀ ਹੈ ਕਿ ਇਨ੍ਹਾਂ ਥਾਂਵਾਂ ਉਤੇ ਉਨ੍ਹਾਂ ਦੀ ਲੋੜ ਹੈ। ਏਸੇ ਕਾਰਨ ਪੰਜਾਬੀ ਖੇਤ ਮਜ਼ਦੂਰ ਇਟਲੀ ਵਿਚ ਭਟਕਦਾ ਹੈ , ਅਤੇ ਰੁਮਾਨੀਆ ਦਾ ਪੇਂਡੂ ਬਾਸ਼ਿੰਦਾ ਇੰਗਲੈਂਡ ਦੇ ਬਾਗ਼ਾਨਾਂ ਵਿਚ ਫਲ ਅਤੇ ਬੈਰੀਆਂ ਤੋੜਨ ਆਉਂਦਾ ਹੈ। ਅਤੇ ਜੇ ਹੋਰ ਪਿਛਾਂਹ ਵਲ ਝਾਤੀ ਮਾਰੀਏ ਤਾਂ ਏਸੇ ਕਾਰਨ ਪੰਜਾਬ ਦਾ ਮੁਕਾਬਲਤਨ ਪੜ੍ਹਿਆ ਲਿਖਿਆ ਆਦਮੀ ਵੀ ਪੰਜਾਹਵਿਆਂ-ਸਠਵਿਆਂ ਵਿਚ ਇੰਗਲੈਂਡ ਜਾ ਕੇ ਫਾਉਂਡਰੀਆਂ ਵਿਚ ਹੱਡ-ਭੰਨਵੀਂ ਸਰੀਰਕ ਮਿਹਨਤ ਕਰਦਾ ਰਿਹਾ। ਏਸੇ ਗੱਲ ਨਾਲ ਜੁੜਿਆ ਦੂਜਾ ਪਹਿਲੂ ਇਹ ਵੀ ਹੈ ਕਿ ਪਰਵਾਸੀਆਂ ਦੀ ਪਹਿਲੀ ਪੀੜ੍ਹੀ ਤਾਂ ਸਾਰੇ ਔਖੇ, ਜਾਂ ਘਟ ਉਜਰਤ ਵਾਲੇ ਕੰਮ ਕਰਨ ਲਈ ਤਿਆਰ ਹੁੰਦੀ ਹੈ ਪਰ ਉਨ੍ਹਾਂ ਦੀ ਅਗਲੀ ਪੀੜ੍ਹੀ ਆਪਣੇ ਸ਼ਹਿਰੀ ਹੱਕਾਂ ਦੀ ਪੂਰੀ ਵਰਤੋਂ ਕਰਕੇ ਮਾਪਿਆਂ ਦੀ ਆਰਥਕ ਪ੍ਰਜਤ ਤੋਂ ਕਿਤੇ ਅਗਾਂਹ ਲੰਘ ਜਾਂਦੀ ਹੈ ਅਤੇ ਉਹ ਨੌਕਰੀਆਂ ਲੈ ਸਕਣ ਵਿਚ ਕਾਮਯਾਬ ਹੁੰਦੀ ਹੈ ਜੋ ਭਾਸ਼ਾਈ ਜਾਂ ਸਭਿਆਚਾਰਕ ਵਖਰੇਵਿਆਂ ਕਾਰਨ ਉਨ੍ਹਾਂ ਦੇ ਮਾਪਿਆਂ ਦੀ ਪਹੁੰਚ ਤੋਂ ਪਰੇਰੇ ਰਹੀਆਂ ਸਨ। ਇਸ ਲਈ ਇਨ੍ਹਾਂ ਵਿਕਸਤ ਅਰਥਚਾਰਿਆਂ ਵਿਚ ਨਵੇਂ ਤੋਂ ਨਵੇਂ ਪਰਵਾਸੀਆਂ ਦੇ ਪੂਰ ਸ਼ਾਮਲ ਹੁੰਦੇ ਰਹਿੰਦੇ ਹਨ। ਪਰਵਾਸੀਆਂ ਨੂੰ ਸਮੇਂ-ਸਮੇਂ ਉਤੇ ਕੋਟਿਆਂ ਰਾਹੀਂ ਆਪਣੇ ਦੇਸਾਂ ਵਿਚ ਆਉਣ ਦੀ ਛੋਟ ਹੀ ਨਹੀਂ, ਸਗੋਂ ਸੱਦਾ ਤਕ ਦੇਣ ਵਾਲੇ ਵਿਕਸਤ ਸਰਕਾਰਾਂ ਦੀਆਂ ਮਿਸਾਲਾਂ ਵੀ ਬਹੁਤ ਹਨ। ਇਸ ਦੀ ਉੱਘੜਵੀਂ ਉਦਾਹਰਣ ਜਰਮਨੀ ਹੈ ਜਿਥੇ ਦੂਜੀ ਸੰਸਾਰ ਜੰਗ ਦੀ ਤਬਾਹੀ ਤੋਂ ਬਾਅਦ ਮੁੜ-ਉਸਾਰੀ ਲਈ ਇਟਲੀ ਅਤੇ ਨੌਰਵੇ ਤੋਂ ਲੈ ਕੇ ਤੁਰਕੀ ਤਕ ਦੇ ਦੇਸਾਂ ਤੋਂ ਮਹਿਮਾਨ-ਕਾਮੇ ਲਖਾਂ ਦੀ ਗਿਣਤੀ ਵਿਚ ਮੰਗਾਏ ਗਏ। ਅੱਜ ਵੀ ਬਹੁਤ ਸਾਰੇ ਵਿਕਸਤ ਦੇਸਾਂ ਵੱਲੋਂ ਨਰਸਾਂ ਤੋਂ ਲੈ ਕੇ ਇੰਜੀਨੀਅਰਾਂ ਤਕ ਨੂੰ ਵਿਸ਼ੇਸ਼ ਛੋਟਾਂ ਦੇ ਕੇ ਆਪਣੇ ਕੋਲ ਆਉਣ ਦੇ ਖੁਲ੍ਹੇ ਸੱਦੇ ਦਿਤੇ ਜਾਂਦੇ ਹਨ। ਬਰਤਾਨੀਆ ਦੇ ਸੰਦਰਭ ਵਿਚ ਹੀ ਦੇਖਿਆ ਜਾਵੇ ਤਾਂ ਜੇਕਰ ਪਰਵਾਸੀ ਮੂਲ ਦੇ ਡਾਕਟਰ, ਨਰਸਾਂ ਜਾਂ ਇੰਜੀਨੀਅਰ ਉਥੇ ਨਾ ਹੋਣ ਤਾਂ ਨਾ ਸਿਰਫ਼ ਉਥੋਂ ਦੀਆਂ ਸਿਹਤ ਸੇਵਾਵਾਂ, ਸਗੋਂ ਸਨਅਤ ਨੂੰ ਵੀ ਖੋਰਾ ਲਗ ਜਾਵੇ। ਤੀਜੀ ਗੱਲ, ਪਰਵਾਸੀਆਂ ਬਾਰੇ ਇਹ ਰੌਲ਼ਾ (ਜਾਂ ਘਚੋਲਾ) ਆਮ ਪਾਇਆ ਜਾਂਦਾ ਹੈ ਕਿ ਪੱਛੜੀਆਂ ਥਾਂਵਾਂ ਤੋਂ ਆਏ ਇਹ ਲੋਕ ਵਿਕਸਤ ਅਰਥਚਾਰਿਆਂ ਵਿਚ ਆ ਕੇ ਉਨ੍ਹਾਂ ਉੱਤੇ ਭਾਰ ਬਣਦੇ ਹਨ, ਕਿਉਂਕਿ ਇਹ ਦੇਸ ਆਪਣੇ ਸ਼ਹਿਰੀਆਂ ਨੂੰ ਕਈ ਸਹੂਲਤਾਂ ਮੁਹੱਈਆ ਕਰਦੇ ਹਨ ਜਿਨ੍ਹਾਂ ਲਈ ਪਹਿਲੋਂ ਰਹਿੰਦੇ ਸ਼ਹਿਰੀਆਂ ਨੇ ਵਰ੍ਹਿਆਂ ਤੋਂ ਟੈਕਸ ਤਾਰੇ ਹੁੰਦੇ ਹਨ। ਇਹ ਗੱਲ ਕਿਸੇ ਹਦ ਤਕ ਉਨ੍ਹਾਂ ਸੇਵਾ-ਨਿਵਰਤ ਬਜ਼ੁਰਗ ਪਰਵਾਸੀਆਂ ਉੱਤੇ ਤਾਂ ਸ਼ਾਇਦ ਲਾਗੂ ਹੁੰਦੀ ਹੋਵੇ, ਜਿਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਬੁਢਾਪਾ ਕਟਾਉਣ ਤੇ ਬੁਢੇਪਾ-ਪੈਨਸ਼ਨਾਂ ਲੁਆਉਣ ਲਈ ਪਰਦੇਸਾਂ ਵਿਚ ਬੁਲਾ ਲੈਂਦੇ ਹਨ, ਪਰ ਉਨ੍ਹਾਂ ਆਮ ਪਰਵਾਸੀਆਂ ਉਤੇ ਬਿਲਕੁਲ ਵੀ ਲਾਗੂ ਨਹੀਂ ਹੁੰਦੀ ਜੋ ਨਾ ਸਿਰਫ਼ ਵਿਕਸਤ ਅਰਥਚਾਰਿਆਂ ਵਿਚ ਆ ਕੇ ਸਖਤ ਮੁਸ਼ੱਕਤ ਮੰਗਦੇ ਕੰਮ ਫੜਨ ਨੂੰ ਤਿਆਰ ਹੁੰਦੇ ਹਨ, ਸਗੋਂ ਅਜਿਹੇ ਕੰਮਾਂ ਨੂੰ ਨਿਰੋਲ ਨਿਗੂਣੀ ਉਜਰਤ ਉਤੇ ਵੀ ਕਰਨ ਲਈ ਵੀ ਮਜਬੂਰ ਹੁੰਦੇ ਹਨ। ਮੇਰੇ ਨਾਲ ਬਹਿਸ ਕਰਦਿਆਂ ਇਕ ਬਰਤਾਨਵੀ ਭਾਰਤੀ ਨੇ ਤਾਂ ਇਹ ਵੀ ਕਹਿ ਦਿਤਾ ਕਿ ਸਸਤੇ ਭਾਅ ਕੰਮ ਕਰਨ ਵਾਲੇ ਕਾਮੇ ਅਰਥਚਾਰੇ ਉਤੇ ਬੋਝ ਇਸਲਈ ਹਨ ਕਿ ਉਹ ਕਿਸੇ ਕਿਸਮ ਦਾ ਕੋਈ ਟੈਕਸ ਨਹੀਂ ਤਾਰਦੇ। ਮੈਨੂੰ ਇਹ ਚਿਤਾਰਨਾ ਪਿਆ ਕਿ ਇਹੋ ਜਿਹਾ ਕਾਮਾ ਤਾਂ ਉਨ੍ਹਾਂ ਦੇ ਵਿਕਸਤ ਅਰਥਚਾਰੇ ਵਿਚ ਸਗੋਂ ਦੋਹਰੀ ਮਾਰ ਹੇਠ ਹੈ। ਇਕ ਪਾਸੇ ਉਸਨੂੰ ਔਖੇ ਕੰਮ ਲਈ ਨਿਗੂਣੀ ਉਜਰਤ ਮਿਲਦੀ ਹੈ ਤੇ ਦੂਜੇ ਪਾਸੇ ਉਸਨੂੰ ਹਰ ਵਰਤੋਂ ਦੀ ਵਸਤ (ਦੁੱਧ-ਰੋਟੀ ਤੋਂ ਲੈ ਕੇ ਜੁੱਤੀ-ਕੱਪੜੇ ਤਕ) ਉਤੇ ਐਨ ਓਨਾ ਹੀ ਵੈਟ ਟੈਕਸ ਤਾਰਨਾ ਪੈਂਦਾ ਹੈ ਜਿੰਨਾ ਕਿਸੇ ਅਮੀਰ ਤੋਂ ਅਮੀਰ ਬਰਤਾਨਵੀ ਸ਼ਹਿਰੀ ਦੇ ਹਿਸੇ ਆਂਦਾ ਹੈ।

ਆਪਣੇ ਬਰਤਾਨਵੀ-ਭਾਰਤੀ ਭਾਈਆਂ ਨਾਲ ਗੱਲਬਾਤ ਕਰਦਿਆਂ ਮੈਨੂੰ ਵਾਰ-ਵਾਰ ਰੇਲ ਗੱਡੀ ਦੇ ਨੱਕੋ-ਨੱਕ ਭਰੇ ਉਸ ਡੱਬੇ ਦਾ ਖਿਆਲ ਆਇਆ ਜਿਸ ਵਿਚ ਪਹਿਲੋਂ ਬੈਠੇ ਯਾਤਰੂ ਹਰ ਨਵੇਂ ਚੜ੍ਹਨ ਵਾਲੇ ਨੂੰ ਰਤਾ ਨਕ ਚੜ੍ਹਾ ਕੇ ਵੇਖਦੇ ਹਨ, ਤੇ ਹੋਰ ਚੌੜੇ ਹੋ ਕੇ ਬਹਿ ਜਾਂਦੇ ਹਨ। ਹੌਲੀ ਹੌਲੀ ਇਹ ਨਵੀਂ ਸੁਆਰੀ ਵੀ ਆਪਣੇ ਜੋਗੀ ਕੋਈ ਥਾਂ-ਨੁੱਕਰ ਭਾਲ ਕੇ ਬਹਿ ਜਾਂਦੀ ਹੈ। ਪਰ ਅਗਲਾ ਸਟੇਸ਼ਨ ਆਉਣ ਤੇ ਵਤੀਰਾ ਉਸਦਾ ਵੀ ਨਵੇਂ ਚੜ੍ਹਨ ਵਾਲਿਆਂ ਪ੍ਰਤੀ ਉਹੀ ਹੁੰਦਾ ਹੈ, ਜੋ ਪਿਛਲੇ ਸਟੇਸ਼ਨ ਉਤੇ ਉਸਨੇ ਆਪਣੇ ਨਾਲ ਹੁੰਦਿਆਂ ਦੇਖਿਆ ਸੀ।

ਮੁਕਦੀ ਗੱਲ ਇਹ ਕਿ ਰਾਏ-ਸ਼ੁਮਾਰੀ ਤੋਂ ਪਹਿਲਾਂ ‘ਇਮੀਗ੍ਰੇਸ਼ਨ’ ਰਾਹੀਂ ਪੈਦਾ ਹੋਣ ਵਾਲੀਆਂ ਸਮੱਸਿਆਂਵਾਂ ਨੂੰ ਏਨਾ ਵੱਡਾ ਹਊਆ ਬਣਾ ਕੇ ਪੇਸ਼ ਕੀਤਾ ਗਿਆ, ਕਿ ਯੋਰਪੀ ਯੂਨੀਅਨ ਨਾਲ ਜੁੜੇ ਰਹਿਣ ਦੇ ਫ਼ਾਇਦੇ-ਨੁਕਸਾਨ ਦੇ ਪਹਿਲੂਆਂ ਬਾਰੇ ਸੰਜੀਦਾ ਵਿਚਾਰ ਹੋ ਹੀ ਨਾ ਸਕੀ ਅਤੇ ਆਮ ਲੋਕ ਜਜ਼ਬਾਤੀ ਕਿਸਮ ਦੇ ਭੰਬਲਭੂਸੇ ਵਿਚ ਹੀ ਫਸੇ ਰਹੇ। 23 ਜੂਨ ਨੂੰ, ਜਦੋਂ ਥੋੜ੍ਹੇ ਜਿਹੇ ਫਰਕ ਨਾਲ ‘ਬ੍ਰੈਕਸਿਟ’ ਦੇ ਹਾਮੀਆਂ ਦੀ ਜਿਤ ਹੋਈ ਤਾਂ ਨਾ ਸਿਰਫ਼ ਪਾਉਂਡ ਤੇਜ਼ੀ ਨਾਲ ਡਿੱਗਿਆ, ਮੁਲਕ ਵਿਚ ਸਿਆਸੀ ਤਰਥੱਲੀ ਵੀ ਮਚ ਗਈ। ਬੋਰਿਸ ਜੌਨ੍ਹਸਨ ਵਰਗੇ, ਜੋ ਕਲ੍ਹ ਤਕ ‘ਬ੍ਰੈਗਜ਼ਿਟ’ ਦੇ ਸਭ ਤੋਂ ਵੱਡੇ ਅਲੰਬਰਦਾਰ ਬਣੇ ਦਿਸਦੇ ਸਨ, ਇਸ ਸਿਆਸੀ ਘਾਣ ਤੋਂ ਡਰਦੇ ਕਿਸੇ ਕਿਸਮ ਦੀ ਜ਼ਿੰਮੇਵਾਰੀ ਚੁਕਣੋਂ ਹੀ ਇਨਕਾਰੀ ਲਭਦੇ ਦਿਸੇ।

ਭਾਵੇਂ ਸਾਰੇ ਨਹੀਂ, ਪਰ ਕਈ ਅਜਿਹੇ ਲੋਕ ਵੀ ਮੈਨੂੰ ਮਿਲੇ ਜੋ ਹੁਣ ਕਹਿਣ ਲਗ ਪਏ ਸਨ ਕਿ ‘ਬ੍ਰੈਗਜ਼ਿਟ’ ਦੇ ਹਕ ਵਿਚ ਵੋਟ ਪਾ ਕੇ ਉਨ੍ਹਾਂ ਨੇ ਗਲਤੀ ਕੀਤੀ ਕਿਉਂਕਿ ਉਨ੍ਹਾਂ ਨੇ ਮਾਮਲੇ ਨੂੰ ਪੂਰੀ ਤਰ੍ਹਾਂ ਸਮਝੇ ਬਿਨਾ ਹੀ ਵੋਟ ਪਾ ਦਿਤੀ ਸੀ।

ਇਸ ਸਭ ਨੂੰ ਵਾਚਦਿਆਂ ਇਕ ਹੋਰ ਸਵਾਲ ਵੀ ਵਿਚਾਰਨਯੋਗ ਹੈ ‘ਬ੍ਰੈਗਜ਼ਿਟ’ ਬਾਰੇ ਰਾਏ-ਸ਼ੁਮਾਰੀ ( ਰਿਫ਼ਰੈਂਡਮ) ਨੂੰ ਜਮਹੂਰੀਅਤ ਦੀ ਜਿਤ ਕਹਿ ਕੇ ਵਡਿਆਇਆ ਗਿਆ ਹੈ। ਇਹ ਕਿਹਾ ਗਿਆ ਹੈ ਕਿ ਇਹੋ ਜਿਹੇ ਰਿਫ਼ਰੈਂਡਮ ਇਸ ਗਲ ਦੀ ਮਿਸਾਲ ਹਨ ਕਿ ਇਹ ਲੋਕ-ਰਾਏ ਦੀ ਜਿਤ ਹੈ। ਬਜਾਏ ਇਸਦੇ ਕਿ ਸਿਆਸੀ ਨੁਮਾਇੰਦੇ ਜਾਂ ਪਾਰਲੀਮੈਂਟ ਮੈਂਬਰ ਉਨ੍ਹਾਂ ਦੀ ਹੋਣੀ ਬਾਰੇ ਨਿਰਣੇ ਲੈਣ, ਲੋਕ ਇਸ ਕਿਸਮ ਦੇ ਸਿੱਧੇ ਦਖਲ ਨਾਲ ਆਪਣੇ ਦੇਸ ਲਈ ਆਪਣੀ ਮਰਜ਼ੀ ਦਾ ਰਾਹ ਚੁਣ ਸਕਦੇ ਹਨ। ਇਸਲਈ ਰਾਏ-ਸ਼ੁਮਾਰੀ ਜਮਹੂਰੀ ਹੱਕਾਂ ਦੀ ਅਸਲੀ ਵਰਤੋਂ ਹੈ। ਪਰ ਜਿਸ ਢੰਗ ਨਾਲ ਕੁਝ ਸਿਆਸਤਦਾਨਾਂ ਨੇ ਨਿਰੋਲ ਜਜ਼ਬਾਤੀ ਭੜਕਾਹਟ ਪੈਦਾ ਕਰਕੇ ਬਰਤਾਨੀਆ ਦੇ ਆਮ ਲੋਕਾਂ ਨੂੰ ਭੰਬਲਭੂਸੇ ਵਿਚ ਪਾਈ ਰਖਿਆ ਉਸਤੋਂ ਇਕ ਵੱਡਾ ਸਬਕ ਇਹ ਵੀ ਮਿਲਦਾ ਹੈ ਕਿ ਅਜਿਹੀਆਂ ਰਾਏ-ਸ਼ੁਮਾਰੀਆਂ ਜਮਹੂਰੀਅਤ ਦਾ ਪੇਤਲਾ ਜਿਹਾ ਪ੍ਰਗਟਾਵਾ ਹੀ ਹਨ। ਭੁਲਾਵਿਆਂ ਦੇ ਸਿਰਜਕ ਅਤੇ ਸ਼ਬਦਾਂ ਦੇ ਜਾਦੂ-ਜਾਲ ਬੁਣ ਸਕਣ ਦੇ ਮਾਹਰ ਸਿਆਸੀ ਬੁਲਾਰੇ ਲੋਕ-ਰਾਏ ਨੂੰ ਇਕਵਾਗਾ ਵੀ ਬਣਾ ਸਕਦੇ ਹਨ, ਅਤੇ ਲੋਕਾਂ ਨੂੰ ਵਕਤੀ ਤੌਰ ਤੇ ਆਪਣੇ ਪਿਛੇ ਲਾ ਸਕਦੇ ਹਨ। ਉਂਜ ਵੀ ਕਿਸੇ ਸੰਜੀਦਾ, ਅਤੇ ਬਹੁਪਰਤੀ ਅਸਰ ਛੱਡਣ ਵਾਲੇ ਮਸਲੇ ਨੂੰ ਹਰ ਪੱਖੋਂ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੁੰਦੀ ਹੈ: ਉਸਨੂੰ ਨਿਰੋਲ ‘ਹਾਂ’ ਜਾਂ ‘ਨਾਂਹ’ ਦੇ ਦੋ-ਟੁੱਕ ਜਵਾਬਾਂ ਨਾਲ ਨਜਿੱਠਣ ਦੀ ਕੋਸ਼ਿਸ਼ ਕਰਨ ਦੇ ਨਤੀਜੇ ਚੋਖੇ ਖਤਰਨਾਕ ਸਾਬਤ ਹੋ ਸਕਦੇ ਹਨ। ਇਸਲਈ ਰਾਏ-ਸ਼ੁਮਾਰੀਆਂ ਨੂੰ ਲੋੜ ਤੋਂ ਵਧ ਅਹਿਮੀਅਤ ਦੇਣ ਦੇ ਝੁਕਾਅ ਨੂੰ ਵੀ ਠਲ੍ਹ ਕੇ ਹੀ ਰਖਣਾ ਚਾਹੀਦਾ ਹੈ।

## ਕਲਪਨਾ ਦੇ ਅੰਬਰੀਂ

ਉੱਡਣ ਵਾਲਿਓ ਕਦੇ ਕਦਾਈਂ ਧਰਤੀ ’ਤੇ ਵੀ ਆਇਆ ਕਰੋ ... ਕਾਲਪਨਿਕ ਮਹਿਬੂਬ ਦੇ ਵਿਯੋਗ ’ਚ ਰੋ ਰੋ ਕੇ ਕਾਗਜ਼ ਗਿੱਲੇ ਕਰਨਾਂ ਹੀ ਮੁਹੱਬਤ ਨਹੀਂ ਹੁੰਦੀ...ਤੰਗੀਆਂ ਤੁਰਸ਼ੀਆਂ ਨਾਲ ਘੁਲਦਿਆਂ ਰਲ਼ ਮਿਲ ਕੇ ਬੱਚੇ ਪਾਲਣਾ ਵੀ ਮੁਹੱਬਤ ਹੈ

ਜਦੋਂ ਸੱਪਾਂ ਦੀਆਂ ਸਿਰੀਆਂ ਮਿੱਧਦਾ ਖੇਤੋਂ ਮੁੜਿਆ ਨਾ ਹੋਵੇ ’ਤੇ ਰਾਤ ਦੀ ਰੋਟੀ ਪਕਾਉਂਦੀ ਦੀ ਇੱਕ ਅੱਖ ਦਰਵਾਜੇ ’ਤੇ ਹੋਵੇ

ਬੇ-ਧਿਆਨੀ ’ਚ ਮੱਠੀ ਹੋਈ ਅੱਗ ’ਤੇ ਸੁੱਕਦੀਆਂ ਰੋਟੀਆਂ ਦੇ ਨਾਲ਼ ਜਾਨ ਵੀ ਸੁੱਕਣੇ ਪਈ ਹੋਵੇ ਓਹ ਵੀ ਮੁਹੱਬਤ ਹੈ

ਜਦੋਂ ਮੱਝ ਦੇ ਸੰਗਲ਼ ’ਚ ਮਹਿਬੂਬ ਦਾ ਹੱਥ ਘੁੱਟਿਆ ਹੋਵੇ ’ਤੇ ਮਹਿਬੂਬਾ ਦੇ ਮੂੰਹੋਂ, “ਹਏ ਮੈਂ ਮਰਜਾਂ ਨਿੱਕਲ਼ ਜੇ ......

ਜਦੋਂ ਜੇਬ ’ਚ ਪੂਰੇ ਪੈਸੇ ਨਾ ਹੋਣ ’ਤੇ ਮਹਿਬੂਬਾ ਲਈ ਸੂਟ ਪਸੰਦ ਆ ਜੇ .....

ਜਦੋਂ maternity room ਦੇ ਬਾਹਰ ਖੜ੍ਹੇ ਦੀ ਜਾਨ ਮੁੱਠੀ ’ਚ ਆਈ ਹੋਵੇ .....

ਮਹਿਬੂਬਾ ਦੀਆਂ ਉਂਗਲ਼ਾਂ ਦੇ ਪੋਟੇ ਕੋਮਲ ਹੀ ਨ੍ਹੀ ਹੁੰਦੇ ... ਤਵੀ ’ਤੇ ਰੋਟੀਆਂ ‘ਥੱਲਦੀ ਦੇ ਪੋਟੇ ਸੜੇ ਹੋਏ ਵੀ ਹੁੰਦੇ ਨੇ.... ਮਹਿਬੂਬਾ ਦੀਆਂ ਜ਼ੁਲਫਾਂ ਰੇਸ਼ਮੀ ਹੀ ਨ੍ਹੀ ਹੁੰਦੀਆਂ... ਨਰਮਾ ਚੁਗਦੀ ਮਹਿਬੂਬਾ ਦੇ ਸਿਰ ’ਚ ਜੂੰਆਂ ਵੀ ਪੈ ਜਾਂਦੀਆਂ ......

ਜਦੋਂ ਅੱਟਣਾਂ ਵਾਲ਼ੇ ਹੱਥ ਵੀ ਖੁਰਦਰੇ ਨਾ ਲੱਗਣ .......

ਜਦੋਂ ਪਸੀਨੇ ਨਾਲ਼ ਭਿੱਜੇ ਨੂੰ ਪੱਖੀ ਝਲਦੀ ਸੀਨੇ ’ਤੇ ਸਿਰ ਧਰ ਦੇਵੇ ’ਤੇ ਖੱਟੀ ਦੁਰਗੰਧ ਵੀ ਮਿੱਠੀ ਲੱਗੇ ਓਹ ਵੀ ਮੁਹੱਬਤ ਹੈ।

- ਕਮਲਜੀਤ ਸਿੰਘ ਰਾਈ



# ਅਸਲੀ ਆਜ਼ਾਦੀ ਨੂੰ ਤਰਸਦੇ ਭਾਰਤ ਦੇ ਲੋਕ

-ਸੁਮੀਤ ਸਿੰਘ

*ਬੇਸ਼ੱਕ ਭਾਰਤ ਦਾ ਸਮਾਜਕ ਢਾਂਚਾ ਪੱਛਮੀ ਦੇਸ਼ਾਂ ਨਾਲੋਂ ਕੁਝ ਬਿਹਤਰ ਹੈ, ਪਰ ਮੌਜੂਦਾ ਪੂੰਜੀਵਾਦੀ ਯੁੱਗ ਦੀਆਂ ਸਵਾਰਥੀ ਕਦਰਾਂ-ਕੀਮਤਾਂ ਅਤੇ ਪੱਛਮੀ ਸਭਿਆਚਾਰ ਦੇ ਵਧ ਰਹੇ ਪ੍ਰਭਾਵ ਨੇ ਸਾਡੇ ਸਮਾਜਕ ਢਾਂਚੇ ਨੂੰ ਅੰਦਰੋ-ਅੰਦਰ ਖੋਖਲਾ ਕਰ ਦਿੱਤਾ ਹੈ। ਪੱਛਮੀ ਸਭਿਆਚਾਰ ਨੂੰ ਅਪਣਾ ਕੇ ਅਸੀਂ ਅਸ਼ਲੀਲਤਾ ਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਹਾਂ। ਪਰਵਾਰ ਵਿੱਚ ਇੱਕ ਦੂਜੇ ਤੋਂ ਅੱਖਾਂ ਬਚਾਉਣ ਵਾਲੀ ਮਾਨਸਿਕਤਾ ਬਣ ਰਹੀ ਹੈ।*

ਭਾਰਤ 15 ਅਗਸਤ 1947 ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦ ਹੋ ਗਿਆ ਸੀ, ਪਰ ਬਟਵਾਰੇ ਵੇਲੇ ਲੱਖਾਂ ਨਿਰਦੋਸ਼ ਇਨਸਾਨਾਂ ਦੇ ਫਿਰਕੂ ਦੰਗੇ-ਫਸਾਦਾਂ ਵਿੱਚ ਮਾਰੇ ਜਾਣ ਅਤੇ ਕਰੋੜਾਂ ਦੇ ਘਰੋਂ ਬੇਘਰ ਹੋਣ ਤੋਂ ਬਾਅਦ ਮਿਲੀ ਰਸਮੀ ਆਜ਼ਾਦੀ ਦੇ ਬਾਵਜੂਦ ਪਿਛਲੇ 69 ਸਾਲਾਂ ਵਿੱਚ ਦੇਸ਼ ਦੀ ਜਨਤਾ ਨੂੰ ਅਸਲ ਆਜ਼ਾਦੀ ਦੇ ਦਰਸ਼ਨ ਨਹੀਂ ਹੋ ਸਕੇ।

ਸ਼ਹੀਦ ਭਗਤ ਸਿੰਘ ਅਤੇ ਦੇਸ਼ ਦੇ ਦੂਜੇ ਇਨਕਲਾਬੀ ਸ਼ਹੀਦਾਂ ਦਾ ਸੁਫਨਾ ਬਰਤਾਨਵੀ ਹਕੂਮਤ ਤੋਂ ਸਿਰਫ ਰਸਮੀ ਆਜ਼ਾਦੀ ਪ੍ਰਾਪਤ ਕਰਨ ਤੱਕ ਸੀਮਤ ਨਹੀਂ ਸੀ, ਬਲਕਿ ਉਹ ਆਜ਼ਾਦ ਭਾਰਤ ਵਿੱਚ ਇੱਕ ਅਜਿਹਾ ਜਮਾਤ ਰਹਿਤ ਲੋਕ-ਪੱਖੀ ਰਾਜ ਪ੍ਰਬੰਧ ਸਥਾਪਤ ਕਰਨਾ ਚਾਹੁੰਦੇ ਸਨ, ਜਿਸ ਵਿੱਚ ਹਰ ਨਾਗਰਿਕ ਨੂੰ ਸਹੀ ਅਰਥਾਂ ਵਿੱਚ ਆਰਥਿਕ, ਸਮਾਜਕ, ਮਾਨਸਿਕ ਅਤੇ ਰਾਜਨੀਤਕ ਆਜ਼ਾਦੀ, ਬਰਾਬਰੀ ਅਤੇ ਨਿਆਂ ਮਿਲੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੁੰਦੀ ਹੋਵੇ। ਬੜੇ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਸੱਤਾ ਉੱਤੇ ਕਾਬਜ਼ ਵੱਖ-ਵੱਖ ਸਿਆਸੀ ਜਮਾਤਾਂ ਨੇ ਸ਼ਹੀਦਾਂ ਦੇ ਸੁਫਨਿਆਂ ਨੂੰ ਸਾਕਾਰ ਕਰਨ ਲਈ ਕਦੇ ਗੰਭੀਰਤਾ ਨਾਲ ਕੋਸ਼ਿਸ਼ ਨਹੀਂ ਕੀਤੀ। ਉਲਟਾ ਦੇਸ਼ ਦੇ ਹਾਲਾਤ ਇਸ ਕਦਰ ਬਦਤਰ ਅਵਸਥਾ ਵਿੱਚ ਪਹੁੰਚ ਚੁੱਕੇ ਹਨ ਕਿ ਆਜ਼ਾਦੀ ਸਿਰਫ ਕਾਗਜ਼ੀ ਪੁਤਲਾ ਬਣ ਕੇ ਰਹਿ ਗਈ ਹੈ। ਅਸੀਂ ਆਜ਼ਾਦ ਹੋ ਕੇ ਵੀ ਗੁਲਾਮਾਂ ਵਾਲਾ ਜੀਵਨ ਭੋਗ ਰਹੇ ਹਾਂ।

ਜੇ ਲੋਕਾਂ ਦੀ ਆਰਥਿਕ ਆਜ਼ਾਦੀ ਦੇ ਪੱਖੋਂ ਗੱਲ ਕੀਤੀ ਜਾਵੇ ਤਾਂ ਇਹ ਹਕੀਕਤ ਸਾਡੇ ਸਾਹਮਣੇ ਹੈ ਕਿ ਦੇਸ਼ ਦੀ 80 ਫੀਸਦੀ ਆਬਾਦੀ ਸਿਖਿਆ, ਸਿਹਤ, ਰੁਜ਼ਗਾਰ, ਬਿਜਲੀ ਅਤੇ ਸਾਫ ਪਾਣੀ ਦੀਆਂ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੀ ਹੈ। ਇਸ ਵਿੱਚੋਂ ਵੀ 40 ਕਰੋੜ ਤੋਂ ਵੱਧ ਲੋਕ ਇਨ੍ਹਾਂ ਬੁਨਿਆਦੀ ਸਹੂਲਤਾਂ ਤੋਂ ਵਿਰਵੇ ਹੋ ਕੇ ਗਰੀਬੀ ਰੇਖਾ ਤੋਂ ਹੇਠਾਂ ਦਾ ਡੰਗ ਟਪਾਊ ਜੀਵਨ ਗੁਜ਼ਾਰ ਰਹੇ ਹਨ। ਭੁੱਖਮਰੀ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ ਅਤੇ ਅਨਪੜ੍ਹਤਾ ਨੇ ਗਰੀਬ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ। ਦੇਸ਼ ਦੀ ਸੱਤਾ ਉੱਤੇ ਸਮੇਂ-ਸਮੇਂ ਰਾਜ ਕਰਨ ਵਾਲੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇਸ਼ ਵਿੱਚੋਂ ਇਹ ਸਮੱਸਿਆਵਾਂ ਖਤਮ ਕਰਨ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਾਉਣ ਦਾ ਲਾਰਾ ਲਾ ਕੇ ਪਿਛਲੇ 67 ਸਾਲਾਂ ਤੋਂ ਜਨਤਾ ਨੂੰ ਗੁੰਮਰਾਹ ਕਰਨ ਰਹੀਆਂ ਹਨ। ਸਰਕਾਰ ਦੀਆਂ ਪੂੰਜੀਪਤੀ ਪੱਖੀ ਆਰਥਿਕ ਨੀਤੀਆਂ ਕਾਰਨ ਇਹ ਸਮੱਸਿਆਵਾਂ ਹੋਰ ਗੰਭੀਰ ਰੂਪ ਅਖਤਿਆਰ ਕਰ ਰਹੀਆਂ ਹਨ। ਨਤੀਜੇ ਵਜੋਂ ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ।

ਸਾਡੀਆਂ ਹਾਕਮ ਜਮਾਤਾਂ ਵਲੋਂ ਵਿਸ਼ਵ ਵਪਾਰ ਸੰਸਥਾ ਸੰਸਾਰ ਬੈਂਕ ਅਤੇ ਕੌਮਾਂਤਰੀ ਵਿੱਤ ਫੰਡ ਦੇ ਦਬਾਅ ਹੇਠ ਉਹ ਲੋਕ ਵਿਰੋਧੀ ਆਰਥਿਕ ਨੀਤੀਆਂ ਲਾਗੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੇ ਤਹਿਤ ਬਹੁ-ਕੌਮੀ ਕੰਪਨੀਆਂ ਨੂੰ ਵੱਧ ਤੋਂ ਵੱਧ ਰਿਆਇਤਾਂ ਅਤੇ ਟੈਕਸ ਛੋਟਾਂ ਨਾਲ ਦੇਸ਼ ਦੀ ਆਰਥਿਕਤਾ ਦਾ ਅਰਬਾਂ ਰੁਪਏ ਦਾ ਨੁਕਸਾਨ ਕਰਾਇਆ ਜਾ ਰਿਹਾ ਹੈ, ਪਰ ਇਸਦੇ ਉਲਟ ਘਰੇਲੂ ਸਨਅਤ ਅਤੇ ਖੇਤੀ ਦੇ ਖੇਤਰ ਵਿੱਚੋਂ ਰਿਆਇਤਾਂ ਅਤੇ ਛੋਟਾਂ ਖਤਮ ਕਰ ਕੇ ਇਨ੍ਹਾਂ ਨੂੰ ਮੰਦਹਾਲੀ ਵੱਲ ਧੱਕਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਮੁਨਾਫੇ ਵਿੱਚ ਜਾ ਰਹੇ ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਅਤੇ ਨਿਗਮੀਕਰਨ ਕਰ ਕੇ ਵੱਡੇ ਪੂੰਜੀਪਤੀ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਸੌਂਪੇ ਜਾ ਰਹੇ ਹਨ। ਸੰਸਾਰੀਕਰਨ, ਉਦਾਰੀਕਰਨ ਅਤੇ ਆਰਥਿਕ ਸੁਧਾਰਾਂ ਦੇ ਨਾਂ ਹੇਠ ਵਿਸ਼ੇਸ਼ ਆਰਥਿਕ ਜੋਨ ਸਥਾਪਤ ਕਰਨ ਦੀਆਂ ਨੀਤੀਆਂ ਤਹਿਤ ਕਿਸਾਨਾਂ ਅਤੇ ਛੋਟੇ ਜ਼ਿਮੀਂਦਾਰਾਂ ਦੀਆਂ ਵਾਹੀਯੋਗ ਜ਼ਮੀਨਾਂ ਜ਼ਬਰਦਸਤੀ ਸਸਤੇ ਭਾਅ ਹਥਿਆ ਕੇ ਉਨ੍ਹਾਂ ਨੂੰ ਆਰਥਿਕ ਪੱਖੋਂ ਉਜਾੜਿਆ ਜਾ ਰਿਹਾ ਹੈ। ਪੱਛਮੀ ਬੰਗਾਲ ਵਿੱਚ ਸ਼ਿੰਗੂਰ ਅਤੇ ਨੰਦੀਗ੍ਰਾਮ ਜ਼ਿਲਿਆਂ ਵਿੱਚ ਕਿਸਾਨਾਂ ਵਲੋਂ ਜਬਰੀ ਜ਼ਮੀਨਾਂ ਖੋਹਣ ਕਾਰਨ ਹੋਈਆਂ ਭਿਆਨਕ ਹਿੰਸਕ ਘਟਨਾਵਾਂ ਵਿੱਚ ਕਈ ਕੀਮਤੀ ਜਾਨਾਂ ਗਈਆਂ ਹਨ। ਝਾਰਖੰਡ, ਛੱਤੀਸਗੜ੍ਹ, ਉੜੀਸਾ, ਬਿਹਾਰ ਵਿਚਲੇ ਜੰਗਲਾਂ ਵਿੱਚ ਦੱਬੇ ਕਈ ਖਰਬਾਂ ਰੁਪਏ ਦੇ ਕੁਦਰਤੀ ਖਣਿਜ ਪਦਾਰਥਾਂ ਨੂੰ ਦੇਸੀ ਤੇ ਵਿਦੇਸ਼ੀ ਕੰਪਨੀਆਂ ਕੋਲ ਕੌਡੀਆਂ ਦੇ ਭਾਅ ਵੇਚ ਕੇ ਉਥੋਂ ਦੇ ਗਰੀਬ ਆਦਿਵਾਸੀਆਂ ਅਤੇ ਆਮ ਲੋਕਾਂ ਨੂੰ ਭੁੱਖੇ ਮਰਨ ਉੱਤੇ ਮਜਬੂਰ ਕੀਤਾ ਜਾ ਰਿਹਾ ਹੈ। ਇਨ੍ਹਾਂ ਦੂਰ-ਦੁਰਾਡੇ ਇਲਾਕਿਆਂ ਵਿੱਚ ਬੁਨਿਆਦੀ ਸਹੂਲਤਾਂ ਦਾ ਨਾਮੋ-ਨਿਸ਼ਾਨ ਨਜ਼ਰ ਨਹੀਂ ਆਉਂਦਾ। ਸਰਕਾਰਾਂ ਵਲੋਂ ਕੁਦਰਤੀ ਖਜ਼ਾਨਿਆਂ ਉੱਤੇ ਕਬਜ਼ਾ ਕਰਨ ਅਤੇ ਵਿਕਾਸ ਪੱਖੋਂ ਅਣਗੌਲਿਆਂ ਕਰਨ ਕਰ ਕੇ ਹੀ ਅਜਿਹੇ ਰਾਜ ਮਾਓਵਾਦ ਦੀ ਸਮੱਸਿਆ ਦਾ ਸਾਹਮਣਾ ਕਰਨਾ ਰਹੇ ਹਨ।

ਲੋਕ ਵਿਰੋਧੀ ਅਤੇ ਭ੍ਰਿਸ਼ਟ ਸਿਆਸਤਦਾਨਾਂ ਦੀ ਮਿਲੀਭੁਗਤ ਨਾਲ ਸੱਤਾ ਉੱਤੇ ਸਿੱਧੇ ਅਤੇ ਅਸਿੱਧੇ ਤੌਰ 'ਤੇ ਕਾਬਜ਼ ਵੱਡੇ ਪੂੰਜੀਪਤੀ ਘਰਾਣਿਆਂ ਅਤੇ ਵਿੱਤੀ ਸੰਸਥਾਵਾਂ ਵਲੋਂ ਦੇਸ਼ ਦੀ ਵਿਕਾਸ ਦਰ ਹਰ ਸਾਲ ਵਧਣ ਦਾ ਢੰਡੋਰਾ ਪਿੱਟਿਆ ਜਾ ਰਿਹਾ ਹੈ। ਦੇਸੀ ਤੇ ਵਿਦੇਸ਼ੀ ਮੀਡੀਆ ਵਲੋਂ ਇਸ ਅਖੌਤੀ ਵਿਕਾਸ ਨੂੰ ਵੱਡੇ ਪੱਧਰ ਉੱਤੇ ਪ੍ਰਚਾਰਿਆ ਜਾ ਰਿਹਾ ਹੈ। ਹੇਠਲੇ ਪੱਧਰ ਉੱਤੇ ਨਜ਼ਰ ਮਾਰ ਕੇ ਪਤਾ ਲੱਗਦਾ ਹੈ ਕਿ ਪਿੰਡਾਂ, ਕਸਬਿਆਂ, ਛੋਟੇ ਅਤੇ ਦਰਮਿਆਨੇ ਸ਼ਹਿਰਾਂ ਅਤੇ ਪਛੜੇ ਵਰਗ ਦੇ ਲੋਕਾਂ ਵਿੱਚ ਵਿਕਾਸ ਕਿਤੇ ਵੀ ਨਜ਼ਰ ਨਹੀਂ ਆਉਂਦਾ।

ਸਪੱਸ਼ਟ ਹੈ ਕਿ ਇਹ ਵਿਕਾਸ ਦੇਸ਼ ਦੀ ਜਨਤਾ ਦਾ ਨਹੀਂ, ਸਗੋਂ ਵਿਕਾਸ ਫੰਡਾਂ ਨੂੰ ਲੁੱਟਣ ਵਾਲੇ ਭ੍ਰਿਸ਼ਟ ਸਿਆਸਤਦਾਨਾਂ, ਮੰਤਰੀਆਂ, ਅਫਸਰਸ਼ਾਹੀ ਅਤੇ ਵੱਡੇ ਪੂੰਜੀਪਤੀ ਘਰਾਣਿਆਂ ਦਾ ਹੋ ਰਿਹਾ ਹੈ। ਜਿਸ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਗਰੀਬੀ ਦੀ ਰੇਖਾ ਦੇ ਨੇੜੇ-ਤੇੜੇ ਭੁੱਖਮਰੀ ਤੇ ਗਰੀਬੀ ਦੀ ਜੂਨ ਹੰਢਾ ਰਹੀ ਹੋਵੇ, ਉਸ ਨੂੰ ਅਸਲ ਆਜ਼ਾਦੀ ਨਹੀਂ ਕਿਹਾ ਜਾ ਸਕਦਾ।

ਭਾਰਤ ਨੇ ਵਿਗਿਆਨ ਤੇ ਤਕਨਾਲੋਜੀ ਦੇ ਖੇਤਰ ਵਿੱਚ ਭਾਵੇਂ ਆਪਣੇ ਦੇਸ਼ ਨੂੰ ਦੁਨੀਆ ਦੇ ਮੋਹਰੀ ਦੇਸ਼ਾਂ ਦੀ ਕਤਾਰ ਵਿੱਚ ਸ਼ਾਮਲ ਕਰ ਲਿਆ ਹੈ, ਲੋਕਾਂ ਵਿੱਚ ਵਿਗਿਆਨਕ ਸੋਚ ਅਤੇ ਸਵੈ-ਵਿਸ਼ਵਾਸ ਦੀ ਬਹੁਤ ਜ਼ਿਆਦਾ ਘਾਟ ਹੈ। ਇਹੋ ਵਜ੍ਹਾ ਹੈ ਕਿ ਆਪਣੀ ਹਰ ਸਫਲਤਾ, ਅਸਫਲਤਾ ਲਈ ਪ੍ਰਮਾਤਮਾ, ਕਿਸਮਤ ਜਾਂ ਪਿਛਲੇ ਜਨਮ ਦੇ ਕਰਮਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਅਤੇ ਹਿੰਮਤ, ਮਿਹਨਤ, ਸੰਘਰਸ਼, ਸੱਚਾਈ, ਇਮਾਨਦਾਰੀ ਅਤੇ ਦ੍ਰਿੜ੍ਹ ਇਰਾਦੇ ਦੇ ਸੰਕਲਪਾਂ ਨੂੰ ਲੋਕ ਅੱਖੋਂ-ਪਰੋਖੇ ਕਰ ਦਿੰਦੇ ਹਨ। ਕਿਹਾ ਜਾ ਸਕਦਾ ਹੈ ਕਿ ਸਮਾਜ ਦੇ ਦੱਬੇ ਕੁਚਲੇ ਅਤੇ ਗਰੀਬ ਵਰਗ ਦੇ ਲੋਕ ਸਿੱਖਿਆ ਹਾਸਲ ਨਾ ਕਰਨ ਕਰ ਕੇ ਅੰਧ-ਵਿਸ਼ਵਾਸ ਵਹਿਮਾਂ-ਭਰਮਾਂ ਅਤੇ ਪਾਖੰਡੀ ਬਾਬਿਆਂ ਦੇ ਚੱਕਰਾਂ ਵਿੱਚ ਫਸੇ ਹੁੰਦੇ ਹਨ, ਪਰ ਸਮਾਜ ਤੇ ਦੇਸ਼ ਨੂੰ ਵਿਕਾਸ ਦੀਆਂ ਬੁਲੰਦੀਆਂ ਉੱਤੇ ਪਹੁੰਚਾਉਣ ਲਈ ਜ਼ਿੰਮੇਵਾਰ ਇੰਜੀਨੀਅਰ, ਡਾਕਟਰ, ਵਿਗਿਆਨੀ, ਵਕੀਲ, ਪ੍ਰੋਫੈਸਰ, ਬੁੱਧੀਜੀਵੀ, ਪ੍ਰਸ਼ਾਸਨਿਕ ਅਧਿਕਾਰੀ, ਪੱਤਰਕਾਰ ਅਤੇ ਹੋਰ ਪੜ੍ਹੇ ਲਿਖੇ ਤਬਕੇ ਵੀ ਜਦੋਂ ਅਨਪੜ੍ਹ ਤਾਂਤਰਿਕਾਂ, ਪਾਖੰਡੀ ਬਾਬਿਆਂ, ਚਲਾਕ ਜੋਤਸ਼ੀਆਂ, ਸਵਾਮੀਆਂ ਅਤੇ ਸਾਧਾਂ ਦੇ ਪੈਰਾਂ ਵਿੱਚ ਨੱਕ ਮੱਥੇ ਰਗੜਦੇ ਹਨ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਅਸੀਂ ਮਾਨਸਿਕ ਤੌਰ 'ਤੇ ਅਜੇ ਵੀ ਆਜ਼ਾਦ ਨਹੀਂ ਹੋਏ।

ਹੁਕਮਰਾਨਾਂ ਅਤੇ ਚਾਲਾਕ ਸਿਆਸਤਦਾਨਾਂ ਦੀ ਇਹ ਗੁਪਤ ਸਾਜ਼ਿਸ਼ ਹੁੰਦੀ ਹੈ ਕਿ ਆਮ ਜਨਤਾ ਨੂੰ ਆਸਥਾ, ਸ਼ਰਧਾ, ਧਾਰਮਿਕ ਭਾਵਨਾਵਾਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਰੂੜ੍ਹੀਵਾਦੀ ਰਸਮਾਂ, ਅਧਿਆਤਮਵਾਦ ਅਤੇ ਕਥਿਤ ਚਮਤਕਾਰਾਂ ਵਿੱਚ ਉਲਝਾ ਕੇ ਰੱਖਿਆ ਜਾਵੇ ਅਤੇ ਵਿਗਿਆਨ ਦਾ ਚਾਨਣ ਫੈਲਣ ਤੋਂ ਰੋਕਿਆ ਜਾਵੇ ਤਾਂ ਕਿ ਉਨ੍ਹਾਂ ਵਲੋਂ ਕੀਤੀ ਜਾਂਦੀ ਲੁੱਟ ਖਸੁੱਟ ਦੀ ਭ੍ਰਿਸ਼ਟ ਰਾਜਨੀਤੀ ਦਾ ਕਾਰੋਬਾਰ ਲੰਬੇ ਸਮੇਂ ਤੱਕ ਬਰਕਰਾਰ ਰਹਿ ਸਕੇ। ਪੀੜ੍ਹੀ ਦਰ ਪੀੜ੍ਹੀ ਅੰਧ-ਵਿਸ਼ਵਾਸੀ ਮਾਨਸਿਕਤਾ ਅਪਣਾਏ ਜਾਣ ਕਾਰਨ ਦੇਸ਼ ਦੇ ਜ਼ਿਆਦਾ ਲੋਕ ਧਾਗੇ-ਤਵੀਤਾਂ, ਜਾਦੂ ਟੂਣਿਆਂ, ਨਗਾਂ, ਪੱਥਰਾਂ, ਭੂਤ-ਪ੍ਰੇਤਾਂ, ਜੋਤਿਸ਼, ਰਾਸ਼ੀਫਲ, ਵਾਸਤੂ-ਸ਼ਾਸਤਰ ਅਤੇ ਕਿਸਮਤ ਆਦਿ ਦੇ ਚੱਕਰ ਵਿੱਚ ਫਸ ਕੇ ਆਪਣੀ ਹੱਕ ਹਲਾਲ ਦੀ ਕਮਾਈ ਲੁਟਾ ਰਹੇ ਹਨ। ਅਜਿਹੇ ਲੋਕ ਹਰ ਜਗ੍ਹਾ ਮੱਥਾ ਟੇਕਦੇ, ਮੰਨਤ ਮੰਨਦੇ ਅਤੇ ਤੀਰਥ ਯਾਤਰਾਵਾਂ ਕਰਦੇ ਵੇਖੇ ਜਾ ਸਕਦੇ ਹਨ। ਉਨ੍ਹਾਂ ਨੇ ਕਦੇ ਇਹ ਵਿਗਿਆਨਕ ਪਰਖ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਉਹ ਫਲਾਣੇ ਬਾਬੇ, ਧਾਰਮਿਕ ਅਸਥਾਨ, ਦਰਗਾਹ, ਡੇਰੇ ਉੱਤੇ ਮੱਥਾ ਟੇਕਣ ਕਿਉਂ ਜਾਂਦੇ ਹਨ? ਵੀਰਵਾਰ ਅਤੇ ਸ਼ਨੀਵਾਰ ਨੂੰ ਸਮਾਧਾਂ ਉੱਤੇ ਲੱਗਦੀਆਂ ਮੇਲੇ ਰੂਪੀ ਭੀੜਾਂ ਅਤੇ ਸਾਰਾ ਦਿਨ ਧਾਰਮਿਕ ਅਸਥਾਨਾਂ ਵਿਚਲੀ ਗਹਿਮਾ-ਗਹਿਮੀ ਸਾਡੇ ਦੇਸ਼ ਦੇ ਲੋਕਾਂ ਦੀ ਵਿਹਲੜ ਤੇ ਗੁਲਾਮ ਮਾਨਸਿਕਤਾ ਦੀ ਸਪੱਸ਼ਟ ਉਦਾਹਰਣ ਹੈ। ਸਾਡਾ ਮੀਡੀਆ ਵੀ ਅਜਿਹੀ ਲਾਈ-ਲੱਗ ਮਾਨਸਿਕਤਾ ਨੂੰ ਪ੍ਰਫੁੱਲਤ ਕਰਨ ਵਿੱਚ ਨਾਂਹ-ਪੱਖੀ ਭੂਮਿਕਾ ਨਿਭਾਅ ਰਿਹਾ ਹੈ।

ਬੇਸ਼ੱਕ ਭਾਰਤ ਦਾ ਸਮਾਜਕ ਢਾਂਚਾ ਪੱਛਮੀ ਦੇਸ਼ਾਂ ਨਾਲੋਂ ਕੁਝ ਬਿਹਤਰ ਹੈ, ਪਰ ਮੌਜੂਦਾ ਪੂੰਜੀਵਾਦੀ ਯੁੱਗ ਦੀਆਂ ਸਵਾਰਥੀ ਕਦਰਾਂ-ਕੀਮਤਾਂ ਅਤੇ ਪੱਛਮੀ ਸਭਿਆਚਾਰ ਦੇ ਵਧ ਰਹੇ ਪ੍ਰਭਾਵ ਨੇ ਸਾਡੇ ਸਮਾਜਕ ਢਾਂਚੇ ਨੂੰ ਅੰਦਰੋ-ਅੰਦਰ ਖੋਖਲਾ ਕਰ ਦਿੱਤਾ ਹੈ। ਪੱਛਮੀ ਸਭਿਆਚਾਰ ਨੂੰ ਅਪਣਾ ਕੇ ਅਸੀਂ ਅਸ਼ਲੀਲਤਾ ਤੇ ਬੇਸ਼ਰਮੀ ਦੀਆਂ ਸਾਰੀਆਂ ਹੱਦਾਂ ਪਾਰ ਕਰ ਰਹੇ ਹਾਂ। ਪਰਿਵਾਰ ਵਿੱਚ ਇੱਕ ਦੂਜੇ ਤੋਂ ਅੱਖਾਂ ਬਚਾਉਣ ਵਾਲੀ ਮਾਨਸਿਕਤਾ ਬਣ ਰਹੀ ਹੈ। ਫੈਸ਼ਨ ਅਤੇ ਨੰਗੇਜ਼ਵਾਦ ਦਾ ਦਿਖਾਵਾ ਸ਼ਾਇਦ ਸਾਡੀ ਅਖੌਤੀ ਆਧੁਨਿਕਤਾ ਦਾ ਇੱਕੋ-ਇੱਕ ਪੈਮਾਨਾ ਰਹਿ ਗਿਆ ਹੈ? ਦਾਜ, ਭਰੂਣ ਹੱਤਿਆ, ਨਸ਼ੇ, ਮਿਲਾਵਟਖੋਰੀ, ਜਿਸਮ-ਫਰੋਸ਼ੀ, ਜਾਤ-ਪਾਤ, ਫਿਰਕਾਪ੍ਰਸਤੀ, ਭ੍ਰਿਸ਼ਟਾਚਾਰ, ਬਾਲ-ਮਜ਼ਦੂਰੀ, ਅਨਪੜ੍ਹਤਾ, ਨਾ ਬਰਾਬਰੀ ਅਤੇ ਔਰਤਾਂ ਪ੍ਰਤੀ ਅਪਰਾਧ





ਆਦਿ ਸਮਾਜਕ ਬੁਰਾਈਆਂ ਸਾਡੀ ਮਾਨਸਿਕਤਾ ਤੇ ਸਮਾਜ ਵਿੱਚ ਬੜੀ ਬੁਰੀ ਤਰ੍ਹਾਂ ਫੈਲ ਚੁੱਕੀਆਂ ਹਨ। ਇਹੀ ਵਜ੍ਹਾ ਹੈ ਕਿ ਸਾਡੇ ਸਮਾਜ ਵਿੱਚੋਂ ਨੈਤਿਕਤਾ, ਇਮਾਨਦਾਰੀ ਅਤੇ ਮਨੁੱਖੀ ਕਦਰਾਂ ਕੀਮਤਾਂ ਦਿਨੋ-ਦਿਨ ਮਨਫੀ ਹੋ ਰਹੀਆਂ ਹਨ। ਮੌਜੂਦਾ ਗੈਰ-ਸਮਾਜਕ ਢਾਂਚੇ ਲਈ ਬੇਸ਼ੱਕ ਸਾਡੀਆਂ ਸਰਕਾਰਾਂ ਦੀਆਂ ਪੱਛਮੀ ਸਭਿਆਚਾਰ ਨੂੰ ਪ੍ਰਫੁੱਲਤ ਕਰਨ ਵਾਲੀਆਂ ਲੋਕ ਵਿਰੋਧੀ ਆਰਥਿਕ ਤੇ ਸਮਾਜਕ ਨੀਤੀਆਂ ਜ਼ਿੰਮੇਵਾਰ ਹਨ, ਪਰ ਅਸੀਂ ਖੁਦ ਵੀ ਸਮਾਜਕ ਬੁਰਾਈਆਂ ਤੋਂ ਆਪਣੇ ਆਪ ਨੂੰ ਆਜ਼ਾਦ ਨਹੀਂ ਕਰਵਾ ਸਕੇ।

ਇਹ ਸਾਡੀ ਰਾਜਸੀ ਚੇਤਨਤਾ ਦੀ ਘਾਟ ਦਾ ਨਤੀਜਾ ਹੈ ਕਿ ਅਸੀਂ ਜਿਸ ਸਰਕਾਰ ਤੇ ਸਿਆਸੀ ਪਾਰਟੀ ਨੂੰ ਲੋਕ ਵਿਰੋਧੀ ਅਤੇ ਭ੍ਰਿਸ਼ਟ ਕਹਿ ਕੇ ਸੱਤਾ ਤੋਂ ਪਾਸੇ ਕਰਦੇ ਹਾਂ, ਪੰਜ ਸਾਲ ਬਾਅਦ ਸਭ ਕੁਝ ਭੁੱਲ ਕੇ ਫਿਰ ਉਸੇ ਨੂੰ ਜਿਤਾ ਕੇ ਸੱਤਾ ਸੌਂਪ ਦਿੰਦੇ ਹਾਂ। ਅਸੀਂ ਆਪਣੇ ਸਵਾਰਥਾਂ, ਨਿੱਜੀ ਮੁਫਾਦਾਂ ਅਤੇ ਥੋੜ੍ਹ ਚਿਰੇ ਲਾਲਚਾਂ ਨੂੰ ਮੁੱਖ ਰੱਖਦੇ ਹੋਏ ਚੋਣਾਂ ਵਿੱਚ ਹਰ ਕਿਸਮ ਦੇ ਭ੍ਰਿਸ਼ਟ ਤੇ ਅਪਰਾਧੀ-ਨੁਮਾ ਸਿਆਸੀ ਨੇਤਾਵਾਂ ਅਤੇ ਉਮੀਦਵਾਰਾਂ ਦੀ ਮਦਦ ਕਰਦੇ ਹਾਂ ਅਤੇ ਬਾਅਦ ਵਿੱਚ ਉਨ੍ਹਾਂ ਹੀ ਭ੍ਰਿਸ਼ਟ ਨੇਤਾਵਾਂ ਤੇ ਚੁਣੇ ਹੋਏ ਨੁਮਾਇੰਦਿਆਂ ਵਿਰੁੱਧ ਆਪਣੀ ਭੜਾਸ ਕੱਢਣ ਲੱਗ ਪੈਂਦੇ ਹਾਂ। ਬੜੀ ਵੱਡੀ ਤ੍ਰਾਸਦੀ ਹੈ ਕਿ ਇੱਕ ਪਾਸੇ ਰਾਜਨੀਤੀ ਵਿੱਚ ਅਪਰਾਧੀਆਂ, ਬੇਈਮਾਨਾਂ, ਫਿਰਕਾਪ੍ਰਸਤਾਂ ਅਤੇ ਵੱਡੇ ਪੂੰਜੀਪਤੀਆਂ ਦੀ ਆਮਦ ਵਧਦੀ ਜਾ ਰਹੀ ਹੈ ਅਤੇ ਦੂਜੇ ਪਾਸੇ ਆਮ ਵੋਟਰ ਚੋਣਾਂ ਵੇਲੇ ਸਾਰੇ ਉਮੀਦਵਾਰਾਂ ਨੂੰ 'ਇੱਕੋ ਥੈਲੀ ਦੇ ਚੱਟੇ ਵੱਟੇ' ਕਹਿ ਕੇ ਵੋਟ ਪਾਉਣ ਤੋਂ ਕੰਨੀ ਖਿਸਕਾਉਂਦਾ ਹੈ। ਹੋਰ ਵੀ ਮਾੜਾ ਪੱਖ ਇਹ ਹੈ ਕਿ ਰਾਜਸੀ ਤੌਰ 'ਤੇ ਚੇਤਨ ਬੁੱਧੀਜੀਵੀ ਅਤੇ ਪੜ੍ਹੇ ਲਿਖੇ ਵਿਅਕਤੀ ਸਿਆਸਤ ਨੂੰ ਚਿੱਕੜ ਕਹਿ ਕੇ ਇਸ ਨੂੰ ਸਾਫ ਕਰਨ ਲਈ ਸਿਆਸਤ ਵਿੱਚ ਆਉਣ ਤੋਂ ਗੁਰੇਜ਼ ਕਰ ਰਹੇ ਹਨ।

ਸਿਆਸਤਦਾਨ ਹੁਣ ਲੋਕ ਸੇਵਕ ਨਾ ਹੋ ਕੇ ਵਪਾਰੀ ਬਣ ਚੁੱਕੇ ਹਨ। ਕਿੰਨੀ ਸ਼ਰਮ ਦੀ ਗੱਲ ਹੈ ਕਿ ਸੰਸਦ ਤੇ ਵਿਧਾਨ ਸਭਾਵਾਂ ਵਿੱਚ ਬੈਠ ਕੇ ਕਾਨੂੰਨ ਬਣਾਉਣ ਵਾਲੇ ਲੋਕ ਨੁਮਾਇੰਦੇ ਹੀ ਕਾਨੂੰਨ ਤੋੜਨ ਦੇ ਦੋਸ਼ੀ ਸਾਬਤ ਹੋ ਰਹੇ ਹਨ। ਇਹ ਸੱਚਾਈ ਸਾਡੇ ਸਾਹਮਣੇ ਹੈ ਕਿ ਕਿਸੇ ਵੀ ਦੋਸ਼ੀ ਸਿਆਸਤਦਾਨ ਨੂੰ ਨਿਆਂ ਪਾਲਕਾ ਵਲੋਂ ਮਿਸਾਲੀ ਸਜ਼ਾ ਨਹੀਂ ਦਿੱਤੀ ਜਾ ਸਕੀ। ਸੁਪਰੀਮ ਕੋਰਟ ਅਤੇ ਚੋਣ ਕਮਿਸ਼ਨ ਵਲੋਂ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਅਪਰਾਧੀਆਂ ਨੂੰ ਸੰਸਦ, ਵਿਧਾਨ ਸਭਾ ਅਤੇ ਹੋਰ ਸੰਵਿਧਾਨਕ ਅਹੁਦਿਆਂ ਉੱਤੇ ਪਹੁੰਚਣ ਤੋਂ ਰੋਕਿਆ ਨਹੀਂ ਜਾ ਸਕਿਆ, ਕਿਉਂਕਿ ਰਾਜਸੀ ਪਾਰਟੀਆਂ ਵਿੱਚ ਇਸ ਸਬੰਧੀ ਦੋ ਟੁੱਕ ਫੈਸਲਾ ਲੈਣ ਦੀ ਦ੍ਰਿੜ੍ਹ ਇੱਛਾ ਸ਼ਕਤੀ ਨਹੀਂ ਹੈ। ਮੌਜੂਦਾ ਰਾਜ ਪ੍ਰਬੰਧ ਵਿੱਚ ਦੇਸ਼ ਦੀ 80 ਫੀਸਦੀ ਆਬਾਦੀ ਦਾ ਜੀਵਨ ਇਸ ਕਦਰ ਬਦਤਰ ਹੋ ਚੁੱਕਾ ਹੈ ਕਿ ਬਹੁਤ ਸਾਰੇ ਲੋਕਾਂ ਅਤੇ ਖਾਸ ਕਰ ਕੇ ਬਜ਼ੁਰਗਾਂ ਨੂੰ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਇਸ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਵਧੀਆ ਸੀ। ਕਹਿਣ ਦਾ ਭਾਵ ਇਹ ਕਿ ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਆਜ਼ਾਦ ਹੋਣ ਦੇ ਬਾਵਜੂਦ ਰਾਜਸੀ ਗੁਲਾਮੀ ਭੋਗ ਰਿਹਾ ਹੈ।

ਕਿਸੇ ਵੀ ਵਿਅਕਤੀ ਦੀ ਆਜ਼ਾਦੀ ਚੇਤੰਨਤਾ ਤੇ ਵਿਕਾਸ ਦਾ ਸੰਬੰਧ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਸ ਦੀ ਆਰਥਿਕਤਾ ਨਾਲ ਜੁੜਿਆ ਹੁੰਦਾ ਹੈ। ਜਦੋਂ ਦੇਸ਼ ਦੇ ਜ਼ਿੰਮੇਵਾਰ ਪ੍ਰਧਾਨ ਮੰਤਰੀ, ਕੇਂਦਰੀ ਵਿੱਤ ਮੰਤਰੀ, ਖੇਤੀ ਮੰਤਰੀ ਅਤੇ ਯੋਜਨਾ ਕਮਿਸ਼ਨ ਦੇ ਚੇਅਰਮੈਨ ਮਹਿੰਗਾਈ ਨੂੰ ਰੋਕਣ ਅਤੇ ਆਮ ਜਨਤਾ ਦੀ ਆਰਥਿਕ ਹਾਲਤ ਸੁਧਾਰਨ ਸੰਬੰਧੀ ਸਪੱਸ਼ਟ ਤੌਰ 'ਤੇ ਆਪਣੀ ਅਸਮਰੱਥਾ ਪ੍ਰਗਟਾ ਚੁੱਕੇ ਹੋਣ ਅਤੇ ਲੋਕਾਂ ਨੂੰ ਵੱਡੇ ਮੁਨਾਫਾਖੋਰਾਂ ਅਤੇ ਸਾਮਰਾਜਵਾਦੀ ਬਹੁ-ਕੌਮੀ ਕੰਪਨੀਆਂ ਦੇ ਰਹਿਮੋ-ਕਰਮ ਉੱਤੇ ਛੱਡ ਦਿੱਤਾ ਗਿਆ ਹੋਵੇ, ਉਸ ਹਾਲਤ ਵਿੱਚ ਦੇਸ਼ ਦੀ ਜਨਤਾ ਲਈ ਆਜ਼ਾਦੀ ਦੇ ਕੋਈ ਮਾਅਨੇ ਨਹੀਂ ਰਹਿ ਜਾਂਦੇ। ਵਿਰੋਧੀ ਧਿਰ ਵਿੱਚ ਬੈਠੀਆਂ ਸਿਆਸੀ ਪਾਰਟੀਆਂ ਆਪਣੇ ਸਿਆਸੀ ਪੈਂਤੜਿਆਂ ਤੋਂ ਸਰਕਾਰੀ ਨੀਤੀਆਂ ਦਾ ਵਿਰੋਧ ਕਰਨ ਦੀ ਖਾਨਾ-ਪੂਰਤੀ ਕਰਦੀਆਂ ਹਨ, ਪਰ ਲੋਕ ਵਿਰੋਧੀ ਫੈਸਲਿਆਂ ਨੂੰ ਉਲਟਾਉਣ ਲਈ ਲੋਕ-ਪੱਖੀ ਫੈਸਲਾਕੁਨ ਸੰਘਰਸ਼ ਕਰਨ ਦੀ ਇਨ੍ਹਾਂ ਨੇ ਕਦੀ ਠੋਸ ਨੀਤੀ ਨਹੀਂ ਅਪਣਾਈ, ਕਿਉਂਕਿ ਸੱਤਾ ਹਾਸਲ ਕਰਨ ਤੋਂ ਬਾਅਦ ਇਨ੍ਹਾਂ ਪਾਰਟੀਆਂ ਨੇ ਵੀ ਇਹੋ ਲੋਕ ਮਾਰੂ ਆਰਥਿਕ ਨੀਤੀਆਂ ਲਾਗੂ ਕਰਨੀਆਂ ਹੁੰਦੀਆਂ ਹਨ। ਕਸੂਰ ਸਿਰਫ ਸਰਕਾਰਾਂ ਤੇ ਵਿਰੋਧੀ ਪਾਰਟੀਆਂ ਦਾ ਨਹੀਂ, ਦੇਸ਼ ਦੀ ਜਨਤਾ ਦਾ ਵੀ ਹੈ, ਜਿਸ ਨੂੰ ਹਰ ਤਰ੍ਹਾਂ ਦਾ ਜ਼ੁਲਮ, ਜ਼ਿਆਦਤੀ, ਬੇਇਨਸਾਫੀ ਅਤੇ ਤਸ਼ੱਦਦ ਚੁੱਪਚਾਪ ਬਰਦਾਸ਼ਤ ਕਰਨ ਦੀ ਆਦਤ ਪੈ ਚੁੱਕੀ ਹੈ। ਲੋਕ ਮਾਨਸਿਕਤਾ ਦਾ ਇਹ ਸਭ ਤੋਂ ਮਾੜਾ ਪੱਖ ਕਿਹਾ ਜਾ ਸਕਦਾ ਹੈ ਕਿ ਧਰਮ ਤੇ ਜਾਤ ਪਾਤ ਦੇ ਨਾਂ ਹੇਠ ਵੱਡੇ ਪੱਧਰ ਉੱਤੇ ਲਗਾਤਾਰ ਸੰਘਰਸ਼ ਕੀਤਾ ਜਾਂਦਾ ਹੈ, ਪਰ ਮਨੁੱਖ ਦੀ ਹੋਂਦ ਲਈ ਜ਼ਰੂਰੀ ਆਰਥਿਕ ਮੁੱਦਿਆਂ, ਭੁੱਖਮਰੀ, ਗਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਨੂੰ ਖਤਮ ਕਰਨ ਲਈ ਕੋਈ ਫੈਸਲਾਕੁਨ ਤੇ ਜੇਤੂ ਸੰਘਰਸ਼ ਨਹੀਂ ਲੜਿਆ ਜਾਂਦਾ।

ਜਿਨ੍ਹਾਂ ਹਾਲਾਤ ਵਿੱਚ ਸਾਡੇ ਦੇਸ਼ ਦੀ ਅੱਸੀ ਫੀਸਦੀ ਜਨਤਾ ਆਪਣਾ ਡੰਗ ਟਪਾਊ ਜੀਵਨ ਬਤੀਤ ਕਰ ਰਹੀ ਹੈ, ਉਸ ਨੂੰ ਆਜ਼ਾਦੀ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਧਰਮ, ਜਾਤ-ਪਾਤ, ਇਲਾਕਾਵਾਦ, ਵੋਟਾਂ, ਨੋਟਾਂ, ਲੁੱਟਣ ਅਤੇ ਕੁੱਟਣ ਦੀ ਗੰਧਲੀ ਰਾਜਨੀਤੀ ਕਰਨ ਵਾਲੀਆਂ ਹਾਕਮ ਜਮਾਤਾਂ ਤੋਂ ਦੇਸ਼ ਦੀ ਜਨਤਾ ਲਈ ਆਰਥਿਕ, ਸਮਾਜਕ, ਮਾਨਸਿਕ ਅਤੇ ਰਾਜਨੀਤਕ ਆਜ਼ਾਦੀ ਦੀ ਨੇੜ ਭਵਿੱਖ ਵਿੱਚ ਆਸ ਨਜ਼ਰ ਨਹੀਂ ਆਉਂਦੀ। ਅਜਿਹੀ ਬਦਤਰ ਸਥਿਤੀ ਦੇ ਬਾਵਜੂਦ ਜੇ ਸਾਡੇ ਹੁਕਮਰਾਨ ਹਰ ਸਾਲ 15 ਅਗਸਤ ਤੇ 26 ਜਨਵਰੀ ਨੂੰ ਆਪਣੇ ਲੱਛੇਦਾਰ ਭਾਸ਼ਣਾਂ ਵਿੱਚ ਜਨਤਾ ਦਾ ਹਰ ਪੱਖੋਂ ਵਿਕਾਸ ਕਰਨ ਦੇ ਲੰਬੇ ਚੌੜੇ ਦਾਅਵੇ ਕਰਨ ਤਾਂ ਸਮਾਜ ਦੇ ਬੁੱਧੀਜੀਵੀ ਵਰਗ, ਖਾਸ ਕਰ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਮੀਡੀਆ, ਦਾ ਨੈਤਿਕ ਫਰਜ਼ ਹੈ ਕਿ ਉਹ ਅਜਿਹੇ ਹਾਕਮਾਂ ਦਾ ਲੋਕ ਕਚਹਿਰੀ ਵਿੱਚ ਪਰਦਾ ਫਾਸ਼ ਕਰਨ। ਦੇਸ਼ ਦੀਆਂ ਸਮੂਹ ਲੋਕ ਪੱਖੀ ਪ੍ਰਗਤੀਸ਼ੀਲ ਧਿਰਾਂ ਨੂੰ ਚਾਹੀਦਾ ਹੈ ਕਿ ਉਹ ਲੁੱਟ ਰਹਿਤ ਤੇ ਵਿਕਸਤ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਯਕੀਨੀ ਬਣਾਉਣ ਦਾ ਸੰਘਰਸ਼ ਲੜਨ, ਜਿਸ ਵਿੱਚ ਹਰ ਵਿਅਕਤੀ ਨੂੰ ਪੂਰਨ ਆਜ਼ਾਦੀ, ਬਰਾਬਰੀ ਅਤੇ ਸਮਾਜਕ ਨਿਆਂ ਮਿਲ ਸਕੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ।

# ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਇੱਕ ਵਿਚਾਰ ਗੋਸ਼ਟੀ





ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾਂ ਯਾਦਗਾਰੀ ਕਮੇਟੀ ਵੱਲੋਂ ਗੁਰਸ਼ਰਨ ਕਲਾ ਭਵਨ, ਮੁੱਲਾਂਪੁਰ, ਜਿਲਾ ਲੁਧਿਆਣਾ ਵਿਖੇ ਕੀਤੀ ਗਈ। ਇਹ ਵਿਚਾਰ ਗੋਸ਼ਟੀ 'ਨੌਜਵਾਨ ਵਿਦਿਆਰਥੀ ਲਹਿਰ ਨੂੰ ਦਰਪੇਸ਼ ਚੁਣੌਤੀਆਂ ਤੇ ਜਿੰਮੇਵਾਰੀਆਂ' ਅਤੇ 'ਨੌਜਵਾਨ-ਵਿਦਿਆਰਥੀ ਲਹਿਰ ਦਾ ਇਤਿਹਾਸ' ਵਿਸ਼ਿਆਂ 'ਤੇ ਕਰਵਾਈ ਗਈ। ਪਹਿਲੇ ਵਿਸ਼ੇ ਬਾਰੇ ਮੁੱਖ ਬੁਲਾਰੇ ਵਜੋਂ 'ਪ੍ਰਤੀਬੱਧ' ਦੇ ਸੰਪਾਦਕ ਸੁਖਵਿੰਦਰ ਅਤੇ ਦੂਜੇ ਵਿਸ਼ੇ ਬਾਰੇ ਮੁੱਖ ਬੁਲਾਰੇ ਵਜੋਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਨੇ ਵਿਚਾਰ ਪੇਸ਼ ਕੀਤੇ। ਵਿਚਾਰ ਗੋਸ਼ਟੀ ਦੀ ਸ਼ੁਰੂਆਤ ਯਾਦਗਾਰੀ ਕਮੇਟੀ ਦੇ ਮੈਂਬਰਾਂ ਵੱਲੋਂ ਸ਼ਹੀਦ ਰੰਧਾਵਾ ਦੀ ਤਸਵੀਰ ਤੇ ਫੁੱਲ ਭੇਂਟ ਕਰਨ ਅਤੇ ਇਨਕਲਾਬੀ ਨਾਅਰਿਆਂ ਨਾਲ ਕੀਤੀ ਗਈ। ਇਨਕਲਾਬੀ ਸਭਿਆਚਾਰਕ ਮੰਚ 'ਦਸਤਕ' ਦੇ ਸਾਥੀਆਂ ਕੁਲਵਿੰਦਰ ਤੇ ਸਤਿਆ ਨੇ 'ਉਹਨਾਂ ਮਿੱਤਰਾਂ ਦੀ ਯਾਦ ਪਿਆਰੀ' ਅਤੇ 'ਅਸੀਂ ਨੀ ਮੰਨਦੇ ਓਸ ਰੱਬ ਨੂੰ' ਗੀਤ ਪੇਸ਼ ਕੀਤੇ।

'ਨੌਜਵਾਨ ਵਿਦਿਆਰਥੀ ਲਹਿਰ ਨੂੰ ਦਰਪੇਸ਼ ਚੁਣੌਤੀਆਂ ਤੇ ਜਿੰਮੇਵਾਰੀਆਂ' ਵਿਸ਼ੇ ਤੇ ਬੋਲਦਿਆਂ ਸਾਥੀ ਸੁਖਵਿੰਦਰ ਨੇ ਕਿਹਾ ਕਿ ਜਦੋਂ ਅਸੀਂ ਨੌਜਵਾਨ-ਵਿਦਿਆਰਥੀ ਲਹਿਰ ਨੂੰ ਸੰਬੋਧਿਤ ਹੁੰਦੇ ਹਾਂ ਤਾਂ ਸਾਡੀ ਮੁਰਾਦ ਕਿਰਤੀ ਜਮਾਤਾਂ ਦੇ ਨੌਜਵਾਨਾਂ-ਵਿਦਿਆਰਥੀਆਂ ਦੀ ਲਹਿਰ ਤੋਂ ਹੁੰਦੀ ਹੈ ਨਾ ਕਿ ਲੋਟੂ-ਧਨਾਢ ਜਮਾਤਾਂ ਦੇ ਨੌਜਵਾਨਾਂ-ਵਿਦਿਆਰਥੀਆਂ ਤੋਂ। ਉਹਨਾਂ ਕਿਹਾ ਸੱਤਰਵਿਆਂ ਦੀ ਨੌਜਵਾਨ-ਵਿਦਿਆਰਥੀ ਲਹਿਰ ਦੇ ਮੁਕਾਬਲੇ ਮੌਜੂਦਾ ਸਮੇਂ ਵਿੱਚ ਵੱਡੀਆਂ ਤੇ ਗੰਭੀਰ ਚੁਣੌਤੀਆਂ ਹਨ। ਉਹਨਾਂ ਕਿਹਾ ਕਿ ਨੌਜਵਾਨ-ਵਿਦਿਆਰਥੀ ਲਹਿਰ ਅੱਗੇ ਸਿੱਖਿਆ ਦਾ ਨਿੱਜੀਕਰਨ, ਮਹਿੰਗੀ ਹੁੰਦੀ ਸਿੱਖਿਆ, ਇਸਦਾ ਭਗਵਾਂਕਰਨ, ਸਿੱਖਿਆ ਕੈਂਪਸਾ 'ਚ ਜਮਹੂਰੀਅਤ ਦਾ ਘਟਦਾ ਘੇਰਾ, ਕਾਲਜਾਂ-ਯੂਨੀਵਰਸਿਟੀਆਂ ਦਾ ਕੁਲੀਨੀਕਰਨ, ਬੇਰੁਜਗਾਰੀ, ਗੁੰਡਾਗਰਦੀ, ਆਦਿ ਗੰਭੀਰ ਚੁਣੌਤੀਆਂ ਹਨ। ਉਹਨਾਂ ਕਿਹਾ ਕਿ 'ਸਭ ਨੂੰ ਸਿੱਖਿਆ ਸਭ ਨੂੰ ਰੁਜਗਾਰ' ਨੌਜਵਾਨ-ਵਿਦਿਆਰਥੀਆਂ ਲਹਿਰ ਦਾ ਮੁੱਖ ਨਾਅਰਾ ਹੋਣਾ ਚਾਹੀਦਾ ਹੈ। ਨੌਜਵਾਨ-ਵਿਦਿਆਰਥੀ ਲਹਿਰ ਕਿਰਤੀ ਲੋਕਾਂ ਦੀ ਪ੍ਰਬੰਧ ਵਿਰੋਧੀ ਲਹਿਰ ਨਾਲੋਂ, ਲੋਕ ਸੰਘਰਸ਼ਾਂ ਨਾਲੋਂ ਨਿੱਖੜਵੇਂ ਰੂਪ ਵਿੱਚ ਅੱਗੇ ਨਹੀਂ ਵੱਧ ਸਕਦੀ। ਕਿਰਤੀ ਲੋਕਾਂ ਦੀਆਂ ਲਹਿਰਾਂ ਨਾਲ ਏਕਾ ਕਾਇਮ ਕਰਨਾ ਵੀ ਇਸਦਾ ਅਹਿਮ ਜਿੰਮੇਵਾਰੀ ਹੈ। ਉਹਨਾਂ ਤੱਥਾਂ ਸਹਿਤ ਦੱਸਿਆ ਕਿ ਕਿਸ ਤਰਾਂ ਸਿੱਖਿਆ ਦੇ ਨਿੱਜੀਕਰਨ ਦਾ ਵਰਤਾਰਾ ਭਾਰਤ ਵਿੱਚ 1947 ਤੋਂ ਹੀ ਮੌਜੂਦ ਰਿਹਾ ਹੈ। 1986 ਤੋਂ ਬਾਅਦ ਖਾਸਕਰ 1991 ਤੋਂ ਬਾਅਦ ਸਿੱਖਿਆ ਦੇ ਨਿੱਜੀਕਰਨ ਵਿੱਚ ਕਾਫੀ ਤੇਜੀ ਆ ਗਈ। ਉਹਨਾਂ ਕਿਹਾ ਕਿ ਬੇਰੁਜ਼ਗਾਰੀ ਮੌਜੂਦਾ ਪ੍ਰਬੰਧ ਦਾ ਅਨਿੱਖੜਵਾਂ ਅੰਗ ਹੈ ਪਰ ਇਸ ਸਮੇਂ ਸੰਸਾਰ ਪੱਧਰ 'ਤੇ ਜਿਸ ਆਰਥਿਕ ਸੰਕਟ ਦੇ ਬੱਦਲ ਛਾਏ ਹੋਏ ਹਨ ਉਹ ਜਲਦ ਹੀ ਵਿਸਫੋਟਕ ਰੂਪ ਧਾਰਨ ਕਰਨ ਜਾ ਰਿਹਾ ਹੈ ਜਿਸ ਕਾਰਨ ਸੰਸਾਰ ਦੇ ਹੋਰ ਮੁਲਕਾਂ ਵਾਂਗ ਭਾਰਤ ਵਿੱਚ ਬੇਰੁਜ਼ਗਾਰੀ ਵੀ ਵਿਸਫੋਟਕ ਰੂਪ ਧਾਰਨ ਕਰਨ ਜਾ ਰਹੀ ਹੈ। ਮੋਦੀ ਸਰਕਾਰ ਦੇ ਆਉਣ ਤੋਂ ਸਿੱਖਿਆ ਦੇ ਭਗਵੇਂਕਰਨ ਦੀਆਂ ਕੋਸ਼ਿਸ਼ਾਂ ਬਹੁਤ ਤੇਜ਼ ਹੋ ਗਈਆਂ ਹਨ। ਇਤਿਹਾਸ ਨੂੰ ਫਿਰਕੂ ਢੰਗ ਨਾਲ ਤੋੜਿਆ-ਮਰੋੜਿਆ ਜਾ ਰਿਹਾ ਹੈ। 'ਨੌਜਵਾਨ-ਵਿਦਿਆਰਥੀ ਲਹਿਰ ਦੇ ਇਤਿਹਾਸ' ਬਾਰੇ ਬੋਲਦਿਆਂ ਸਾਥੀ ਕੰਵਲਜੀਤ ਖੰਨਾ ਨੇ ਕਿਹਾ ਕਿ ਸੱਤਰਵਿਆਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਨੂੰ ਪੰਜਾਬ ਦੇ ਵਿਦਿਆਰਥੀਆਂ ਨੇ ਸਮੇਂ ਦੇ ਹਾਕਮਾਂ ਖਿਲਾਫ ਜੋਰਦਾਰ ਸੰਘਰਸ਼ ਚਲਾਇਆ ਸੀ। ਉਹਨਾਂ ਮੋਗਾ ਘੋਲ, ਬਸ ਕਿਰਾਇਆ ਆਦਿ ਘੋਲਾਂ ਬਾਰੇ ਗੱਲ ਕਰਦਿਆਂ ਸਰੋਤਿਆਂ ਨੂੰ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਤੋਂ ਜਾਣੂ ਕਰਵਾਇਆ। ਉਹਨਾਂ ਕਿਹਾ ਕਿ ਪੀ.ਐਸ.ਯੂ. ਨੇ ਪੰਜਾਬ ਦੀ ਕਿਰਤੀ ਲਹਿਰ ਨੂੰ ਅਨੇਕਾਂ ਆਗੂ ਦਿੱਤੇ ਹਨ ਜਿਹਨਾਂ 'ਚੋਂ ਅੱਜ ਵੀ ਬਹੁਤ ਸਾਰੇ ਸਰਗਰਮ ਹਨ। ਵਿਦਿਆਰਥੀਆਂ-ਨੌਜਵਾਨਾਂ ਨੇ ਅਨੇਕਾਂ ਮੌਕਿਆਂ 'ਤੇ ਮਜ਼ਦੂਰਾਂ-ਕਿਸਾਨਾਂ ਤੇ ਹੋਰ ਕਿਰਤੀ ਲੋਕਾਂ ਦੇ ਹੱਕੀ ਘੋਲਾਂ ਦੌਰਾਨ ਉਹਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਆਪਣੀ ਜਿੰਮੇਵਾਰੀ ਨਿਭਾਈ ਹੈ। ਉਹਨਾਂ ਕਿਹਾ ਕਿ ਇਸ ਸ਼ਾਨਾਮੱਤੇ ਵਿਰਸੇ ਨੂੰ ਵੇਖਦੇ ਹੋਏ ਕਿਹਾ ਜਾ ਸਕਦਾ ਕਿ ਅੱਜ ਭਾਵੇਂ ਪੰਜਾਬ ਦੀ ਨੌਜਵਾਨ-ਵਿਦਿਆਰਥੀ ਲਹਿਰ ਸੱਤਰਵਿਆਂ ਵਾਲੇ ਮੁਕਾਮ ਤੋਂ ਕਾਫੀ ਹੇਠਾਂ ਹੈ ਪਰ ਲਹਿਰ ਦਾ ਭਵਿੱਖ ਕਾਫੀ ਰੋਸ਼ਨ ਹੈ। ਉਹਨਾਂ ਕਿਹਾ ਕਿ ਅੱਜ ਪੀ.ਐਸ.ਯੂ., ਪੀ.ਐਸ.ਯੂ. (ਲਲਕਾਰ), ਪੀ.ਐਸ.ਯੂ. (ਰੰਧਾਵਾ), ਇਨਕਲਾਬੀ ਨੌਜਵਾਨ-ਵਿਦਿਆਰਥੀ ਮੰਚ ਆਦਿ ਜੱਥੇਬੰਦੀਆਂ ਨੌਜਵਾਨਾਂ ਵਿਚਕਾਰ ਕੰਮ ਕਰ ਰਹੀਆਂ ਹਨ। ਉਨਾਂ ਕਿਹਾ ਕਿ ਇਹਨਾਂ ਵਿੱਚ ਅਨੇਕਾਂ ਮੁੱਦਿਆਂ ਤੇ ਮਤਭੇਦ ਹੋ ਸਕਦੇ ਹਨ ਪਰ ਇਹਨਾਂ ਨੂੰ ਵੱਖ-ਵੱਖ ਮੁੱਦਿਆਂ ਕੇ ਇਕਮੁੱਠ ਹੋ ਕੇ ਸਰਗਰਮੀ ਕਰਨੀ ਚਾਹੀਦੀ ਹੈ ਤਾਂ ਕਿ ਗੰਭੀਰ ਚੁਣੌਤੀਆਂ ਦਾ ਟਾਕਰਾ ਕੀਤਾ ਜਾ ਸਕੇ।




ਇਹਨਾਂ ਤੋਂ ਇਲਾਵਾ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਆਗੂ ਕਸਤੂਰੀ ਲਾਲ, ਮੁਬੰਈ ਤੋਂ ਆਏ ਜਮਹੂਰੀ ਅਧਿਕਾਰ ਕਾਰਕੁੰਨ ਹਰਸ਼ ਕੁਮਾਰ ਠਾਕੁਰ ਆਦਿ ਨੇ ਵੀ ਵਿਚਾਰ ਪੇਸ਼ ਕੀਤੇ। ਅਨੇਕਾਂ ਸਾਥੀਆਂ ਨੇ ਲਿਖਿਤ ਰੂਪ ਵਿੱਚ ਸਵਾਲ ਪੁੱਛੇ। ਕੁੱਲ ਮਿਲਾ ਕੇ ਸ਼ਹੀਦ ਪਿਰਥੀਪਾਲ ਸਿੰਘ ਰੰਧਾਵਾ ਯਾਦਗਾਰੀ ਕਮੇਟੀ ਅੱਜ ਇੱਕ ਚੰਗੀ ਵਿਚਾਰ-ਚਰਚਾ ਆਯੋਜਿਤ ਕਰਨ ਵਿੱਚ ਸਫਲ ਰਹੀ। ਮੰਚ ਸੰਚਾਲਕ ਗੁਰਦੀਪ ਬਾਸੀ ਨੇ ਕੀਤਾ। ਪ੍ਰਧਾਨਗੀ ਮੰਡਲ ਵਿੱਚ ਪਲਸ ਮੰਚ ਵੱਲੋਂ ਕਸਤੂਰੀ ਲਾਲ, ਨੌਜਵਾਨ ਭਾਰਤ ਸਭਾ ਵੱਲੋਂ ਬਲਜੀਤ, ਇਨਕਲਾਬੀ ਕੇਂਦਰ ਪੰਜਾਬ ਵੱਲੋਂ ਜਸਵੰਤ ਜੀਰਖ, ਜਮਹੂਰੀ ਅਧਿਕਾਰ ਸਭਾ ਵੱਲੋਂ ਸਤੀਸ਼ ਸਚਦੇਵਾ, ਡੈਮੋਕ੍ਰੇਟਿਕ ਇੰਪਲਾਈਜ ਫਰੰਟ ਵੱਲੋਂ ਰਮਨਜੀਤ ਸੰਧੂ ਸ਼ਾਮਲ ਸਨ।

ਇਸ ਦੇ ਨਾਲ਼ ਹੀ, ਵਿਚਾਰ ਗੋਸ਼ਟੀ ਤੋਂ ਬਾਅਦ ਗੁਜਰਾਤ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਦਲਿਤਾਂ ਤੇ ਮੁਸਲਮਾਨਾਂ 'ਤੇ ਹਿੰਦੂਤਵਵਾਦੀ ਆਰ. ਐਸ. ਐਸ. ਦੇ ਫਿਰਕੂ-ਫਾਸ਼ੀ ਗੁੰਡਾ ਟੋਲਿਆਂ ਵੱਲੋਂ ਹੋ ਰਹੇ ਜੁਲਮਾਂ ਖਿਲਾਫ਼ ਤੇ ਉਹਨਾਂ ਦੇ ਹੱਕੀ ਘੋਲਾਂ ਦੇ ਹੱਕ ਵਿੱਚ ਗੁਰਸ਼ਰਨ ਕਲਾ ਭਵਨ ਤੋਂ ਲੈ ਕੇ ਬਸ ਅੱਡੇ ਤੱਕ ਪੈਦਲ ਮਾਰਚ ਕੀਤਾ ਗਿਆ ਤੇ ਬੱਸ ਅੱਡੇ ਤੇ ਅਰਥੀ ਫੂਕ ਮੁਜਾਹਰਾ ਕੀਤਾ ਗਿਆ।

# ਪਾਣੀਆਂ ਦੇ ਲੋਕ ਪੱਖੀ ਹੱਲ ਬਾਰੇ

*(ਨੋਟ : ਇਹ ਲਿਖਤ, ਜਦੋਂ ਚੀਨ 'ਚ ਲੋਟੂ ਰਾਜ ਸੀ, ਉਸ ਸਮੇਂ ਪਾਣੀ ਦਾ ਮਸਲਾ ਕਿਵੇਂ ਲੋਕਾਂ ਦੀਆਂ ਜਾਨਾਂ ਦਾ ਖੌ ਬਣਿਆ ਹੋਇਆ ਸੀ ਤੇ ਉਸ ਤੋਂ ਬਾਅਦ ਜਦੋਂ 1949 ਤੋਂ ਲੈਕੇ 1976 ਤੱਕ ਚੀਨ 'ਚ ਲੋਕ ਪੱਖੀ (ਸਮਾਜਵਾਦੀ) ਰਾਜ ਸੀ ਤਾਂ ਉਸ ਸਮੇਂ ਇਸ ਲੋਕ ਪੱਖੀ ਰਾਜ 'ਚ ਪਾਣੀ ਦੇ ਮਸਲੇ ਨੂੰ ਕਿਵੇਂ ਹੱਲ ਕੀਤਾ ਗਿਆ, ਦੀ ਪੇਸ਼ਕਾਰੀ ਕਰਦੀ ਹੈ। ਮੌਜੂਦਾ ਸਮੇਂ ਜਦੋਂ ਭਾਰਤ ਸਮੇਤ ਭਾਰਤ ਵਰਗੇ ਦੱਬੇ ਕੁੱਚਲੇ ਦੇਸ਼ਾਂ ਸਮੇਤ ਸੰਸਾਰ ਪੱਧਰ 'ਤੇ ਲੋਟੂ ਸਾਮਰਾਜੀ ਪ੍ਰਬੰਧ ਵੱਲੋਂ ਪਾਣੀ ਨੂੰ ਵੀ ਆਪਣੇ ਲੋਟੂ ਹਿਤਾਂ ਲਈ ਵਰਤਦੇ ਹੋਏ ਸੋਕੇ ਤੇ ਡੋਬੇ ਦੀ ਸਮੱਸਿਆ ਪੈਦਾ ਕਰਕੇ ਲੋਕਾਂ ਨੂੰ ਖਾਜਾ ਬਣਾਇਆ ਜਾ ਰਿਹਾ ਹੈ ਤਾਂ ਇਸ ਦੇ ਲੋਕ ਪੱਖੀ ਬਦਲ ਨੂੰ ਉਭਾਰਨਾ ਜ਼ਰੂਰੀ ਹੈ। ਇਸ ਪ੍ਰਸੰਗ 'ਚ ਚੀਨ ਦੇ ਲੋਕ ਪੱਖੀ ਰਾਜ ਦੇ ਤਜਰਬੇ 'ਤੇ ਆਧਾਰਿਤ ਇਹ ਲਿਖਤ ਬੇਹੱਦ ਮਹੱਤਵ ਪੂਰਨ ਹੈ।)*



**ਜਦੋਂ ਚੀਨ ਸਮਾਜੀਵਾਦੀ ਦੇਸ਼ ਸੀ ਤਾਂ ਉਸਨੇ ਹੜਾਂ ਤੇ ਸੋਕੇ ਦੀ ਸਮੱਸਿਆ ਨੂੰ ਕਿਵੇਂ ਹੱਲ ਕੀਤਾ ?**

ਸਰਮਾਏਦਾਰ ਸੰਸਾਰ ਵਿੱਚੋਂ ਸਮਾਜਵਾਦੀ ਚੀਨ ਦੀ ਸੈਰ ਕਰਨ ਜਾਂਦੇ ਯਾਤਰੀ ਅਕਸਰ ਹੀ ਇਹ ਹੈਰਾਨੀ ਜ਼ਾਹਰ ਕਰਦੇ ਸਨ ਕਿ ਹੜਾਂ ਅਤੇ ਸੋਕੇ ਦੀਆਂ ਜਿਹੜੀਆਂ ਸਮੱਸਿਆਵਾਂ ਉੱਤੇ ਪੁਰਾਣਾ ਚੀਨ ਹਜ਼ਾਰਾਂ ਸਾਲਾਂ ਵਿੱਚ ਕਾਬੂ ਨਹੀਂ ਪਾ ਸਕਿਆ ਸੀ, ਉਹਨਾਂ ਸਮੱਸਿਆਵਾਂ ਉੱਤੇ ਨਵੇਂ ਚੀਨ ਨੇ ਹੈਰਾਨ ਕਰ ਦੇਣ ਵਾਲੀ ਤੇਜ਼ੀ ਨਾਲ ਕਾਬੂ ਪਾ ਲਿਆ ਸੀ।

ਚੀਨ ਦੇ ਮਿਹਨਤਕਸ਼ ਲੋਕ ਹਜ਼ਾਰਾਂ ਸਾਲਾਂ ਤੱਕ ਹੜਾਂ ਤੇ ਸੋਕਿਆਂ ਤੋਂ ਆਪਣੀਆਂ ਜਾਨਾਂ ਬਚਾਉਣ ਲਈ ਹਮੇਸ਼ਾ ਲੜਦੇ ਰਹੇ ਹਨ। ਇਸ ਮਕਸਦ ਲਈ ਭਾਵੇਂ ਉਹਨਾਂ ਨੇ ਮੁਕਤੀ ਤੋਂ ਪਹਿਲਾਂ ਕੁੱਝ ਇੱਕ ਸੰਸਾਰ-ਪ੍ਰਸਿੱਧ ਪ੍ਰੋਜੈਕਟ ਉਸਾਰ ਲਏ ਸਨ, ਪਰ 200 ਪੂਰਬ ਈਸਵੀ ਤੋਂ 1949 ਤੱਕ ਦੇ 2151 ਸਾਲਾਂ ਦਾ ਰਿਕਾਰਡ ਦੱਸਦਾ ਹੈ ਕਿ ਚੀਨ ਵਿੱਚ 1056 ਸੋਕੇ ਅਤੇ 1029 ਹੜਾਂ ਦੀਆਂ ਕਰੋਪੀਆਂ ਵਾਪਰੀਆਂ। ਪੁਰਾਣੇ ਸਮਾਜ ਅੰਦਰ ਜਦੋਂ ਮਿਹਨਤਕਸ਼ ਲੋਕ ਸਮਾਜਿਕ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਹੋਏ ਸਨ ਤਾਂ ਕੁਦਰਤ ਦੀਆਂ ਕਰੋਪੀਆਂ ਵਿਰੁੱਧ ਟੱਕਰ ਲੈਣ ਦੀ ਉਹਨਾਂ ਨੂੰ ਆਜ਼ਾਦੀ ਨਹੀਂ ਸੀ। ਪਰ ਉਨ੍ਹਾਂ ਨੂੰ 1949 'ਚ ਇਨਕਲਾਬ ਰਾਹੀਂ ਜਿੱਤ ਪ੍ਰਾਪਤ ਕਰਨ ਤੋਂ ਬਾਅਦ, ਇਹ ਆਜ਼ਾਦੀ ਹਾਸਲ ਹੋ ਗਈ ਸੀ। ਇਨਕਲਾਬ ਤੋਂ ਪਿੱਛੋਂ ਵਾਪਰੀਆਂ ਤਬਦੀਲੀਆਂ ਸੁੱਤੇ-ਸਿੱਧ ਨਹੀਂ ਵਾਪਰੀਆਂ। 1949 ਵਿੱਚ ਜਦੋਂ ਨਵੇਂ ਚੀਨ ਦੀ ਕਾਇਮੀ ਹੋਈ ਸੀ, ਉਦੋਂ ਇਸ ਦੇ ਦਰਿਆ ਤਬਾਹੀਆਂ ਮਚਾਉਂਦੇ ਸਨ। ਪਾਣੀ ਨੂੰ ਵੱਸ ਵਿੱਚ ਰੱਖਣ ਵਾਲੇ ਪ੍ਰੋਜੈਕਟਾਂ ਦੀ ਘਾਟ ਕਾਰਨ ਕਿਸਾਨਾਂ ਨੂੰ ਆਪਣੀ ਫ਼ਸਲ ਲਈ ਕੁਦਰਤ ਦੀ ਬੇਭਰੋਸਗੀ ਉੱਤੇ ਨਿਰਭਰ ਰਹਿਣਾ ਪੈਂਦਾ ਸੀ। ਹੜ ਪਿੱਛੋਂ ਜਾਂ ਨਾਲੋ-ਨਾਲ ਲੱਖਾਂ ਜਾਨਾਂ ਅਤੇ ਘਰਾਂ ਨੂੰ ਤਬਾਹ ਕਰ ਦਿੰਦੇ ਸਨ। ਉਸ ਸਮੇਂ ਸਾਮਰਾਜੀ ਆਸਾਂ ਲਾਈ ਬੈਠੇ ਸਨ ਕਿ ਨਵਾਂ ਚੀਨ ਤਬਾਹ ਹੋ ਜਾਵੇਗਾ, ਉਹ ਹੜਾਂ ਅਤੇ ਸੋਕੇ ਉੱਤੇ ਕਦੇ ਵੀ ਕਾਬੂ ਨਹੀਂ ਪਾ ਸਕੇਗਾ। ਪਰ 1949 ਤੋਂ 1957 ਤੱਕ ਦੇ ਥੋੜੇ ਜਿਹੇ ਅਰਸੇ ਦੌਰਾਨ ਖ਼ੁਦ-ਮੁਖਤਿਆਰ ਚੀਨੀ ਲੋਕਾਂ ਨੇ ਸਾਮਰਾਜੀਆਂ ਦੀਆਂ ਖ਼ੁਸ਼ਫਹਿਮੀਆਂ ਨੂੰ ਮਿੱਟੀ ਵਿੱਚ ਰੋਲ ਦਿੱਤਾ ਸੀ। ਮੁਕਤ ਹੋਏ ਚੀਨੀ ਲੋਕਾਂ ਨੇ ਆਪਣੀਆਂ ਇੱਕ-ਜੁੱਟ ਕੋਸ਼ਿਸ਼ਾਂ ਨਾਲ ਕੁਦਰਤ ਨੂੰ ਤਬਦੀਲ ਕਰਨਾ ਸ਼ੁਰੂ ਕੀਤਾ ਤੇ ਸਹਿਜੇ ਪਾਣੀ ਦੀ ਬਹੁਤਾਤ ਜਾਂ ਥੁੜ ਦੀ ਸਮੱਸਿਆ ਉੱਤੇ ਕਾਬੂ ਪਾ ਲਿਆ ਸੀ।

ਚੀਨ ਦੇ ਯਾਂਗਸੀ, ਹੁਆਈ, ਪੀਲਾ ਅਤੇ ਹਾਈ ਹੋ ਵਰਗੇ ਦਰਿਆਵਾਂ ਉੱਤੇ ਜਿੱਥੇ ਹੜਾਂ ਅਤੇ ਸੋਕੇ ਦੀ ਤਬਾਹੀ ਦਾ ਲਗਾਤਾਰ ਖ਼ਤਰਾ ਬਣਿਆ ਰਹਿੰਦਾ ਸੀ, ਅਸਰਦਾਰ ਕੰਮ ਸ਼ੁਰੂ ਕੀਤਾ ਗਿਆ। ਪੁਰਾਣੀ ਚੀਨ ਅੰਦਰ ਪਿਛਾਂਹ-ਖਿੱਚੂਆਂ ਦੇ ਵਿਚਾਰ ਲੋਕਾਂ ਨੂੰ ਕੁਦਰਤ ਵਿਰੁੱਧ ਜੂਝਣ ਤੋਂ ਰੋਕਦੇ ਸਨ। ਉਹ ਇਹਨਾਂ ਕਰੋਪੀਆਂ ਦਾ ਲਾਹਾ ਉਠਾ ਕੇ ਪਾਣੀਆਂ ਨੂੰ ਵਸ ਵਿੱਚ ਰੱਖਣ ਵਾਲੇ ਪਰਾਜੈਕਟ ਉਸਾਰਨ ਦੇ ਨਾਂਅ 'ਤੇ ਲੋਕਾਂ ਤੋਂ ਟੈਕਸ ਉਗਰਾਹ ਲੈਂਦੇ ਸਨ, ਪਰ ਕਰਦੇ ਕੁੱਝ ਵੀ ਨਹੀਂ ਸਨ। ਉਹ ਲੋਕਾਂ 'ਚ ਦਾਤੇ ਦੀ ਮਿਹਰ ਉੱਤੇ ਨਿਰਭਰ ਰਹਿਣ ਦੇ ਵਿਚਾਰਾਂ ਦਾ ਪ੍ਰਚਾਰ ਕਰਦੇ ਸਨ ਅਤੇ ਕਿਸਾਨਾਂ ਤੋਂ ਮੰਦਰ ਮਸੀਤਾਂ ਉਸਾਰਨ ਲਈ ਜਬਰਨ ਕੰਮ ਲੈਂਦੇ ਸਨ ਅਤੇ ਹੋਰ ਵਹਿਮਾਂ-ਭਰਮਾਂ ਵਿੱਚ ਉਲਝਾਉਂਦੇ ਸਨ।

ਸਮਾਜਵਾਦੀ ਇਨਕਲਾਬ ਦੇ ਤੂਫ਼ਾਨ ਨੇ ਮਿਹਨਤਕਸ਼ ਲੋਕਾਂ ਨੂੰ ਜਕੜੀ ਬੈਠੇ ਸਿਆਸੀ ਤੇ ਆਰਥਿਕ ਬੰਧਨਾਂ ਨੂੰ ਤੋੜ ਦਿੱਤਾ ਅਤੇ ਦਾਤੇ ਦੀ ਮਿਹਰ ਅੱਗੇ ਡੰਡੌਤ ਕਰਾਉਣ ਵਾਲੇ ਵਿਚਾਰਾਂ ਦੀ ਗਾਰ ਨੂੰ ਹੂੰਝ ਦਿੱਤਾ ਸੀ। ਲੋਕ ਆਪਣੀ ਭੋਇੰ ਦੇ ਸੱਚੇ ਮਾਲਕ ਬਣਨ ਲੱਗੇ। ਪਹਿਲੀ ਵਾਰ ਉਹਨਾਂ ਨੂੰ ਪਤਾ ਲੱਗਿਆ ਕਿ ਹੁਆਈ ਦਰਿਆ ਨੂੰ ਨੱਥ ਮਾਰਨ ਵਾਲੀਆਂ ਮੁਹਾਰਾਂ ਉਹਨਾਂ ਦੇ ਆਪਣੇ ਹੀ ਹੱਥਾਂ ਵਿੱਚ ਸਨ ਅਤੇ ਉਹਨਾਂ ਨੇ ਇਹਨਾਂ ਮੁਹਾਰਾਂ ਨੂੰ ਘੁੱਟ ਕੇ ਫੜਨ ਦਾ ਫ਼ੈਸਲਾ ਕਰ ਲਿਆ। ਉਦੋਂ ਹੀ ਹਰ ਗਰਮੀਆਂ ਤੇ ਸਰਦੀਆਂ ਦੀ ਰੁੱਤ ਵਿੱਚ ਲੱਖਾਂ ਦੀ ਤਦਾਦ ਵਿੱਚ ਲੋਕ ਹੁਆਈ ਦਰਿਆ ਨੂੰ ਵਸ ਵਿੱਚ ਕਰਨ ਵਾਲੇ ਪ੍ਰੋਜੈਕਟ ਦੀ ਉਸਾਰੀ ਵਿੱਚ ਹਿੱਸਾ ਲੈਣ ਲੱਗ ਪਏ ਸਨ।

1954 ਵਿੱਚ ਜਦੋਂ ਸੰਸਾਰ ਦੇ ਕਈ ਹਿੱਸਿਆਂ ਅੰਦਰ ਭਾਰੀ ਹੜਾਂ ਨੇ ਤਬਾਹੀ ਮਚਾ ਦਿੱਤੀ ਸੀ, ਉਦੋਂ ਯਾਂਗਸੀ ਦਰਿਆ ਵੂਹਾਨ ਸ਼ਹਿਰ ਨੇੜੇ 1931 ਦੇ ਤਬਾਹਕਾਰੀ ਹੜਾਂ ਨਾਲੋਂ ਵੀ ਇੱਕ ਮੀਟਰ ਵੱਧ ਚੜ ਗਿਆ। 1931 ਵਿੱਚ ਹਾਨਕੋ ਸ਼ਹਿਰ ਲਗਭਗ ਡੁੱਬ ਹੀ ਗਿਆ ਸੀ ਤੇ ਕਈਆਂ ਥਾਵਾਂ ਉੱਤੇ ਪਾਣੀ ਦੋ ਮੰਜਲੀਆਂ ਛੱਤਾਂ ਉੱਤੇ ਵੀ ਫਿਰ ਗਿਆ ਸੀ। ਪਰ ਇਸ ਵਾਰ ਵੂਹਾਨ ਦੇ ਲੋਕ ਇਹ ਤਬਾਹੀ ਰੋਕਣ ਲਈ ਮੈਦਾਨ ਵਿੱਚ ਕੁੱਦ ਪਏ। ਦੋ ਲੱਖ ਤੋਂ ਵੱਧ ਲੋਕਾਂ ਨੇ 100 ਦਿਨ-ਰਾਤ ਕੰਮ ਕਰਕੇ ਆਲੇ-ਦੁਆਲੇ ਦੀਆਂ ਪਹਾੜੀਆਂ ਵਿੱਚੋਂ 35 ਲੱਖ ਘਣ ਮੀਟਰ ਮਿੱਟੀ ਤੇ ਪੱਥਰ ਢੇਰ ਲਿਆਂਦੇ। ਬੰਨ ਮਾਰਨ ਲਈ ਤਤਪਰ ਬੰਦਿਆਂ ਤੇ ਇਸਤਰੀਆਂ ਨਾਲ ਲੜਾਈ ਸਾਹਮਣੇ ਸ਼ੂਕਦੇ ਯਾਂਗਸੀ ਦਰਿਆ ਨੂੰ ਹਥਿਆਰ ਸਿੱਟਣੇ ਪਏ। ਹੁਆਈ ਦਰਿਆ ਦੀ ਇੱਕ ਸ਼ਾਖ ਦੇ ਕੰਢੇ ਸਥਿਤ ਸਿੰਗਹੂਆ ਕਾਊਂਟੀ ਦੀ ਬਦਲੀ ਹੋਈ ਨੁਹਾਰ ਨੇ ਬੀਤੇ ਅਤੇ ਮੌਜੂਦਾ ਸਮੇਂ ਦਾ ਕਸ਼ਟ ਨਿਖੇੜ ਕੀਤਾ। ਨੀਵੀਂ ਥਾਂ ਉੱਤੇ ਸਥਿਤ ਇਸ ਕਾਊਂਟੀ ਵਿੱਚ ਅਕਸਰ ਹੀ ਹੜ ਆਉਂਦੇ ਰਹਿੰਦੇ ਸਨ। 1931 ਦੀ ਤਬਾਹੀ ਸਮੇਂ 2,000 ਲੋਕ ਭੁੱਖ ਨਾਲ ਦਮ ਤੋੜ ਗਏ ਅਤੇ 11,000 ਘਰਾਂ ਵਾਲੇ ਇੱਕੋ ਸ਼ਹਿਰ ਵਿੱਚੋਂ 6,700 ਟੱਬਰ ਰੁੜ ਗਏ ਸਨ। ਦਰਿਆ 'ਤੇ ਕੰਟਰੋਲ ਤੋਂ ਪਿੱਛੋਂ ਸਿੰਗਹੂਆ ਕਾਊਂਟੀ ਨੇ ਇੱਕ ਵੱਖਰੀ ਨੁਹਾਰ ਅਖ਼ਤਿਆਰ ਕਰ ਗਈ ਹੈ। ਇੱਥੋਂ ਦੇ ਸਥਾਨਕ ਲੋਕਾਂ ਨੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਅੰਦਰ 17 ਕਰੋੜ ਘਣ ਮੀਟਰ ਮਿੱਟੀ ਢੋਅ ਕੇ ਦਰਿਆ ਨੂੰ ਵਸ ਵਿੱਚ ਕਰ ਲਿਆ ਸੀ। ਮੁਕਤੀ ਤੋਂ ਪਿੱਛੋਂ ਹੁਆਈ ਦੇ ਉੱਤਰੀ ਕੰਢੇ ਉੱਤੇ ਮਿਹਨਤਕਸ਼ ਲੋਕਾਂ ਨੇ 200 ਕਿਲੋਮੀਟਰ ਲੰਮਾ ਬੰਨ ਮਾਰ ਲਿਆ ਸੀ ਅਤੇ ਪਾਣੀ ਜਮ੍ਹਾਂ ਰੱਖਣ ਵਾਲੇ 1,000 ਤੋਂ ਵੀ ਵੱਧ ਹੌਜ਼ ਬਣਾ ਲਏ ਸਨ। ਇਸ ਤਰ੍ਹਾਂ ਉਹਨਾਂ ਨੇ ਖਰੂਦ-ਮਚਾਉਣੇ ਹੁਆਈ ਦਰਿਆ ਨੂੰ ਵਸ ਵਿੱਚ ਕਰਕੇ ਇਸ ਸਿਧਾਂਤ ਦੀ ਘੁਸਰ-ਮੁਸਰ ਕਿ ਦਾਤਾ ਹੀ ਸਭ ਕੁੱਝ ਕਰਦਾ ਹੈ ਨੂੰ ਚੁੱਪ ਕਰਾ ਦਿੱਤਾ ਸੀ।

ਪਾਣੀ ਕਾਬੂ-ਕਰਨ ਵਾਲੇ ਪ੍ਰੋਜੈਕਟਰਾਂ ਉੱਤੇ ਭਾਰੀ ਗਿਣਤੀ ਵਿੱਚ ਕੰਮ ਕਰਨ ਵਾਲੇ ਸਥਾਨਕ ਲੋਕਾਂ ਨੇ ਸਾਦੇ ਸੰਦਾਂ ਅਤੇ ਸਾਜ਼ ਸਮਾਨ ਜਿਵੇਂ ਹਥੋੜੇ, ਛੈਣੀਆਂ, ਗੈਂਤੀਆਂ, ਰੇਹੜੇ, ਦੇਸੀ ਬਰੂਦੀ ਬੰਬ ਅਤੇ ਸੰਦਾਂ ਨੂੰ ਵਰਤੋਂ ਵਿੱਚ ਲਿਆਂਦਾ। ਬੱਸ ਕਿਤੇ ਕਿਤੇ ਹੀ ਸਰਕਾਰ ਰਾਹੀਂ ਚਲਾਏ ਜਾਂਦੇ ਵੱਡੇ ਪ੍ਰੋਜੈਕਟਾਂ ਵਿੱਚ ਹੀ ਭਾਰੀ ਅਜੋਕੇ ਸਾਜ਼-ਸਮਾਨ ਨੂੰ ਵਰਤੋਂ ਵਿੱਚ ਲਿਆਂਦਾ ਗਿਆ। ਤਾਂ ਵੀ, ਇਹਨਾਂ ਸਾਦੇ ਸੰਦਾਂ ਨਾਲ ਅਤੇ ਆਪਣੀਆਂ ਕੋਸ਼ਿਸ਼ਾਂ ਨਾਲ ਚੀਨੀ ਲੋਕਾਂ ਨੇ ਉਸ ਪੀਲੇ ਦਰਿਆ ਨੂੰ ਵੱਸ ਵਿੱਚ ਕਰਨਾ ਸ਼ੁਰੂ ਕਰ ਦਿੱਤਾ, ਜਿਹੜਾ ਸਦੀਆਂ ਤੋਂ ਚੀਨ ਦੀ ਮੁਸੀਬਤਵਜੋਂ ਜਾਣਿਆ ਜਾਂਦਾ ਸੀ। ਚੀਨ ਵਿੱਚ ਸੇਮ ਦੀ ਮਾਰ ਹੇਠ 12 ਕਰੋੜ 20 ਲੱਖ ਹੈਕਟੇਅਰ ਭੂਮੀ ਵਿੱਚੋਂ 1 ਕਰੋੜ 60 ਲੱਖ ਹੈਕਟੇਅਰ ਭੂਮੀ ਨੂੰ 1957 ਤੱਕ ਕੰਟਰੋਲ ਹੇਠ ਲਿਆਂਦਾ ਗਿਆ।

ਮੁਕਤੀ ਤੋਂ ਪਹਿਲਾਂ ਕੌਮਿਨਤਾਂਗੀ ਪਿਛਾਂਹ-ਖਿੱਚੂਆਂ ਨੇ ਸਾਮਰਾਜੀ ਮਾਹਰਾਂ ਅਤੇ ਅਧਿਕਾਰੀਆਂ ਨੂੰ ਚੀਨ ਦੇ ਦਰਿਆਵਾਂ ਨੂੰ ਵੱਸ ਵਿੱਚ ਕਰਨ ਲਈ ਸਹਾਇਕਾਂ ਵਜੋਂ ਸਨਮਾਨਿਤ ਕੀਤਾ ਅਤੇ ਅਖ਼ਬਾਰਾਂ ਨੇ ਯਾਂਗਸੀ ਅਤੇ ਹੁਆਈ ਦਰਿਆਵਾਂ ਸਬੰਧੀ ਉਹਨਾਂ ਦੀਆਂ ਹੈਰਾਨੀਕੁਨ ਯੋਜਨਾਵਾਂ ਬਾਰੇ ਖ਼ੂਬ ਕਾਵਾਂ ਰੌਲੀ ਪਾਈ। ਆਖ਼ਰ ਕੌਮਿਨਤਾਂਗੀ ਪਿਛਾਂਹ-ਖਿੱਚੂਆਂ ਨੇ ਵੂਹਾਨ ਲਾਗੇ ਹੜਾਂ ਦੇ ਪਾਣੀ ਨੂੰ ਠੱਲਣ ਵਾਲੇ ਤਿੰਨ ਦਰਵਾਜ਼ਿਆਂ ਵਾਲਾ ਰੈਗੂਲੇਟਰ ਕਾਇਮ ਕੀਤਾ। ਉਸ ਵੇਲੇ ਕੌਮਿਨਤਾਂਗੀ ਪਿਛਾਂਹ-ਖਿੱਚੂਆਂ ਨੇ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਣ ਲਈ ਪੰਜ ਬਾਹਰਲੇ ਦੇਸ਼ਾਂ ਤੋਂ ਸਹਾਇਤਾ ਲਈ ਭਿੱਖਿਆ ਮੰਗੀ ਸੀ ਅਤੇ ਸਾਲ ਵਿੱਚ ਇਸਨੂੰ ਨੇਪਰੇ ਚਾੜਿਆ ਸੀ।

1976 ਤੱਕ ਸਮਾਜਵਾਦੀ ਰਹੇ ਚੀਨ ਦੇ ਮੁੱਢਲੇ ਵਰਿਆਂ ਵਿੱਚ ਜਦੋਂ ਚੀਨੀ ਲੋਕਾਂ ਨੇ ਯਾਂਗਸੀ ਦਰਿਆ ਦੀ ਚਿੰਗ ਕਿਆਂਗੀ ਸ਼ਾਖ ਉੱਤੇ ਪਹਿਲੇ ਵੱਡੇ ਹੜ-ਰੋਕੂ ਪਰਾਜੈਕਟ 'ਤੇ ਕੰਮ ਸ਼ੁਰੂ ਕੀਤਾ ਤਾਂ ਉਹਨਾਂ ਸਾਹਮਣੇ ਪਹਿਲਾਂ ਮੌਜੂਦ ਬੰਨਾਂ ਦੀ ਮੁਰੰਮਤ ਕਰਨ ਤੇ ਇਹਨਾਂ ਨੂੰ ਮੁੜ ਉਸਾਰਨ ਦਾ ਕੰਮ ਪਿਆ ਸੀ ਅਤੇ ਨਾਲ ਹੀ 208 ਕਿਲੋਮੀਟਰ ਨਵੇਂ ਬੰਨ ਉਸਾਰਨੇ ਸਨ। ਉਹਨਾਂ ਨੇ 1,20,000 ਲੋਕਾਂ ਨੂੰ ਹੜਾਂ ਤੋਂ ਬਚਾਉਣ ਲਈ ਹੜ ਠੱਲਣ ਵਾਲੇ ਫੌਲਾਦੀ ਦਰਵਾਜ਼ੇ ਉਸਾਰਨੇ ਸਨ। ਇਹ ਸਾਰਾ ਕੰਮ ਉਹਨਾਂ ਨੇ 75 ਦਿਨਾਂ ਦੇ ਅੰਦਰ ਅੰਦਰ ਨੇਪਰੇ ਚਾੜ ਦਿੱਤਾ ਸੀ।

ਸੱਭਿਆਚਾਰਕ ਇਨਕਲਾਬ ਦੌਰਾਨ ਕਵਾਂਙਤੁੰਗ ਸੂਬੇ ਦੀ ਚਾਓ ਕਾਊਂਟੀ ਦੇ ਲੋਕਾਂ ਨੇ ਸਮੁੰਦਰ ਤੋਂ ਜ਼ਮੀਨ ਵਿਹਲੀ ਕਰਨਲਈ ਦੱਖਣੀ ਚੀਨ ਦੇ ਸਮੁੰਦਰ ਦੇ ਕੰਢੇ ਦੀਆਂ ਲਹਿਰਾਂ ਨੂੰ ਸਾਦੇ ਸੰਦਾਂ ਤੇ ਸਾਜ਼ ਸਮਾਨ ਨਾਲ ਮਨੁੱਖੀ ਹੱਥਾਂ ਦੇ ਸਹਾਰੇ ਠੱਲ ਮਾਰ ਲਈ। ਕੇਵਲ 9 ਮਹੀਨਿਆਂ ਦੇ ਅੰਦਰ ਹੀ ਉਹਨਾਂ ਕੰਢੇ ਦੇ ਨਾਲ ਨਾਲ 1500 ਮੀਟਰ ਲੰਮਾ ਬੰਨ ਮਾਰ ਲਿਆ। ਜਿਸ ਵਿੱਚ ਨੌਂ-ਨੌਂ ਟਨ ਦੇ 72 ਮੋਘੇ ਬਣਾਏ ਗਏ। ਬੰਨ ਦੇ ਸਿਖ਼ਰ 'ਤੇ ਦੋ ਮੋਟਰ ਗੱਡੀਆਂ ਬਰਾਬਰ-ਬਰਾਬਰ ਚੱਲ ਸਕਦੀਆਂ ਨੇ। ਇਸ ਪ੍ਰਾਜੈਕਟ ਨਾਲ 20,000 ਹੈਕਟੇਅਰ ਪਹਿਲਾਂ ਤੋਂ ਮੌਜੂਦ ਭੂਮੀ ਦਾ ਬਚਾਉ ਹੋ ਗਿਆ ਅਤੇ 2,300 ਹੈਕਟੇਅਰ ਭੂਮੀ ਸਮੁੰਦਰ ਵਿੱਚੋਂ ਵਿਹਲੀ ਕਰ ਲਈ ਗਈ ਸੀ।

ਇਸ ਉਸਾਰੀ ਲਈ ਲੋੜੀਂਦਾ ਸਾਰਾ ਪੱਥਰ ਸਥਾਨਕ ਪੱਧਰ 'ਤੇ ਹੀ ਪ੍ਰਾਪਤ ਕੀਤਾ ਗਿਆ ਅਤੇ ਬੰਨ ਵਾਲੀ ਥਾਂ ਉੱਤੇ ਮਨੁੱਖੀ ਸ਼ਕਤੀ ਰਾਹੀਂ ਪਹੁੰਚਾਇਆ ਗਿਆ। ਇਹ ਪੱਥਰ ਲਗਪਗ 70,000 ਟਰੱਕਾਂ ਦੇ ਭਾਰ ਬਰਾਬਰ ਬਣਦਾ ਹੈ ਜੋ ਕਿ 20 ਕਿਲੋਮੀਟਰ ਦੀ ਦੂਰੀ ਤੋਂ ਢੋਇਆ ਗਿਆ। ਪਰ ਲੋਕਾਂ ਨੇ ਇਸ ਕੰਮ ਲਈ ਕੋਈ ਮੋਟਰ ਗੱਡੀ ਦੀ ਮੰਗ ਨਹੀਂ ਕੀਤੀ, ਸਗੋਂ ਇਹਨਾਂ ਨੂੰ ਹੋਰਨਾਂ ਉਸਾਰੀ ਪ੍ਰੋਜੈਕਟਾਂ ਲਈ ਵਿਹਲੇ ਕਰ ਦਿੱਤਾ। ਇਸ ਕੰਮ ਲਈ ਉਹਨਾਂ ਨੇ 3,000 ਸਾਈਕਲ ਅਤੇ ਗੱਡੇ ਵਰਤੋਂ ਵਿੱਚ ਲਿਆਂਦੇ ਅਤੇ ਢੋਆ-ਢੁਆਈ ਦਾ ਸਾਰਾ ਕੰਮ ਅੱਠ ਮਹੀਨਿਆਂ ਵਿੱਚ ਨੇਪਰੇ ਚਾੜ ਦਿੱਤਾ। ਸਾਇਕਲਾਂ ਨੂੰ 300 ਕਿਲੋ ਬੋਝ ਚੁੱਕਣ ਦੇ ਯੋਗ ਬਣਾ ਲਿਆ ਗਿਆ।

ਚੀਨੀ ਲੋਕਾਂ ਨੇ ਸਿੰਜਾਈ ਅਤੇ ਭੂਮੀ-ਸੁਧਾਰ ਲਈ ਵਿਰੋਧ-ਵਿਕਾਸ ਰਿਸ਼ਤੇ ਵੱਲ ਵੀ ਆਪਣਾ ਧਿਆਨ ਕੇਂਦਰਤ ਕੀਤਾ। 1973-74 ਦੀ ਸਰਦ ਰੁੱਤ ਵਿੱਚ ਚੀਨ ਨੇ 83 ਲੱਖ ਏਕੜ ਭੂਮੀ ਉੱਤੇ ਸਿੰਜਾਈ ਦੇ ਕੰਮ ਨੂੰ ਚਾਲੂ ਕੀਤਾ ਅਤੇ ਸੁਧਾਰਿਆ। 1 ਕਰੋੜ 30 ਲੱਖ ਏਕੜ ਭੂਮੀ ਨੂੰ ਪੱਧਰ ਕੀਤਾ, 32 ਲੱਖ 50 ਹਜ਼ਾਰ ਏਕੜ ਨੂੰ ਡੂੰਘਾ ਵਾਹਿਆ, 23,25,000 ਏਕੜ ਭੂਮੀ ਦੀਆਂ ਵੱਟਾਂ ਬੰਨੀਆਂ 21,90,000 ਏਕੜ ਭੂਮੀ ਦੀ ਉਪਜ ਵਿੱਚ ਵਾਧਾ ਕੀਤਾ। ਦੱਖਣ-ਪੱਛਮੀ ਚੀਨ ਵਿੱਚ ਵੱਡਾ ਹਿੱਸਾ ਇਲਾਕੇ ਪਠਾਰ ਵਾਲੇ ਹਨ ਜਿੱਥੇ ਪਾਣੀ ਦੀ ਏਨੀ ਬੇਹੱਦ ਘਾਟ ਹੈ ਕਿ ਖ਼ੁਸ਼ਕ ਮੌਸਮ ਅੰਦਰ ਪਾਣੀ ਦਾ ਤੁਪਕਾ ਵੀ ਨਸੀਬ ਨਹੀਂ ਹੁੰਦਾ ਸੀ। ਖੇਤ ਸੁੱਕ ਜਾਂਦੇ ਸਨ ਅਤੇ ਫ਼ਸਲਾਂ ਅਲੋਪ ਹੋ ਜਾਂਦੀਆਂ ਸਨ, ਤਾਂ ਵੀ, ਕੁੱਝ ਥਾਵਾਂ ਉੱਤੇ ਜ਼ਮੀਨ ਹੇਠਾਂ ਪਾਣੀ ਦੀ ਅਵਾਜ਼ ਨੰਗੇ ਕੰਨੀ ਸੁਣਾਈ ਦਿੰਦੀ ਸੀ।

ਸੱਭਿਆਚਾਰਕ ਇਨਕਲਾਬ ਦੌਰਾਨ ਕਵਾਂਗਸੀ ਦੀ ਜ਼ਮੀਨ ਹੇਠਾਂ ਪਾਣੀ-ਖੋਜੂ ਇੱਕ ਟੀਮ ਨੇ ਜਿੱਥੇ ਜ਼ਮੀਨ ਦੀ ਸੱਤਾ ਹੇਠਾਂ ਪਾਣੀ ਦੇ ਚਿੰਨਾਂ ਦਾ ਪਤਾ ਲੱਗਿਆ, ਉੱਥੇ 428 ਥਾਂਵਾਂ ਦਾ ਸਰਵੇ ਕੀਤਾ। ਪਹਾੜਾਂ ਦੀਆਂ ਚਾਈਆਂ ਉੱਤੇ 2,200 ਵਰਗ ਕਿਲੋਮੀਟਰ ਭੂਮੀ ਉੱਤੇ ਅਤੇ 44 ਡੂੰਘੀਆਂ ਖੰਦਕਾਂ ਵਿੱਚ ਖੋਜ ਕੀਤੀ ਅਤੇ ਪਾਣੀ ਦੇ ਅਜਿਹੇ ਸੋਮੇਂ ਲੱਭੇ ਗਏ ਜੋ 2,600 ਹੈਕਟੇਅਰ ਭੂਮੀ ਨੂੰ ਸਿੰਜ ਸਕਦੇ ਸਨ ਅਤੇ 10,000 ਲੋਕਾਂ ਨੂੰ ਪਾਣੀ ਮੁਹੱਈਆ ਕਰ ਸਕਦੇ ਸਨ।

ਮੁਕਤੀ ਤੋਂ ਥੋੜਾ ਚਿਰ ਪਹਿਲਾਂ ਚੀਨੀ ਲੋਕ ਹੜਾਂ ਤੋਂ ਬਸ ਆਪੋ ਆਪਣੇ ਘਰਾਂ ਦੇ ਬਚਾਓ ਲਈ ਢਾਹੂ ਲੜਾਈ ਲੜ ਰਹੇ ਸਨ ਅਤੇ ਸੋਕੇ ਤੋਂ ਆਪਣੀਆਂ ਜਾਨਾਂ ਬਚਾਉਣ ਲਈ ਜੂਝ ਰਹੇ ਸਨ। ਮੁਕਤੀ ਤੋਂ ਬਾਅਦ ਉਹਨਾਂ ਦਾ ਨਿਸ਼ਾਨਾ ਕੇਵਲ ਕਮਿਊਨ ਜਾਂ ਕਾਊਂਟੀ ਉੱਤੇ ਅਸਰ ਪਾਉਣ ਲਈ ਦਰਿਆਵਾਂ ਨੂੰ ਵੱਸ ਵਿੱਚ ਕਰਨਾ ਨਹੀਂ ਸੀ, ਨਾਂ ਹੀ ਉਹਨਾਂ ਦੀ ਤਸੱਲੀ ਕੇਵਲ ਇੱਕ ਸੂਬੇ ਦੀਆਂ ਹੱਦਾਂ ਜਾਂ ਦਰਿਆ ਦੀ ਘਾਟੀ ਤੱਕ ਸੀਮਤ ਸੀ ਉਹ ਸਮੁੱਚੇ ਚੀਨ ਨੂੰ ਧਿਆਨ ਵਿੱਚ ਰੱਖਣ ਲੱਗ ਪਏ ਸਨ। ਇਹ ਸਭ ਕੁੱਝ ਇਨਕਲਾਬੀ ਹੀ ਸੀ ਜਿਸ ਨੇ ਚੀਨੀ ਪੈਦਾਵਾਰੀ ਸ਼ਕਤੀਆਂ ਨੂੰ ਅੱਗੇ ਵਧਣ ਲਈ ਅਜ਼ਾਦ ਕਰਵਾ ਦਿੱਤਾ ਸੀ। ਪਰ 1976 ਦੇ ਅੱਧ 'ਚ ਕਾ ਮਾਓ ਦੀ ਮੌਤ ਤੋਂ ਫੌਰੀ ਬਾਅਦ ਚੀਨ ਅੰਦਰ ਸਰਮਾਏਦਾਰੀ ਤਾਕਤਾਂ ਨੇ ਇੱਕ ਉਲਟ-ਇਨਕਲਾਬੀ ਰਾਜਪਲਟਾ ਕਰਕੇ ਸੱਤਾ 'ਤੇ ਕਬਜ਼ਾ ਕਰ ਲਿਆ ਸੀ। ਇਸ ਤਰ੍ਹਾਂ ਚੀਨ ਨੂੰ ਸਾਮਰਾਜੀ ਗਲਬੇ ਹੇਠਲੇ ਇੱਕ ਲੁਟੇਰੇ ਤੇ ਜਾਬਰ ਰਾਜ ਪ੍ਰਬੰਧ 'ਚ ਬਦਲ ਦਿੱਤਾ ਗਿਆ। ਉਸ ਤੋਂ ਹੁਣ ਤੱਕ ਦੇ ਸਾਲਾਂ 'ਚ ਚੀਨ ਲਗਾਤਾਰ ਸਾਮਰਾਜੀ ਲੁੱਟ ਤੇ ਦਾਬੇ ਦੀ ਮੰਡੀ ਦੇ ਜਕੜਪੰਜੇ ਹੇਠ ਲਗਾਤਾਰ ਭੁੱਖਮਰੀ, ਗ਼ਰੀਬੀ, ਮੰਦਹਾਲੀ ਤੇ ਕੰਗਾਲੀ ਵੱਲ ਵਧ ਰਿਹਾ ਹੈ। ਪੇਂਡੂ ਖਿੱਤੇ 'ਚ ਮੁਕਤੀ ਤੋਂ ਪਹਿਲਾਂ ਦੇ ਲੁਟੇਰੇ ਚੀਨ 'ਚ ਮੌਜੂਦ ਪੇਂਡੂ ਗ਼ਰੀਬਾਂ ਦੀ ਮੰਦਹਾਲੀ ਵਾਲੀਆਂ ਰੋਟੀ ਤੇ ਰੋਜ਼ੀ ਦੀਆਂ ਸਮੱਸਿਆਵਾਂ ਨਵੀਂ ਸ਼ਕਲ ਵਿੱਚ 'ਤੇ ਡੂੰਘੀਆਂ ਹੋ ਰਹੀਆਂ ਹਨ ਅਤੇ ਇਹ ਚੀਨ ਅੰਦਰ ਇੱਕ ਹੋਰ ਮਾਓਵਾਦੀ ਇਨਕਲਾਬ ਦੀ ਲੋੜ ਨੂੰ ਉਭਾਰ ਰਹੀਆਂ ਹਨ।

ਇਸ ਤਰ੍ਹਾਂ ਚੀਨ 'ਚ ਭਾਵੇਂ ਉਲਟ-ਇਨਕਲਾਬ ਭਾਰੂ ਹੋ ਗਿਆ ਹੈ ਪਰ ਸਾਡੇ ਲਈ ਸਭ ਤੋਂ ਵਿਕਸਤ ਤਜਰਬੇ ਵਜੋਂ ਹੋਰਾਂ ਸਮੱਸਿਆਵਾਂ ਸਮੇਤ ਪਾਣੀ ਨਾਲ ਜੁੜਦੇ ਸਾਰੇ ਪੱਖਾਂ ਸਮੇਤ ਹੜ ਤੇ ਸੋਕੇ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਾਡਾ ਰਾਹ ਰੁਸ਼ਨਾ ਰਿਹਾ ਹੈ। ਜਿਸਨੂੰ ਇਨਕਲਾਬ ਕਰਨ ਦੀ ਸਾਡੀ ਜੱਦੋਜਹਿਦ ਦਾ ਅੰਗ ਬਣਾਉਂਦੇ ਹੋਏ ਅੱਗੇ ਵਧਣਾ ਚਾਹੀਦਾ ਹੈ

(1979 'ਚ ਛਪੇ ਇਨਕਲਾਬੀ ਪਰਚੇ ਜੈਕਾਰਾ ਚੋਂ ਧੰਨਵਾਦ ਸਾਹਿਤ)

# ਭਾਅ ਜੀ ਦੀ ਜਗਾਈ ਮਸ਼ਾਲ ਨੂੰ ਸੱਤ ਸਮੁੰਦਰੋਂ ਪਾਰ ਜਗਦਾ ਰੱਖ ਰਹੀ ਜੋੜੀ ਪਰਮਜੀਤ ਅਤੇ ਰੇਣੂ ਸਿੰਘ

ਹਰਜੀਤ ਬੇਦੀ



ਪਰਮਜੀਤ ਤੇ ਰੇਣੂ ਸਿੰਘ ਨਾਲ ਗੱਲਬਾਤ ਕਰਦੇ ਹੋਏ 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਤੇ ਹਰਜੀਤ ਸਿੰਘ ਬੇਦੀ ਅਤੇ ਨਾਲ ਬੈਠੇ ਹਨ ਹੈਟਸ ਅੱਪ ਦੇ ਹੀਰਾ ਰੰਧਾਵਾ

ਭਾਅ ਜੀ ਗੁਰਸ਼ਰਨ ਸਿੰਘ ਨੇ ਜਿੱਥੇ ਨਾਟਕ ਨੂੰ ਲੋਕਾਂ ਦੇ ਚੁੱਲ੍ਹਿਆਂ ਤੱਕ ਪਹੁੰਚਾਇਆ ਉੱਥੇ ਲੋਕ-ਪੱਖੀ ਕਲਾਕਾਰਾਂ ਦੀ ਇੱਕ ਐਸੀ ਪਨੀਰੀ ਪੈਦਾ ਕੀਤੀ ਜੋ ਭਾਅ ਜੀ ਦੇ ਸੰਸਾਰ ਵਿੱਚੋਂ ਚਲੇ ਜਾਣ ਤੋਂ ਬਾਅਦ ਵੀ ਉਹਨਾਂ ਦੁਆਰਾ ਜਗਾਈ ਹੋਈ ਮਸ਼ਾਲ ਨੂੰ ਜਗਦਾ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾਂ ਵਿੱਚੋਂ ਪਰਮਜੀਤ ਅਤੇ ਰੇਣੂ ਸਿੰਘ ਦੀ ਜੋੜੀ ਇਹ ਕਾਰਜ ਬਾਖੂਬੀ ਨਿਭਾ ਰਹੀ ਹੈ। ਸੱਤ ਸਮੁੰਦਰੋਂ ਪਾਰ ਅਮਰੀਕਾ ਆ ਕੇ ਵੀ ਉਹਨਾਂ ਲੋਕ ਪੱਖੀ ਸਾਹਿਤਕ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਦਾ ਮੁਸ਼ਕਲ ਕੰਮ ਜਾਰੀ ਰੱਖਿਆ ਹੋਇਆ ਹੈ ਜਿਹੜਾ ਕਿ ਇਹਨਾਂ ਮੁਲਕਾਂ ਵਿੱਚ ਕੋਈ ਵਿਰਲਾ ਮਾਈ ਦਾ ਲਾਲ ਹੀ ਕਰ ਸਕਦਾ ਹੈ।

ਪਰਮਜੀਤ ਨੂੰ ਸੰਗੀਤ ਦੀ ਚੇਟਕ ਆਪਣੇ ਘਰ ਤੋਂ ਹੀ ਲੱਗੀ। ਉਹਨਾਂ ਦੇ ਮਾਤਾ ਜੀ ਸ਼੍ਰੀਮਤੀ ਰਣਜੀਤ ਕੌਰ ਨੂੰ ਕੀਰਤਨ ਕਰਨ ਦਾ ਸ਼ੌਕ ਸੀ। ਨਿੱਕੇ ਹੁੰਦਿਆਂ ਹੀ ਪਰਮਜੀਤ ਘਰੇ ਪਏ ਹਾਰਮੋਨੀਅਮ ਤੇ ਆਪ ਮੁਹਾਰੇ ਹੀ ਆਪਣੀਆਂ ਛੋਟੀਆਂ ਛੋਟੀਆਂ ਉਂਗਲਾਂ ਚਲਾਉਣ ਲੱਗ ਪਿਆ। ਛੇਵੀਂ ਚ ਪੜ੍ਹਦਿਆਂ ਹੀ 1965 ਵਿੱਚ ਗੁਰੂ ਨਾਨਕ ਗੁਰਪੁਰਬ ਤੇ ਖਾਲਸਾ ਕਾਲਜ ਅੰਮ੍ਰਿਤਸਰ ਦੀ ਸਟੇਜ ਤੋਂ ਸ਼ਬਦ ਸੁਣਾ ਕੇ ਸੰਗਤ ਅਤੇ ਪ੍ਰਬੰਧਕਾਂ ਤੋਂ ਵਾਹ ਵਾਹ ਖੱਟੀ। ਭਾਅ ਜੀ ਨਾਲ ਕੰਮ ਕਰਨ ਦਾ ਸਬੱਬ ਕਿਵੇਂ ਬਣਿਆ ਦੇ ਜਵਾਬ ਵਿੱਚ ਪਰਮਜੀਤ ਨੇ ਦੱਸਿਆ ਕਿ ਇਹ 1968 ਦੀ ਗੱਲ ਹੈ ਜਦੋਂ ਉਸ ਨੇ ਖਾਲਸਾ ਕਾਲਜ਼ ਹਾਇਰ ਸੈਕੰਡਰੀ ਸਕੂਲ ਦੇ ਪ੍ਰੋਗਰਾਮ ਵਿੱਚ ਸ਼ਿਵ ਦਾ ਗੀਤ "ਜਿੱਥੇ ਇਤਰਾਂ ਦੇ ਵਗਦੇ ਨੇ ਚੋਅ" ਪੇਸ਼ ਕੀਤਾ ਸੀ। ਉਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਭਾਅ ਜੀ ਸਨ। ਪ੍ਰੋਗਰਾਮ ਖਤਮ ਹੋਣ ਤੇ ਭਾਅ ਜੀ ਨੇ ਉਸ ਨੂੰ ਬੁਲਾਇਆ ਤੇ ਸ਼ਾਮ ਨੂੰ ਮਿਲਣ ਲਈ ਕਿਹਾ। ਬੱਸ ਫਿਰ ਕੀ ਸੀ ਉਸੇ ਦਿਨ ਤੋਂ ਭਾਅ ਜੀ ਦੀ ਟੀਮ ਦੇ ਮੈਂਬਰ ਬਣ ਗਏ ਤੇ ਉਹਨਾਂ ਦੇ ਚਲੇ ਜਾਣ ਤੋਂ ਬਅਦ ਵੀ ਅੱਜ ਤੱਕ ਉਸੇ ਸਫਰ ਦੇ ਪਾਂਧੀ ਬਣੇ ਹੋਏ ਹਨ।

ਪਰਮਜੀਤ ਨੇ 1968 ਤੋਂ 1997 ਤੱਕ ਭਾਅ ਜੀ ਨਾਲ ਲੱਗਪੱਗ ਉਨ੍ਹਾ ਦੁਆਰਾ ਪੇਸ਼ ਸਾਰੇ ਹੀ ਨਾਟਕਾਂ ਵਿੱਚ ਬਤੌਰ ਗਾਇਕ ਤੇ ਸੰਗੀਤਕਾਰ ਕੰਮ ਕੀਤਾ ਤੇ ਅਨੇਕਾਂ ਹੀ ਨਾਟਕਾਂ ਵਿੱਚ ਅਦਾਕਾਰੀ ਦੇ ਜੌਹਰ ਵੀ ਦਿਖਾਏ। ਜਿਨ੍ਹਾਂ ਵਿੱਚ "ਤੂਤਾਂ ਵਾਲਾ ਖੂਹ", "ਟੋਆ" ਅਤੇ "ਕਿਵ ਕੂੜੇ ਤੁੱਟੇ ਪਾਲ" ਵਿਸ਼ੇਸ਼ ਤੌਰ 'ਤੇ ਵਰਨਣ ਯੋਗ ਹਨ। 1980 ਵਿੱਚ ਨੈਸ਼ਨਲ ਸਕੂਲ ਆਫ ਡਰਾਮਾ ਦੇ ਬੰਸੀ ਕੌਲ ਦੁਆਰਾ ਨਿਰਦੇਸ਼ਤ ਨਾਟਕ "ਧਮਕ ਨਗਾਰੇ ਦੀ" ਵਿੱਚ ਪਰਮਜੀਤ ਦੀ ਸੰਗੀਤਕ ਪੇਸ਼ਕਾਰੀ ਕਮਾਲ ਦੀ ਸੀ। ਇਸ ਸੰਗੀਤ ਨਾਟਕ ਵਿੱਚ ਪੇਸ਼ ਬਾਰਾਂ ਗੀਤਾਂ ਵਿੱਚ ਉਸਦੀ ਸੰਗੀਤ ਅਤੇ ਗਾਇਨ ਕਲਾ ਸਿਖਰਾਂ ਤੇ ਸੀ ਜੋ ਉਸੁਦਾ ਇੱਕ ਹਾਸਲ ਹੈ।

ਉਸਦੀ ਜੀਵਨ-ਸਾਥਣ ਰੇਣੂ ਸਿੰਘ ਦਾ ਨਾਟਕੀ ਸਫਰ ਵੀ ਨਾਟਕੀ ਅੰਦਾਜ਼ ਵਿੱਚ ਹੀ ਸ਼ੁਰੂ ਹੋਇਆ। ਜਨਵਰੀ 20 ਸੰਨ 1980 ਨੂੰ ਵਿਆਹੁਤਾ ਸਫਰ ਤੋਂ ਤੀਜੇ ਦਿਨ ਹੀ 22 ਜਨਵਰੀ ਨੂੰ ਭਾਅ ਜੀ ਨੇ ਕਲਕੱਤੇ ਨਾਟਕ ਕਰਨ ਜਾਣਾ ਸੀ। ਉਹਨਾਂ ਪਰਮਜੀਤ ਨੂੰ ਕਿਹਾ, "ਬਈ ਤੁਹਾਡਾ ਨਵਾਂ ਨਵਾਂ ਵਿਆਹ ਹੋਇਆ ਏ, ਚੱਲੋ ਹਨੀਮੂਨ ਕਲਕੱਤੇ ਜਾ ਕੇ ਮਨਾ ਲੈਣਾ"। ਪਰਮਜੀਤ ਨੇ ਭਾਅ ਜੀ ਨੂੰ ਨਾਂਹ ਥੋੜਾ ਕਰਨੀ ਸੀ ਤੇ ਬਹਿ ਗਈ ਨਵੀਂ ਵਿਆਹੀ ਜੋੜੀ ਹਾਵੜਾ ਮੇਲ 'ਚ। ਅਜੇ ਸਫਰ ਸ਼ੁਰੂ ਹੋਏ ਨੂੰ ਥੋੜਾ ਚਿਰ ਹੀ ਹੋਇਆ ਸੀ ਕਿ ਭਾਅ ਜੀ ਨੇ ਨਾਟਕਾਂ ਵਾਲੀ ਕਿਤਾਬ ਰੈਣੂ ਨੂੰ ਫੜਾ ਦਿੱਤੀ ਤੇ ਨਾਟਕ ਦੀ ਸਕਰਿਪਟ ਪੜ੍ਹਨ ਲਈ ਕਿਹਾ। ਰੇਣੂ ਹੈਰਾਨ ਹੋ ਗਈ ! ਆਹ ਕੀ ? "ਤੂੰ ਆਹ ਯਾਦ ਕਰਨ ਦੀ ਕੋਸ਼ਿਸ਼ ਕਰ, ਜਿਹੜੀ ਗੱਲ ਪੁੱਛੀ ਜਾਵੇ ਬੱਸ ਜਵਾਬ ਦੇਈ ਜਾਵੀ" ਭਾਅ ਜੀ ਦਾ ਨਵੇਂ ਕਲਾਕਾਰ ਤੋਂ ਕੰਮ ਲੈਣ ਦਾ ਇਹ ਵੱਖਰਾ ਹੀ ਅੰਦਾਜ ਸੀ। ਕਲਕੱਤੇ ਨਾਟਕ "ਤੂਤਾਂ ਵਾਲਾ ਖੂਹ" ਦਾ ਸ਼ੋਅ ਹੋਇਆ। ਨਾਟਕ ਵਿੱਚ ਸ਼ਾਹਣੀ ਬਣੀ ਰੇਣੂ ਦੇ ਪਹਿਲੇ ਡਾਇਲਾਗ ਤੇ ਹੀ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਪਰਦੇ ਪਿੱਛੇ ਬੈਠੇ ਭਾਅ ਜੀ ਦੇ ਮੂੰਹੋਂ ਨਿਕਲਿਆ "ਹੁਣ ਸਾਡਾ ਸ਼ੋਅ ਪੂਰਾ ਕਾਮਯਾਬ ਏ"।

ਇਸ ਤੋਂ ਪਿੱਛੋਂ ਚੱਲ ਸੋ ਚੱਲ। ਰੈਣੂ ਭਾਅ ਜੀ ਦੀ ਟੀਮ "ਅੰਮ੍ਰਿਤਸਰ ਸਕੂਲ ਆਫ ਡਰਾਮਾ" ਦੀ ਪੱਕੀ ਮੈਂਬਰ ਬਣ ਗਈ। ਪਾਤਰ ਦੀ ਲੋੜ ਮੁਤਾਬਕ ਟੀਮ ਦੇ ਨਾਟਕਾਂ ਵਿੱਚ ਪੂਰੀ ਸ਼ਿੱਦਤ ਨਾਲ ਭਾਗ ਲੈਣਾ ਸ਼ੂਰੂ ਕਰ ਦਿੱਤਾ। ਨਾਟਕ ਤੂਤਾਂ ਵਾਲਾ ਖੂਹ ਤੋਂ ਬਾਦ ਨਾਟਕਾਂ "ਭੱਜੀਆਂ ਬਾਂਹੀਂ", "ਧਮਕ ਨਗਾਰੇ ਦੀ", "ਦਾਸਤਾਨੇ ਪੰਜਾਬ", "ਇੱਕ ਬੰਬ ਇੱਕ ਮਾਂ", "ਇੱਕ ਮਾਂ ਦੋ ਮੁਲਕ", "ਪਾਪਾ ਮੈਂ ਹਿੰਦੁਸਤਾਨ ਲੈਣਾ" ਅਤੇ ਹੋਰ ਅਣਗਿਣਤ ਨਾਟਕਾਂ ਵਿੱਚ ਕੰਮ ਕੀਤਾ। ਨਾਟਕਾਂ "ਇੱਕ ਮਾਂ ਦੋ ਮੁਲਕ" ਵਿੱਚ ਰੱਜੀ ਅਤੇ "ਧਮਕ ਨਗਾਰੇ ਦੀ" ਵਿੱਚ ਦੂੱਲੇ ਦੀ ਮਾਂ ਲੱਧੀ ਦਾ ਰੋਲ ਉਸ ਦੇ ਯਾਦਗਾਰੀ ਰੋਲ ਹਨ। ਮੈਨੂੰ ਪੰਜਾਬੀ ਭਵਨ ਲੁਧਿਆਣਾ ਦੀ ਖੁੱਲ੍ਹੀ ਸਟੇਜ ਤੇ ਉਹਨਾਂ ਨੂੰ ਰੱਜੀ ਦੇ ਰੂਪ ਵਿੱਚ ਦੇਖਿਆ ਅੱਜ ਤੱਕ ਯਾਦ ਹੈ। ਇਹ ਛੋਟਾ ਜਿਹਾ ਨਾਟਕ ਰੈਣੂ, ਸੁਖਦੇਵ ਪ੍ਰੀਤ ਅਤੇ ਕੇਵਲ ਧਾਲੀਵਾਲ ਅਤੇ ਦੂਜੇ ਕਲਾਕਾਰਾਂ ਦੀ ਕਲਾ ਦਾ ਉੱਚਤਮ ਨਮੂਨਾ ਸੀ। ਇਸ ਨਾਟਕ ਤੋਂ ਪ੍ਰਭਾਵਤ ਹੋ ਕੇ ਸਾਡੀ ਟੀਮ ਨੇ ਵੀ ਇਹ ਨਾਟਕ ਖੇਡਿਆ। ਕਲਾਕਾਰ ਦੇ ਤੌਰ ਤੇ ਇਸ ਜੋੜੀ ਨੇ ਕਨੇਡਾ ਦਾ ਪਹਿਲਾ ਟੂਰ 1983 ਵਿੱਚ ਲਾਇਆ ਤੇ ਨਾਟਕ "ਮਿੱਟੀ ਦਾ ਮੁੱਲ", "ਇਹ ਲਹੂ ਕਿਸਦਾ ਹੈ" ਅਤੇ "ਕਿਵ ਕੂੜੈ ਤੁੱਟੇ ਪਾਲ" ਪੇਸ਼ ਕਰ ਕੇ ਕਨੇਡਾ ਦੇ ਵਸਨੀਕ ਪੰਜਾਬੀਆਂ ਦੇ ਦਿਲਾਂ ਵਿੱਚ ਆਪਣੀ ਵਿਸ਼ੇਸ਼ ਥਾਂ ਬਣਾਈ। ਕਲਾਕਾਰਾਂ ਦੇ ਇਸ ਟੱਬਰ ਦੇ ਪਰਮਜੀਤ ,ਰੇਣੂ ਸਿੰਘ ਅਤੇ ਉਨ੍ਹਾ ਦੇ ਬੱਚੇ ਬੌਬੀ ਤੇ ਨੈਂਨਸੀ ਸਾਰੇ ਹੀ ਦੂਰ ਦਰਸ਼ਨ ਜਲੰਧਰ ਦੇ ਅਪਰੂਵਡ ਕਲਾਕਾਰ ਹਨ। ਟੀ ਵੀ ਸੀਰੀਅਲਾਂ "ਚਿੱਟਾ ਲਹੂ" ਅਤੇ "ਭਾਈ ਮੰਨਾ ਸਿੰਘ" ਵਿੱਚ ਇਸ ਪਰਵਿਾਰ ਦੇ ਮੈਂਬਰਾਂ ਨੇ ਵੱਖ ਵੱਖ ਕਿਰਦਾਰ ਨਿਭਾਏ ਹਨ।

ਪਰਮਜੀਤ ਤੇ ਰੇਣੂ ਸਿੰਘ ਦੀ ਇਹ ਜੋੜੀ ਦਸੰਬਰ 1997 ਵਿੱਚ ਆਪਣੇ ਬੱਚਿਆਂ ਬੌਬੀ ਤ ਨੈਨਸੀ ਸਮੇਤ ਗਦਰੀ ਬਾਬਿਆਂ ਨਾਲ ਸਬੰਧਤ ਅਮਰੀਕਾ ਦੇ ਸ਼ਹਿਰ ਸਟਾਕਟਨ ਵਿੱਚ ਆ ਗਈ। ਜਿੱਥੇ ਹੋਰ ਭਾਰਤੀ ਪਰਵਾਸੀਆਂ ਵਾਂਗ ਵੱਖ ਵੱਖ ਕੰਮ ਕਰਨ ਤੋਂ ਬਾਦ 2004 ਤੋਂ 31 ਜਨਵਰੀ 2016 ਤੱਕ ਪੀਜਾ ਰੈਸਟਰੈਂਟ ਚਲਾਇਆ। ਰੁਝੇਵਿਆਂ ਭਰੇ ਇਸ ਮੁਲਕ ਵਿੱਚ ਵੀ ਉਹ ਆਪਣੇ ਸਭਿੱਅਚਾਰਕ ਗਰੁੱਪ : ਕੂਪੰਜਾਬੀ ਵਿਰਸਾ ਗਰੁੱਪ ਰਾਹੀਂ ਲੋਕ ਪੱਖੀ ਸਭਿਆਚਾਰ ਅਤੇ ਪ੍ਰੋਗਰਾਮ ਪੇਸ਼ ਕਰਨ ਦਾ ਹਰ ਸੰਭਵ ਯਤਨ ਕਰਦੇ ਰਹਿੰਦੇ ਹਨ। ਉਹਨਾਂ ਗੱਲਬਾਤ ਦੌਰਾਨ ਦੱਸਿਆ ਕਿ ਉਹ ਸਟਾਕਟਨ, ਫਰਿਜਨੋ, ਸੈਕਰਾਮੈਂਟੋ, ਵਲੇਹੋ,ਕਨਕਾਰਡ, ਲੀਵਰਮੋਰ, ਫਰੀਮਾਂਟ, ਲੋਡਾਈ ਅਤੇ ਪਲੀਜੈਂਟਨ ਆਦਿ ਸ਼ਹਿਰਾਂ ਵਿੱਚ ਸੰਗੀਤਕ, ਸਾਹਿਤਕ, ਕਵੀ ਦਰਬਾਰ, ਕਹਾਣੀ ਦਰਬਾਰ ਪ੍ਰੋਗਰਾਮ ਕਰਦੇ ਰਹਿੰਦੇ ਹਨ। ਸਾਲ ਵਿੱਚ ਘੱਟੋ ਘੱਟ ਦੋ ਪ੍ਰੋਗਰਾਮ ਨਾਟਕਾਂ ਦੇ ਜਰੂਰ ਕਰਦੇ ਹਨ ਜਿੰਨ੍ਹਾਂ ਵਿੱਚ ਉਹ ਲੋਕ ਪੱਖੀ ਨਾਟਕਕਾਰਾਂ ਗੁਰਸ਼ਰਨ ਸਿੰਘ, ਕੇਵਲ ਧਾਲੀਵਾਲ, ਡਾ: ਸਰਬਜੀਤ ਔਲਖ, ਜਤਿੰਦਰ ਬਰਾੜ, ਗੁਰਦਿਆਲ ਸਿੰਘ ਫੁੱਲ ਅਤੇ ਜਗਦੀਸ਼ ਸਚਦੇਵਾਂ ਦੇ ਨਾਟਕ ਸਟੇਜ ਕਰਦੇ ਹਨ।

ਉਹਨਾਂ ਮੁਤਾਬਕ ਉਹਨਾਂ ਦਾ ਉਦੇਸ਼ ਸਾਹਿਤਕ ਵਿਧੀਆਂ ਰਾਹੀਂ ਭਾਅ ਜੀ ਦੀ ਲੋਕ ਪੱਖੀ ਸੋਚ ਨੂੰ ਅੱਗੇ ਤੋਰਨਾ ਅਤੇ ਬਾਹਰ ਵਸਦੇ ਲੋਕਾਂ ਅਤੇ ਆਉਣ ਵਾਲੀ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨਾ ਅਤੇ ਚੇਤਨ ਕਰਨਾ ਹੈ। ਹੁਣੇ-ਹੁਣੇ ਇਹ ਜੋੜੀ ਟੋਰਾਂਟੋ ਗੇੜਾ ਮਾਰ ਕੇ ਗਈ ਹੈ ਜਿੱਥੇ ਸੰਖੇਪ ਜਿਹੇ ਸਮੇਂ ਵਿੱਚ ਉਹਨਾਂ ਆਪਣੇ ਗੀਤਾਂ ਦੁਆਰਾ ਲੋਕਾਂ ਨਾਲ ਸਾਂਝ ਪਾਈ। ਉਨ੍ਹਾ ਦੀ ਕਲਾ ਨੂੰ ਲੋਕਾਂ ਵਲੋਂ ਬਹੁਤ ਹੀ ਸਲਾਹਿਆ ਗਿਆ ਜਿਸ ਤੋਂ ਪਤਾ ਲਗਦਾ ਹੈ ਕਿ ਲੋਕ ਸੰਜੀਦਾ ਗਾਇਕੀ ਨੂੰ ਜਰੂਰ ਹੀ ਪਸੰਦ ਕਰਦੇ ਹਨ। ਵਾਪਸ ਜਾਣ ਤੋਂ ਘੰਟਾ ਕੁ ਪਹਿਲਾਂ ਹੀ "ਸਰੋਕਾਰਾਂ ਦੀ ਆਵਾਜ" ਦੇ ਹਰਬੰਸ ਸਿੰਘ ਨਾਲ ਹੀਰਾ ਰੰਧਾਵਾ ਦੀ ਮੌਜੂਦਗੀ ਵਿੱਚ ਹੋਈ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਹ 7 ਅਗਸਤ 2016 ਨੂੰ ਸਟਾਕਟਨ ਵਿੱਚ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਕਵੀ ਦਰਬਾਰ ਅਤੇ ਕਹਾਣੀ ਦਰਬਾਰ ਕਰਵਾ ਰਹੇ ਹਨ। ਛੇਤੀ ਹੀ ਉਹ ਅਮਰੀਕਾ ਅਤੇ ਕਨੇਡਾ ਵਿੱਚ ਰਹਿ ਰਹੇ ਬਜੁਰਗਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਡਾ: ਜਗਦੀਸ਼ ਸਚਦੇਵਾ ਦਾ ਲਿਖਿਆ ਨਾਟਕ ਪੇਸ਼ ਕਰਨ ਦੀ ਤਿਆਰੀ ਕਰ ਰਹੇ ਹਨ ।

647 924 9087






## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ

# ਭਖਦੇ ਮਸਲਿਆਂ ਤੇ ਲੈਕਚਰ ਅਤੇ ਵਿਚਾਰ-ਚਰਚਾ









ਮਾਸਟਰ ਭਜਨ

ਪ੍ਰੌਗਰੈਸਿਵ ਕਲਚਰਲ, ਐਸੋਸੀਏਸ਼ਨ ਦੀ ਜੁਲਾਈ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿਖੇ ਹੋਈ। ਸੋਹਨ ਮਾਨ ਨੇ ਯੂਰਪ ਦੇ ਸੰਕਟ ਬਾਰੇ ਬੋਲਦਿਆਂ ਕਿਹਾ ਕਿ ਇਹ ਸੰਕਟ ਤਾਂ ਪੂੰਜੀਪਤੀਆਂ ਦਾ ਆਪਣਾ ਸਰੀਕਾ-ਭੇੜ ਹੈ। ਇਸ ਨਾਲ ਮਿਹਨਤਕਸ਼ ਲੋਕਾਂ 'ਤੇ ਕੋਈ ਅਸਰ ਨਹੀਂ ਪਵੇਗਾ। ਉਨ੍ਹਾਂ ਕਿਹਾ ਕਿ ਮਜਦੂਰ ਜਮਾਤ ਨੂੰ ਆਪਣੀ ਮੁਕਤੀ ਲਈ ਸੰਸਾਰ ਦੇ ਹਰ ਦੇਸ਼ 'ਚ ਸੰਘਰਸ਼ ਕਰਨਾ ਪੈਂਦਾ ਹੈ। ਗੁਰਿੰਦਰਪਾਲ ਬਰਾੜ ਨੇ ਕੈਨੇਡਾ ਦੇ ਆਰਥਿਕ ਢਾਂਚੇ ਬਾਰੇ ਵਿਸਥਾਰ ਨਾਲ ਅੰਕੜੇ ਪੇਸ਼ ਕਰਦਿਆਂ ਦੱਸਆ ਕਿ ਪ੍ਰਾਈਵੇਟ ਸੈਕਟਰ ਰਾਹੀਂ ਵੱਡੀਆਂ ਕਾਰਪੋਰੇਸ਼ਨਾਂ ਸੈਂਕੜੇ ਮਿਲੀਅਨ ਡਾਲਰ ਮੁਨਾਫ਼ੇ ਕਮਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 6 ਵੱਡੀਆਂ ਬੈਂਕਾਂ ਨੇ 1 ਸਾਲ ਵਿਚ ਹੀ 35 ਬਿਲੀਅਨ ਡਾਲਰ ਦਾ ਮੁਨਾਫ਼ਾ ਕਮਾਇਆ ਹੈ। ਜਦੋਂ ਕਿ ਆਰਥਿਕ ਸੰਕਟ ਦੀ ਆੜ ਹੇਠ ਨੌਕਰੀਆਂ ਤੋਂ ਛਾਂਟੀਆਂ, ਲੇ-ਆਫ਼ ਅਤੇ ਲੋਕਾਂ ਤੋਂ ਬਹੁਤ ਘੱਟ ਪੈਸੇ ਤੇ ਵੱਧ ਕੰਮ ਕਰਵਾ ਕੇ ਆਪਣੇ ਮੁਨਾਫ਼ਿਆਂ ਨੂੰ ਕਈ ਗੁਣਾਂ ਵਧਾਇਆ ਜਾ ਰਿਹਾ ਹੈ। ਕੈਨੇਡਾ ਪੋਸਟ ਵਰਗੇ ਸਰਕਾਰੀ ਅਦਾਰਿਆਂ ਨੂੰ ਖ਼ਤਮ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਸਗੋਂ ਮਨੁੱਖਤਾ ਦੀ ਭਲਾਈ ਲਈ ਪ੍ਰਾਈਵੇਟ ਸੈਕਟਰ ਨੂੰ ਖਤਮ ਕਰਕੇ ਕੈਨੇਡਾ ਪੋਸਟ ਦੇ ਪੈਟਰਨ ਨੂੰ ਮਜਬੂਤੀ ਨਾਲ ਲਾਗੂ ਕਰਨ ਨਾਲ ਕਲਾਮੇਟ ਚੇਂਜ ਅਤੇ ਪਲੂਸ਼ਨ ਪੱਖੋਂ ਵੀ ਬਹੁਤ ਫਾਇਦਾ ਹੋ ਸਕਦਾ ਹੈ। ਵੱਡੀਆਂ ਕਾਰਪੋਰੇਸ਼ਨਾਂ ਨੇ ਛੋਟੇ ਅਤੇ ਗਰੀਬ ਦੇਸ਼ਾਂ 'ਚ ਪੈਸਾ ਲਾ ਕੇ ਉਥੇ ਘੱਟ ਟੈਕਸ ਦੇ ਕੇ 270 ਬਿਲੀਅਨ ਡਾਲਰ ਮੁਨਾਫ਼ੇ ਕਮਾਏ ਹਨ। ਹਰੀ ਪਾਲ ਨੇ ਆਪਣੀ ਕਿਊਬਾ ਫੇਰੀ ਦਾ ਅੱਖੀਂ ਡਿੱਠਾ ਹਾਲ ਸੁਣਾਇਆ। ਉਨ੍ਹਾਂ ਫੀਡਲ ਕਾਸਟਰੋ ਅਤੇ ਚੀ ਗਵੇਰਾ ਵਲੋਂ ਸਮਾਜਵਾਦੀ ਤਰਜ਼ 'ਤੇ ਉਸਾਰੇ ਛੋਟੇ ਜਿਹੇ ਦੇਸ਼ ਨੂੰ ਸਵਰਗ ਦਾ ਟੁਕੜਾ ਦੱਸਿਆ। ਉਨ੍ਹਾਂ ਦੱਸਿਆ ਕਿ ਅਮਰੀਕਾ ਵਲੋਂ ਲਾਈਆਂ ਲੱਖ ਪਾਬੰਦੀਆਂ ਦੇ ਬਾਵਜੂਦ ਸਭ ਲੋਕ ਬੜਾ ਖੁਸ਼ਹਾਲ ਜੀਵਨ ਬਤੀਤ ਘਰ ਕਰ ਰਹੇ ਹਨ। ਕੋਈ ਬੇਰੁਜ਼ਗਾਰ ਨਹੀਂ ਸਭ ਕੋਲ ਘਰ ਹਨ, ਬੱਚਿਆਂ ਦਾ ਪਾਲਣ-ਪੋਸ਼ਣ, ਪੜ੍ਹਾਈ ਸਭ ਫਰੀ ਜਾਣੀ ਕਿ ਸਰਕਾਰ ਦੀ ਜ਼ਿੰਮੇਵਾਰੀ ਹੈ। ਹਰੀਪਾਲ ਦੀ ਪੇਸ਼ਕਾਰੀ ਨੇ ਮਰਦਾਂ ਔਰਤਾਂ ਨਾਲ ਭਰੇ ਹਾਲ 'ਚ ਕਿਊਬਾ ਜਾਣ ਦੀ ਉਤਸੁਕਤਾ ਪੈਦਾ ਕਰ ਦਿੱਤੀ।

ਕਮਲਪ੍ਰੀਤ ਪੰਧੇਰ ਨੇ 7ਵੇਂ ਸਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਬਾਰੇ ਦੱਸਿਆ ਕਿ ਇਸ ਵਾਰੀ 4 ਸਤੰਬਰ ਐਤਵਾਰ ਨੂੰ ਯੂਨੀਵਰਸਿਟੀ ਦੇ ਥੀਏਟਰ ਵਿਚ ਹੋਵੇਗਾ। ਦੋ ਨਾਟਕ, ਬੱਚਿਆਂ ਦੀਆਂ ਦੋ ਕੋਰੀਓਗਰਾਫੀਆਂ ਤੋਂ ਇਲਾਵਾ ਉਸਾਰੂ ਸਾਹਿਤ ਵੀ ਮਿਲੇਗਾ। ਨਾਟਕ 'ਚ ਕੰਮ ਕਰਨ ਅਤੇ ਬੱਚਿਆਂ ਦੀ ਰਜਿਸਟ੍ਰੇਸ਼ਨ ਲਈ ਸੰਪਰਕ ਕੀਤਾ ਜਾ ਸਕਦਾ ਹੈ। ਗੁਰਬਚਨ ਬਰਾੜ ਨੇ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ 23 ਜੁਲਾਈ ਸ਼ਨੀਵਾਰ ਅਤੇ 24 ਜੁਲਾਈ ਐਤਵਾਰ ਨੂੰ ਪੁਸਤਕ ਮੇਲਾ ਲਾਉਣ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੇਰ 10 ਵਜੇ ਤੋਂ ਸ਼ਾਮ 7 ਵਜੇ ਤੱਕ ਕੈਲਗਰੀ ਦੇ ਸਾਹਿਤ ਪ੍ਰੇਮੀ ਹਰ ਕਿਸਮ ਦੀਆਂ ਕਿਤਾਬਾਂ ਵਾਜਬ ਕੀਮਤ 'ਤੇ ਖਰੀਦ ਸਕਣਗੇ। ਇਹ ਭੁੱਲਰ ਪਲਾਜਾ ਲਵਲੀ ਸਵੀਟਸ ਅੱਗੇ ਲੱਗੇਗੀ।

ਅਸਜਦ ਬੁਖਾਰੀ ਜੋ ਪਾਕਿਸਤਾਨੀ-ਕੈਨੇਡੀਅਨ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਹਨ, ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਸਰਹੱਦਾਂ ਦੀਆਂ ਹੱਦਬੰਦੀਆਂ ਤੋੜ ਕੇ ਮਨੁੱਖਤਾਵਾਦੀ ਪਹੁੰਚ ਅਪਣਾਉਂਦੇ ਹੋਏ ਆਪਣੀ ਸਾਂਝ ਪੱਕੀ ਕਰਨੀ ਚਾਹੀਦੀ ਹੈ। ਉਨ੍ਹਾਂ ਕੈਨੇਡੀਅਨ ਕਲਚਰਲ ਮੋਜੇਕ ਫਾਊਂਡੇਸ਼ਨ ਦੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਮਾਸਟਰ ਬਚਿੱਤਰ ਗਿੱਲ, ਜਸਵੰਤ ਸਿੰਘ ਸੇਖੋਂ ਅਤੇ ਹਰਨੇਕ ਬੱਧਨੀ ਵਲੋਂ ਉਸਾਰੂ ਰਚਨਾਵਾਂ ਰਾਹੀਂ ਸਾਂਝ ਪਾਈ ਗਈ। ਵਿੱਤ ਸਕੱਤਰ ਜੀਤਇੰਦਰਪਾਲ ਨੇ ਜੋਤਸ਼ੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਐਸੋਸੀਏਸ਼ਨ ਵਲੋਂ ਇਨ੍ਹਾਂ ਖਿਲਾਫ਼ ਪੁਲਿਸ, ਅਧਿਕਾਰੀਆਂ, ਸਿਆਸੀ ਲੀਡਰਾਂ, ਐਮ. ਐਲ. ਏ. ਅਤੇ ਐਮ. ਪੀਜ਼ ਨੂੰ ਜੋਤਸ਼ੀਆਂ 'ਤੇ ਪਾਬੰਦੀਆਂ ਲਾਉਣ ਲਈ ਮੰਗ ਪੱਤਰ ਦਿੱਤੇ ਜਾਣਗੇ ਜੇ ਫਿਰ ਵੀ ਠੋਸ ਕਾਰਵਾਈ ਨਾ ਹੋਈ ਤਾਂ ਕੋਰਟ ਰਾਹੀਂ ਨੋਟਿਸ ਦਿੱਤੇ ਜਾਣਗੇ। ਸਟੇਜ ਸੰਚਾਲਨਚਲਾ ਰਹੇ ਐਸੋਸੀਏਸ਼ਨ ਦੇ ਸਕੱਤਰ ਮਾਸਟਰ ਭਜਨ ਸਿੰਘ ਨੇ ਹਰ ਸ਼ਨੀਵਾਰ ਜੈਨਸਸ ਸੈਂਟਰ ਵਿਚ ਪੰਜਾਬੀ ਲਿਖਣ, ਪੜ੍ਹਨ ਅਤੇ ਬੋਲਣ ਦੀਆਂ ਫਰੀ ਕਲਾਸਾਂ ਲਾਉਣ ਦੀ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਅਤੇ ਹਾਕਸ ਫੀਲਡ ਵਲੋਂ ਇਹ ਉਪਰਾਲਾ ਕੀਤਾ ਗਿਆ ਹੈ। ਸਾਰੇ ਅਧਿਆਪਕ ਵਲੰਟੀਅਰ ਸੇਵਾਵਾਂ ਦੇ ਰਹੇ ਹਨ। ਅਗਲੀ ਮੀਟਿੰਗ 7 ਅਗਸਤ ਨੂੰ 102, 3208-8 1V5. N5 ਕੋਸੋ ਹਾਲ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਮਾ. ਭਜਨ ਨੂੰ 403-455-4220 ਅਤੇ ਪ੍ਰੋਫੈਸਰ ਗੋਪਾਲ ਕਾਉਂਕੇ ਨੂੰ 403-970-3588 'ਤੇ ਫੋਨ ਕਰੋ।



Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
MLS MULTIPLE LISTING SERVICE
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942



1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com

# ਪਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਦੋ ਰੋਜ਼ਾ ਪੁਸਤਕ ਮੇਲਾ ਕੈਲਗਰੀ ਨਾਰਥ ਈਸਟ ਦੇ ਗਰੀਨ ਪਲਾਜਾ 4818 ਵਿਸਟਵਿੰਡਜ ਡਰਾਈਵ ਲਵਲੀ ਸਵੀਟਸ



ਅੱਜ ਮਿਤੀ 23 ਜੁਲਾਈ 2016 ਨੂੰ ਪਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਦੋ ਰੋਜ਼ਾ ਪੁਸਤਕ ਮੇਲਾ ਕੈਲਗਰੀ ਨਾਰਥ ਈਸਟ ਦੇ ਗਰੀਨ ਪਲਾਜਾ 4818 ਵਿਸਟਵਿੰਡਜ ਡਰਾਈਵ ਲਵਲੀ ਸਵੀਟਸ ਦੇ ਨਾਲ ਸਵੇਰ 10 ਵਜੇ ਤੋਂ ਸ਼ਾਮ 7 ਵਜੇ ਤੱਕ ਸ਼ੁਰੂ ਕੀਤਾ ਗਿਆ। ਪੁਸਤਕ ਮੇਲੇ ਦਾ ਰਸਮੀ ਉਦਘਾਟਨ ਸਿੱਖ ਵਿਰਸਾ ਮੈਗਜ਼ੀਨ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਵੱਲੋਂ ਹੋਰ ਹਸਤੀਆਂ ਦੀ ਹਾਜ਼ਰੀ ਵਿਚ ਕੀਤਾ ਗਿਆ। ਇਸ ਪੁਸਤਕ ਮੇਲੇ ਵਿਚ ਅਗਾਂਹਵਧੂ, ਤਰਕਸ਼ੀਲ, ਲੋਕ-ਪੱਖੀ, ਵਿਗਿਆਨਿਕ ਅਤੇ ਸਾਹਿਤਕ ਕਿਤਾਬਾਂ ਦੀ ਪ੍ਰਦਰਸ਼ਨੀ ਕੀਤੀ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਜਨ...ਰਲ ਸਕੱਤਰ ਮਾਸਟਰ ਭਜਨ ਨੇ ਦੱਸਿਆ ਕਿ ਉਸਾਰੂ ਸਮਾਜ ਸਿਰਜਣ ਦੇ ਉਦੇਸ਼ ਨਾਲੇ ਲਗਾਏ ਗਏ ਇਸ ਪੁਸਤਕ ਮੇਲੇ ਵਿਚੋਂ ਲੋਕ ਵਾਜਬ ਕੀਮਤਾਂ ਤੇ ਉਪਰੋਤਕ ਪੁਸਤਕਾਂ ਦੋਹੇ ਦਿਨ ਖ਼ਰੀਦ ਸਕਦੇ ਹਨ। ਹਰਚਰਨ ਸਿੰਘ ਪਰਹਾਰ ਹੋਰਾਂ ਇਸ ਸਮੇਂ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਜੇਕਰ ਪੰਜਾਬੀ ਹਰ ਮਹੀਨੇ ਪੰਜ ਕੁ ਡਾਲਰ ਦਾ ਬੱਜਟ ਹੀ ਵਧੀਆ ਪੰਜਾਬੀ ਪੁਸਤਕਾਂ, ਸੀਡੀਆਂ ਆਦਿ ਲਈ ਰੱਖਣਾ ਸ਼ੁਰੂ ਕਰ ਦੇਣ ਤਾਂ ਜਿੱਥੇ ਅਸੀਂ ਆਪ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਉਸਾਰੂ, ਗਿਆਨਵਾਨ ਸਮਾਜ ਸਿਰਜਣ ਵਿਚ ਸਹਾਈ ਹੋ ਸਕਦੇ ਹਾਂ ਉੱਥੇ ਹੀ ਪੰਜਾਬੀ ਬੋਲੀ ਦੀ ਸੇਵਾ ਵੀ ਹੈ। ਸਹਾਇਕ ਸੰਪਾਦਕ 'ਸਰੋਕਾਰਾਂ ਦੀ ਆਵਾਜ਼' ਮਾਸਟਰ ਭਜਨ ਦੁਆਰਾ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸ਼ਹੀਦ ਭਗਤ ਸਿੰਘ ਲਾਇਬਰੇਰੀ ਦੇ ਬੈਨਰ ਹੇਠ ਲਗਾਏ ਗਏ ਇਸ ਪੁਸਤਕ ਮੇਲੇ ਬਾਰੇ ਦੱਸਿਆ ਕਿ ਸਮੂਹ ਕੈਲਗਰੀ ਨਿਵਾਸੀ ਪੰਜਾਬੀਆਂ ਨੂੰ ਬੇਨਤੀ ਹੈ ਕਿ ਇੱਕ ਵਾਰ ਇਸ ਸਥਾਨ ਤੇ ਗੇੜਾ ਜਰੂਰ ਮਾਰਨ ਅਤੇ ਮਨਪੰਸਦੀ ਦੀਆਂ ਪੁਸਤਕਾਂ ਵਾਜਬ ਕੀਮਤ ਤੇ ਲੈ ਕੇ ਆਪਣੇ ਗਿਆਨ ਭੰਡਾਰ ਦਾ ਦਾਇਰਾ ਵਿਸ਼ਾਲ ਕਰ ਸਕਦੇ ਹਨ। ਇਸ ਸਮੇਂ ਜੱਗ ਪੰਜਾਬੀ ਟੀ ਵੀ ਅਤੇ ਹੋਰ ਮੀਡੀਆ ਹਸਤੀਆਂ ਨੇ ਰਸਮੀ ਉਦਘਾਟਨ ਦੀ ਕਵੇਰਿਜ ਵੀ ਕੀਤੀ। ਪਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਹੋਰ ਜਾਣਕਰੀ ਲਈ ਮਾਸਟਰ ਭਜਨ ਨਾਲ ਫੋਨ ਨੰਬਰ 403-455-4220 ਤੇ ਸੰਪਰਕ ਕੀਤਾ ਜਾ ਸਕਦਾ ਹੈ।

**- ਬਲਜਿੰਦਰ ਸੰਘਾ**

DPC
Dhillon Professional Corporation
Gurjinder Kaur Dhillon, CGA
Suite #2014851 Westwinds Dr. NE
Calgary, Alberta T3J4L4
www.gdpc.ca
Ph: 403-460-6855
Cell: 403-618-6458
e-mail: gdhillonCGA@gdpc.ca

SHAHEED BHAGAT SINGH LIBRARY
ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਨਾਲ ਸੰਪਰਕ ਕਰ ਸਕਦੇ ਹੋ।
403-455-4220
ਇੱਥੋਂ ਤੁਸੀਂ ਅਗਾਂਹਵਧੂ, ਤਰਕਸ਼ੀਲ, ਲੋਕ-ਪੱਖੀ, ਵਿਗਿਆਨਕ ਤੇ ਸਿਹਤਕ ਕਿਤਾਬਾਂ ਵਾਜਬ ਕੀਮਤਾਂ ਤੇ ਲੈ ਸਕਦੇ ਹੋ। ਕਿਤਾਬਾਂ ਸਾਡੀਆਂ ਹਮੇਸ਼ਾਂ ਸਾਥ ਦੇਣ ਵਾਲੀਆਂ ਮਿੱਤਰ ਹਨ। ਇਨ੍ਹਾਂ ਨੂੰ ਆਪਣੇ ਘਰ ਦਾ ਸ਼ਿੰਗਾਰ ਬਣਾਉ।

FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban Real Estate Services Ltd.
1A-4101 19 ST N.E, CALGARY, AB T2E 6X8
Ph: 403-590-2233 Fax: 403-776-1942

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਨਵਾਂ 'ਕੈਨੇਡਾ ਚਾਇਲਡ ਬੈਨੇਫਿਟ'- ਬੱਚਿਆਂ ਲਈ ਸੰਗਠਿਤ ਭਲਾਈ ਸਕੀਮ



ਡਾ: ਹਰਦੀਪ ਸਿੰਘ, ਮਿਲਟਨ, ਓਂਟਾਰੀਓ

ਸੰਸਾਰ ਦੇ ਬਾਕੀ ਮੁਲਕਾਂ ਲਈ ਬੱਚਿਆਂ ਦੀ ਗਰੀਬੀ ਇੱਕ ਮਸਲਾ ਹੈ ਅਤੇ ਕੈਨੇਡਾ ਵਰਗਾ ਮੁਲਕ ਵੀ ਇਸ ਚਿੰਤਾ ਤੋਂ ਮੁਕਤ ਨਹੀਂ ਹੈ। ਬੱਚਿਆਂ ਦੀ ਗਰੀਬੀ ਦਰ ਦੇ ਮਾਮਲੇ ਵਿੱਚ 34 ਅਮੀਰ ਦੇਸ਼ਾਂ ਨਾਲ ਆਪਸੀ ਮੁਕਾਬਲੇ ਵਿੱਚ ਕੈਨੇਡਾ ਦਾ ਰੈਂਕ 27ਵੇਂ ਨੰਬਰ 'ਤੇ ਹੈ। ਇਸ ਦੇਸ਼ ਦੇ 18% ਬੱਚੇ ਗਰੀਬੀ ਵਿੱਚ ਹਨ ਜਦਕਿ ਇਨ੍ਹਾਂ 34 ਦੇਸ਼ਾਂ ਦੀ ਆਪਸੀ ਔਸਤਨ ਗਰੀਬੀ ਦਰ 14% ਬਣਦੀ ਹੈ। ਕੈਨੇਡਾ ਦੇ ਅੰਕੜੇ ਅਮਰੀਕਾ ਨਾਲੋਂ ਚੰਗੀ ਹਾਲਤ ਦੱਸਦੇ ਹਨ ਕਿਉਂਕਿ ਅਮਰੀਕਾ ਦੀ ਇਹ ਗਰੀਬੀ ਦਰ 27% ਹੈ। ਇਨ੍ਹਾਂ ਵਿੱਚ ਇਜ਼ਰਾਇਲ ਦੇਸ਼ ਦੀ ਹਾਲਤ ਸਭ ਤੋਂ ਮਾੜੀ ਹੈ ਜਿਥੇ ਇਹ ਦਰ 29% ਹੈ। ਸਾਰੇ ਯੋਰਪੀਅਨ ਦੇਸ਼ਾਂ ਦੀ ਇਹ ਔਸਤਨ ਦਰ 10% ਹੈ। ਕੈਨੇਡਾ ਦੀ ਵੱਸੋਂ ਦੇ ਵਿੱਚ ਪਰਵਾਸੀ ਵੱਸੋਂ ਦੇ 5 ਲੱਖ ਸੱਤਰ ਹਜ਼ਾਰ ਪਰਵਾਸੀ ਬੱਚਿਆਂ ਦੀ ਗਰੀਬੀ ਜ਼ਿਆਦਾ ਹੈ ਜਿਥੇ ਇਹ ਦਰ 32% ਹੈ ਜਿਸਦਾ ਮਤਲਬ ਇਨ੍ਹਾਂ ਵਿੱਚ ਇੱਕ ਲੱਕ ਚੁਰਾਸੀ ਹਜ਼ਾਰ ਬੱਚੇ ਗਰੀਬੀ ਵਿੱਚ ਹਨ। ਇਹੀ ਚਿੰਤਾ ਦਾ ਵਿਸ਼ਾ ਹੈ। ਕੈਨੇਡਾ ਵਰਗੇ ਦੇਸ਼ ਦੀ ਇਸ ਸਮੱਸਿਆ ਲਈ ਸੰਨ 1989 ਵਿੱਚ ਕੈਨੇਡਾ ਦੀ ਹਾਊਸ ਆਫ ਕਾਮਨਸ ਵੱਲੋਂ ਵਿਸਥਾਰ ਸਹਿਤ ਵਿਚਾਰ ਚਰਚਾ ਤੋਂ ਬਾਅਦ ਸਰਬਸਮੰਤੀ ਨਾਲ ਪਾਸ ਕੀਤਾ ਗਿਆ ਕਿ ਬੱਚਿਆਂ ਲਈ ਭਲਾਈ ਪ੍ਰੋਗਰਾਮ ਬਣਾਕੇ ਸੰਨ 2000 ਤੱਕ ਬੱਚਿਆਂ ਦੀ ਗਰੀਬੀ ਖਤਮ ਕੀਤੀ ਜਾਵੇਗੀ। ਇਸ ਲਈ ਬੱਚਿਆਂ ਦੀਆਂ ਭਲਾਈ ਸਕੀਮਾਂ ਦੀ ਸ਼ੁਰੂਆਤ ਕੀਤੀ ਗਈ, ਸਾਲਾਂ ਸਾਲ ਗੁਜ਼ਰਦੇ ਗਏ, ਸਰਕਾਰਾਂ ਦੀ ਢਿੱਲ ਮੱਠ ਕਰਕੇ ਇਹ ਸੰਨ 2000 ਦਾ ਟੀਚਾ ਸਿਰੇ ਨ ਚੜ੍ਹ ਸਕਿਆ। ਗਰੀਬੀ ਰੇਖਾਂ ਵਾਲੇ ਬੱਚਿਆਂ ਦੇ ਸੁਧਾਰ ਲਈ ਅਲਗ ਅਲਗ ਨਾਮਾਂ ਹੇਠ 'ਨੈਸ਼ਨਲ ਚਾਇਲਡ ਬੈਨੇਫਿਟ ਸਕੀਮ ਸ਼ੁਰੂ ਕੀਤੀ ਗਈ ਜਿਸ ਵਿੱਚ ਬੱਚਿਆਂ ਦੇ ਪਾਲਣ ਪੋਸ਼ਨ ਲਈ ਸਰਕਾਰ ਵੱਲੋਂ ਹਰ ਮਹੀਨੇ ਮਿੱਥੀ ਰਾਸ਼ੀ ਪਰਿਵਾਰਾਂ ਨੂੰ ਦਿੱਤੀ ਜਾਂਦੀ ਹੈ ।

' ਨੈਸ਼ਨਲ ਚਾਇਲਡ ਬੈਨੇਫਿਟ ਸਕੀਮ' ਫੈਡਰਲ, ਪ੍ਰੋਵਿਨਸ਼ੀਅਲ ਅਤੇ ਟੈਰੀਟੋਰੀਅਲ ਸਰਕਾਰਾਂ ਦੁਆਰਾ ਸਾਂਝੇ ਤੌਰ 'ਤੇ ਚਲਾਈ ਜਾਣ ਵਾਲੀ ਬੱਚਾ ਭਲਾਈ ਸਕੀਮ ਸੰਨ 1998 ਵਿੱਚ ਚਾਲੂ ਕੀਤੀ ਗਈ। ਇਸ ਸਕੀਮ ਦਾ ਮਕਸਦ ਬੱਚਿਆਂ ਦੀ ਗਰੀਬੀ ਨੂੰ ਰੋਕਣਾ ਅਤੇ ਸੁਧਾਰ ਕਰਣਾ, ਘੱਟ ਆਮਦਨ ਬੱਚਿਆਂ ਵਾਲੇ ਕਾਮੇ ਪਰਿਵਾਰਾਂ ਦੀ ਆਮਦਨੀ ਦੀ ਮਦਦ ਕਰਨੀ ਹੈ। ਇਸ ਵਿੱਚ ਬੱਚਿਆਂ ਦੇ ਪਾਲਣ ਪੋਸ਼ਨ ਦੀ ਸਹਇਤਾ ਰਾਸ਼ੀ, ਹਰ ਮਹੀਨੇ ਪਰਿਵਾਰ ਨੂੰ ਦਿੱਤੀ ਜਾਣ ਲੱਗੀ। ਫੈਡਰਲ ਸਰਕਾਰ ਵੱਲੋਂ ਸਮੇਂ-ਸਮੇਂ ਵੱਖ-ਵੱਖ ਪ੍ਰੋਗਰਾਮ ਇਸ ਤਰ੍ਹਾਂ ਸ਼ੁਰੂ ਕੀਤੇ ਗਏ- ਸੰਨ 1918 ਵਿੱਚ 'ਚਾਇਲਡ ਟੈਕਸ ਐਗਜਮਿਪਸ਼ਨ', 1945 ਵਿੱਚ 'ਫੈਮਿਲੀ ਅਲਾਉਂਸ', 1978 ਵਿੱਚ 'ਰੀਫੰਡੇਬਲ ਚਾਇਲਡ ਟੈਕਸ ਬੇਨੀਫੀਟ', 1993 ਵਿੱਚ 'ਚਾਇਲਡ ਬੈਨੇਫਿਟ ਸਕੀਮ', 1998 ਵਿੱਚ 'ਕੈਨੇਡਾ ਚਾਇਲਡ ਬੈਨੇਫਿਟ', 2006 ਵਿੱਚ 'ਯੂਨੀਵਰਸਲਚਾਇਲਡ ਕੇਅਰ ਬੈਨੇਫਿਟ' ਅਤੇ 2007 ਵਿੱਚ 'ਚਾਇਲਡ ਟੈਕਸ ਬੈਨੇਫਿਟ' ਸਕੀਮਾਂ ਸ਼ੁਰੂ ਹੋਈਆ। ਸੰਨ 2016 ਵੀ ਆ ਗਿਆ ਪਰ ਕੋਸ਼ਿਸ਼ ਜਾਰੀ ਅਜੇ ਜਾਰੀ ਹਨ। ਹੁਣ ਭਾਰੀ ਬਹੁਮਤ ਨਾਲ ਸੱਤਾ ਵਿੱਚ ਆਈ 'ਲਿਬਰਲ ਸਰਕਾਰ' ਨੇ ਅੱਧੇ ਮਿਲੀਅਨ ਲੋਕਾਂ ਨੂੰ ਗਰੀਬੀ ਰੇਖਾ ਤੋਂ ਉਪੱਰ ਲਿਆਉਣ ਦਾ ਉਪਰਾਲਾ ਸ਼ੁਰੂ ਕੀਤਾ ਹੈ।





ਬੱਚਿਆਂ ਦੀਆਂ ਬਲਾਈ ਸਕੀਮਾਂ ਨੂੰ ਹੋਰ ਮਜ਼ਬੂਤ ਅਤੇ ਪ੍ਰਭਾਵਸ਼ਾਲੀ ਬਣਾਉਣ ਦੇ ਮਕਸਦ ਨਾਲ ਅਲੱਗ-ਅਲੱਗ ਨਾਮਾਂ ਵਾਲੀਆ ਬੱਚਿਆਂ ਦੀਆਂ ਭਲਾਈ ਸਕੀਮਾਂ ਦੀ ਦਿੱਤੀ ਜਾਣ ਵਾਲੀ ਰਾਸ਼ੀ ਵਧਾ ਦਿੱਤੀ ਗਈ ਹੈ ।ਪਹਿਲਾਂ ਚਲ ਰਹੇ 'ਯੂਨੀਵਰਸਲ ਚਾਇਲਡ ਕੇਅਰ ਬੈਨੇਫਿਟ' ਸਕੀਮ', ਚਾਇਲਡ ਕੇਅਰ ਟੈਕਸ ਬੈਨੇਫਿਟ' ਸਕੀਮ ਅਤੇ ਨੈਸ਼ਨਲ ਚਾਇਲਡ ਬੈਨੇਫਿਟ' ਸਪਲੀਮੈਂਟ ਸਕੀਮਾਂ ਨੂੰ ਨਵੇਂ 'ਕੈਨੇਡਾ ਚਾਇਲਡ ਬੈਨੇਫਿਟ' ਸਕੀਮ ਵਿੱਚ ਇਕੱਠਾ ਕਰਕੇ ਕੈਨੇਡਾ ਚਾਇਲਡ ਬੈਨੇਫਿਟ' ਸਕੀਮ ਬਣਾਈ ਗਈ ਹੈ। ਇਸ ਨਵੇਂ ਮਜ਼ਬੂਤ ਪ੍ਰੋਗਰਾਮ ਨਾਲ ਘੱਟ ਅਤੇ ਮੱਧ ਆਮਦਨ ਵਾਲੇ ਲੋੜਵੰਦ ਪਰਿਵਾਰਾਂ ਨੂੰ ਜ਼ਿਆਦਾ ਮਦਦ ਮਿਲ ਸਕੇਗੀ। ਇਸ ਵਧੀ ਸਹਾਇਤਾ ਵਾਲੀ ਨਵੀਂ ਸਕੀਮ ਤਹਿਤ 20 ਜੁਲਾਈ 2016 ਤੋਂ ਸਹਾਇਤਾ ਰਾਸ਼ੀ ਮਿਲਣੀ ਸ਼ੁਰੂ ਹੋ ਗਈ ਹੈ। ਇਸ ਨਵੇਂ 'ਕੈਨੇਡਾ ਚਾਇਲਡ ਬੈਨੇਫਿਟ' ਸਕੀਮ ਨਾਲ 30,000 ਡਾਲਰ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਨੂੰ ਇਸ ਤਰ੍ਹਾਂ ਰਾਸ਼ੀ ਦੇਣ ਦਾ ਪ੍ਰਬੰਧ ਕੀਤਾ ਗਿਆ ਹੈ ਕਿ 6 ਸਾਲ ਤੋਂ ਘੱਟ ਉਮਰ ਵਾਲੇ ਬੱਚੇ ਲਈ 6400 ਡਾਲਰ ਸਲਾਨਾ, 6 ਤੋਂ 17 ਸਾਲ ਉਮਰ ਦੇ ਬੱਚੇ ਲਈ 5400 ਡਾਲਰ ਸਲਾਨਾ ਅਤੇ ਅੰਗਹੀਣ ਬੱਚਿਆਂ ਲਈ ਇਸ ਤੋਂ ਇਲਾਵਾ ਵਾਧੂ 2730 ਡਾਲਰ ਸਲਾਨਾ ਦਿੱਤੇ ਜਾਣਗੇ। ਇਹ ਰਾਸ਼ੀ ਨੂੰ ਬੱਚੇ ਨੂੰ ਸੰਭਾਲਣ ਦੀ ਜ਼ੁੰਮੇਵਾਰੀ ਲੈਣ ਵਾਲੇ ਪਰਿਵਾਰਕ ਮੈਂਬਰ ਨੂੰ ਚੈਕ ਰਾਹੀਂ ਜਾਂ ਸਿੱਧੇ ਬੈਂਕ ਖਾਤੇ ਰਾਹੀਂ ਦਿੱਤੀ ਜਾਵੇਗੀ। ਫੈਡਰਲ ਸਰਕਾਰ ਦੀ ਇਹ ਸਕੀਮ 2016 ਇੱਕ ਜੁਲਾਈ ਤੋਂ ਸ਼ੁਰੂ ਹੈ ਅਤੇ ਇਹ ਬੜੋਤਰੀ ਪਿਛਲੇ ਸਮੇਂ ਤੋਂ ਲਾਗੂ ਨਹੀਂ ਹੋਵੇਗੀ। ਇਸ ਨਵੀਂ ਸਕੀਮ ਦਾ ਪੁਰਾਣੀਆਂ ਨਾਲੋਂ ਖਾਸ ਵਖਰੇਵਾਂ ਇਹ ਵੀ ਹੈ ਕਿ ਹੁਣ ਸਹਾਇਤਾ ਰਾਸ਼ੀ ਉਪਰ ਆਮਦਨ ਟੈਕਸ ਨਹੀਂ ਦੇਣਾ ਪਵੇਗਾ। ਇਸ ਦੇ ਨਾਲ ਹੀ 'ਗਰਾਂਟਡ ਇਨਕਮ ਸਪਲੀਮੈਂਟ' ਟਾਪ-ਅਪ ਸਕੀਮ ਤਹਿਤ ਸੀਨੀਅਰ ਬਜ਼ੁਰਗਾਂ ਨੂੰ ਵੀ ਸਹਾਇਤਾ ਰਾਸ਼ੀ 947 ਡਾਲਰ ਸਲਾਨਾ ਹੋਰ ਵਧਾਕੇ ਮਿਲ ਰਹੀ ਹੈ। ਐਲਬਰਟਾ ਪਰੋਵਿੰਸ ਲਈ ਵੀ ਵੱਖਰਾ ਨਵਾਂ ਪੌਗਰਾਮ 'ਐਲਬਰਟਾ ਚਾਇਲਡ ਬੈਨੇਫਿਟ' ਸਕੀਮ ਤਹਿਤ ਸ਼ੁਰੂ ਕੀਤਾ ਗਿਆ ਹੈ ਜਿਸ ਨਾਲ ਹਰੇਕ ਬੱਚੇ ਨੂੰ ਹਰ ਸਾਲ 1100 ਡਾਲਰ ਮਿਲ ਰਿਹਾ ਹੈ। 2016 ਸਾਲ ਵਿੱਚ ਸ਼ੁਰੂ ਕੀਤੇ ਜਾ ਰਹੀਆਂ ਬੱਚਾ ਭਲਾਈ ਸਕੀਮਾਂ ਦੇ ਉਪਰਾਲੇ ਨਾਲ ਗਰੀਬੀ ਦਰ ਉਪਰ ਪੈਣ ਵਾਲੇ ਪ੍ਰਭਾਵ 2017 ਸਾਲ ਦੇ ਅੰਤ ਦੇ ਅੰਕੜਿਆਂ ਵਿੱਚ ਦੇਖਣ ਨੂੰ ਮਿਲ ਸਕਣਗੇ। 'ਕੈਨੇਡੀਅਨ ਸੈਂਟਰ ਆਫ ਪੋਲੀਸੀ ਅਲਟਰਨੇਟਿਵ' ਨਾਮ ਦੀ ਸੰਸਥਾਂ ਨੇ ਦਾਅਵਾ ਕੀਤਾ ਹੈ ਕਿ ਲਿਬਰਲ ਸਰਕਾਰ ਦੀਆਂ ਇਹ ਭਲਾਈ ਸਕੀਮਾਂ ਉਨਾਂ ਦੀ ਸੰਸਥਾ ਦੁਆਰਾ ਸੁਝਾਈ ਗਈ ਮੰਗ ਅਨੁਸਾਰੀ ਹਨ। ਉਨ੍ਹਾਂ ਨੇ ਅੰਦਾਜ਼ੇ ਮੁਤਾਬਿਕ ਇਨ੍ਹਾਂ ਸਕੀਮਾਂ ਨਾਲ ਗਰੀਬ ਪਰਿਵਾਰਾਂ ਨੂੰ ਲਾਭ ਲਈ ਪ੍ਰਵਾਭਸ਼ਾਲੀ ਗਿਣਤੀ ਤੇ ਫਰਕ ਪਵੇਗਾ। ਨਵੀਂ 'ਕੈਨੇਡਾ ਚਾਇਲਡ ਬੈਨੇਫਿਟ' ਸਕੀਮ ਨਾਲ ਤਿੰਨ ਲੱਖ ਸਤਾਨਵੇਂ ਹਜ਼ਾਰ ਕੈਨੇਡੀਅਨ ਲੋਕਾਂ ਦੀ ਗਰੀਬੀ ਘਟੇਗੀ ਜਿਸ ਵਿੱਚ ਅੱਧ ਦੇ ਕਰੀਬ ਬੱਚੇ ਅਤੇ ਅੱਧੇ ਕੰਮ-ਕਾਜੀ ਬਾਲਗ ਹਨ, ਉਗਰਾਂਟਡ ਇਨਕਮ ਸਪਲੀਮੈਂਟ ਟਾਪ-ਅਪ ਸਕੀਮ ਤਹਿਤ ਸੈਂਤੀ ਹਜ਼ਾਰ, ਨਵੀਂ 'ਐਲਬਰਟਾ ਚਾਇਲਡ ਬੈਨੇਫਿਟ' ਸਕਮਿ ਨਾਲ ਉਨ੍ਹੀ ਹਜ਼ਾਰ ਅਤੇ ਓਪਰੋਕਤ ਸਾਰੀਆਂ ਸਕੀਮਾਂ ਨਾਲ ਕੁੱਲ ਚਾਰ ਲੱਖ ਤਰਵੰਜਾ ਪਰਿਵਾਰਾਂ ਦੀ ਗਰੀਬੀ ਨਿਵਾਰਣ ਹੋ ਸਕੇਗੀ। ਗਰੀਬੀ ਰੇਖਾ ਤੋਂ ਨੀਚੇ ਵਾਲੇ ਕੁੱਲ ਵਿੱਚੋਂ 22% ਬੱਚਿਆਂ ਦੀ ਗਰੀਬੀ ਨਿਵਾਰਣ ਦਾ ਅੰਦਾਜ਼ਾ ਹੈ। ਵਰਨਣਯੋਗ ਹੈ ਕਿ ਲਾਭ ਪਾਤਰੀ ਬੱਚੇ ਦੇ ਸਾਰੇ ਪਰਿਵਾਰ ਦਾ ਜੀਵਨ ਪੱਧਰ ਵਿੱਚ ਸੁਧਾਰ ਆਵੇਗਾ। ਇਸ ਦਾ ਮਤਲਬ ਇਸ ਜੁਲਾਈ ਤੋਂ ਬਾਅਦ ਘੱਟ ਆਮਦਨ ਵਾਲੇ ਹਰ 10 ਆਦਮੀ ਵਿੱਚੋਂ ਇੱਕ ਨੂੰ ਇਸ ਲਾਭ ਨਾਲ ਗਰੀਬੀ ਤੋਂ ਰਾਹਤ ਮਿਲੇਗੀ। ਇਸ ਇੱਕਲੀ ਸਹਾਇਤਾ ਰਾਸ਼ੀ ਨਾਲ ਹੀ ਇਹ ਪ੍ਰਭਾਵ ਨਹੀਂ ਪੈਣਾ ਸਗੋਂ ਲਿਬਰਲ ਸਰਕਾਰ ਦੇ ਨਵੇਂ ਰੋਜ਼ਗਾਰ ਪੈਦਾ ਕਰਨ ਅਤੇ ਮਜ਼ਬੂਤ ਪਬਲਿਕ ਸਰਵਿਸ ਦੇ ਵਾਅਦੇ ਪੂਰੇ ਕਰਨ ਨਾਲ ਹੀ ਇਹ ਸੰਭਵ ਹੈ। ਇਹ ਨਵਾਂ ਕਦਮ ਸੰਨ 1989 ਵਿੱਚ ਕੈਨੇਡਾ ਦੀ ਹਾਊਸ ਆਫ ਕਾਮਨਸ ਦੇ ਗਰੀਬੀ ਨਿਵਾਰਣ ਪ੍ਰੋਗਰਾਮ ਨੂੰ 2000 ਦੀ ਬਜਾਏ 2016 ਤੋਂ ਆਉਣ ਵਾਲੇ ਸਾਲਾਂ ਲਈ ਗਰੀਬੀ ਮਿਟਾਉਣ ਵੱਲ ਕਦਮ ਹੈ। ਭਵਿੱਖ ਲਈ ਵੀ ਲੋਕਾਂ ਨੂੰ ਹੋਰ ਝਾਕ ਹੈ ਕਿ ਇਹ ਨਵੀਂ ਲਿਬਰਲ ਸਰਕਾਰ ਬਾਕੀ ਰਹਿੰਦੇ ਚੋਣ ਵਾਅਦੇ ਕਦੋਂ ਪੂਰੇ ਕਰਦੀ ਹੈ।




"ਜੇਕਰ ਘਰ ਵੇਚਣਾ ਹੈ ਜਾਂ ਨਵੇਂ ਘਰ ਦੀ ਕਰ ਰਹੇ ਹੋ ਭਾਲ
ਤਾਂ ਭਰੋਸੇਯੋਗ ਸੇਵਾਵਾਂ ਲਈ ਬਲਜਿੰਦਰ ਸੰਘਾ ਨੂੰ ਕਰੋ ਕਾਲ"

urban Real Estate Services Ltd.
BALJINDER SANGHA (B.Com)
MLS Real Estate Associate



Cell :403-680-3212 Fax :587-472-7530
"All our buyers Get 2 year Purchase Guarantee"
"Buy or Sell Home with 1 year Home Warranty"
(call for more detail)
Urban Real Estate Services Ltd.
Email : baljindersangha@urban-realty.ca www.urban-realty.ca
Call for all your house BUYING and SELLING needs
Office : 4101-19 St NE, Calgary,T2E6X8, AB,Canada,



Century 21 Green Realty Inc. Brokerage
Each Office Independently Owner and Operated
Sohan Mann
Sales Representative




Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!
www.SohanMann.com


## ਛਪ ਕੇ ਆ ਰਹੀ ਕਿਤਾਬ

'ਸਰੋਕਾਰਾਂ ਦੀ ਆਵਾਜ਼' ਵਲੋਂ ਜਲਦੀ ਹੀ ਪਾਠਕਾਂ ਦੀ ਸੱਥ ਵਿਚ ਇਕ ਪ੍ਰਸਿੱਧ ਪੁਸਤਕ ਜੋ ਕਿ ਕੈਨੇਡੀਅਨ ਲੇਖਕ Hugh J.M. Johnston ਵਲੋਂ ਅੰਗਰੇਜ਼ੀ ਵਿਚ The Voyage of The Kamagata Maru ਦੀ ਇਤਿਹਾਸਕ ਯਾਤਰਾ ਜਿਸ ਦਾ ਪੰਜਾਬੀ ਰੂਪ ਪ੍ਰਕਾਸ਼ਤ ਕੀਤੀ ਜਾ ਰਹੀ ਹੈ, ਸੋ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕਿਤਾਬ ਦੁਆਰਾ ਕਾਮਾਗਾਟਾ ਦੇ ਦੁਖਾਂਤ ਦੀ ਅਸਲੀਅਤ ਨੂੰ ਵੱਧ ਤੋਂ ਵੱਧ ਪੰਜਾਬੀ ਪਾਠਕਾਂ ਤੱਕ ਪਹੁੰਚਣ ਲਈ ਆਰਥਿਕ ਮਦਦ ਲਈ ਅੱਗੇ ਆਓ ਤਾਂ ਕਿ ਵੱਧ ਗਿਣਤੀ ਵਿਚ ਪ੍ਰਕਾਸ਼ਤ ਕੀਤੀ ਜਾ ਸਕੇ।

ਹਰਬੰਸ ਸਿੰਘ 416-817-7142
ਦਵਿੰਦਰ ਤੂਰ 416-902-9372




ਕਾਮਾਗਾਟਾ ਮਾਰੂ ਦੀ ਇਤਿਹਾਸਕ ਯਾਤਰਾ ਪੁਸਤਕ ਦੀ ਪ੍ਰਕਾਸ਼ਨਾ ਵਾਸਤੇ ਜਿਨ੍ਹਾਂ ਆਰਥਿਕ ਮਦਦ ਕੀਤੀ ਉਨ੍ਹਾਂ ਦਾ 'ਸਰੋਕਾਰਾਂ ਦੀ ਆਵਾਜ਼' ਅਦਾਰੇ ਵਲੋਂ ਦਿਲੋਂ ਧੰਨਵਾਦੀ ਹੈ : ਸੰਪਾਦਕ

1. ਬਲਦੇਵ ਸਿੰਘ ਰਹਿਪਾ : 50 ਡਾਲਰ
2. ਕਾਮਰੇਡ ਸੁਖਦੇਵ ਸਿੰਘ ਧੂੜਕੋਟ : 100 ਡਾਲਰ
3. ਬਲਦੇਵ ਸਿੰਘ ਔਲਖ ਬਰੈਂਪਟਨ (ਕੈਨੇਡਾ ) : 200 ਡਾਲਰ

ਪਾਵੇਲ ਕੁੱਸਾ

## ਸੰਗਰਾਮੀ ਇਤਿਹਾਸ ਦੇ ਪੰਨਿਆਂ ’ਤੇ ਸਦਾ ਚਮਕੇਗਾ

# ਸ਼ਹੀਦ ਪ੍ਰਿਥੀਪਾਲ ਰੰਧਾਵਾ

70 ਵਿਆਂ ਦਾ ਦਹਾਕਾ ਪੰਜਾਬ ਦੀ ਇਨਕਲਾਬੀ ਨੌਜਵਾਨ ਵਿਦਿਆਰਥੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਦਾ ਸਮਾਂ ਹੈ ਜਦੋਂ ਪੰਜਾਬ ਦੀ ਜਵਾਨੀ ਨੇ ਲੋਕਾਂ ਨੂੰ ਹੱਕਾਂ ਲਈ ਜੂਝਣ ਦਾ ਰਾਹ ਵਿਖਾਇਆ ਤੇ ਸ਼ਾਨਦਾਰ ਇਨਕਲਾਬੀ ਭੂਮਿਕਾ ਅਦਾ ਕੀਤੀ। ਪ੍ਰਿਥੀਪਾਲ ਰੰਧਾਵਾ ਇਸ ਲਹਿਰ ਦਾ ਅਜਿਹਾ ਨਾਇਕ ਸੀ ਜੀਹਦੀ ਅਗਵਾਈ ਵਿੱਚ ਪੰਜਾਬ ਦੇ ਨੌਜਵਾਨਾਂ ਤੇ ਵਿਦਿਆਰਥੀਆਂ ਨੇ ਸ਼ਾਨਦਾਰ ਸੰਗਰਾਮੀ ਰਵਾਇਤਾਂ ਸਿਰਜੀਆਂ ਜਿਹੜੀਆਂ ਅੱਜ ਵੀ ਸਾਡਾ ਰਾਹ ਰੁਸ਼ਨਾਉਦੀਆਂ ਹਨ। ਭਾਵੇਂ 18 ਜੁਲਾਈ 1979 ਨੂੰ ਅਕਾਲੀ ਸਰਕਾਰ ਦੇ ਗੁੰਡਿਆਂ ਨੇ ਪ੍ਰਿਥੀ ਨੂੰ ਜਿਸਮਾਨੀ ਤੌਰ ’ਤੇ ਸਾਡੇ ਕੋਲੋਂ ਖੋਹ ਲਿਆ ਪਰ ਉਹਦੀ ਜੀਵਨ ਘਾਲਣਾ ਤੇ ਸ਼ਹਾਦਤ ਸਾਡੇ ਲਈ ਪ੍ਰੇਰਨਾ ਦਾ ਅਮੁੱਕ ਸੋਮਾ ਹੈ।

ਪਿਰਥੀ ਦਾ ਜੀਵਨ ਤੇ ਪੀ.ਐਸ.ਯੂ. ਦਾ ਸਫ਼ਰ ਇਕ ਦੂਜੇ ਨਾਲ ਏਨੀ ਗਹਿਰੀ ਤਰਾਂ ਜੁੜਿਆ ਹੈ ਕਿ ਵੱਖ-2 ਕਰਕੇ ਨਹੀਂ ਦੇਖਿਆ ਜਾ ਸਕਦਾ। 5 ਮਾਰਚ, 1952 ਨੂੰ ਜਨਮਿਆ ਪ੍ਰਿਥੀ ਜਦੋਂ ਟਾਂਡੇ ਕਾਲਜ ਤੋਂ ਪਰੀ-ਮੈਡੀਕਲ ਕਰਕੇ ਪੀ.ਏ.ਯੂ. ਲੁਧਿਆਣੇ ਦਾਖਲ ਹੋਇਆ ਤਾਂ ਉਦੋਂ ਤੋਂ ਹੀ ਉਹਨੇ ਸਮਾਜ ਵਿੱਚ ਫੈਲੇ ਲੁੱਟ, ਜਬਰ, ਅਨਿਆਂ ਤੇ ਵਿਤਕਰਿਆਂ ਨੂੰ ਨੀਝ ਨਾਲ ਘੋਖਣਾ ਸ਼ੁਰੂ ਕਰ ਦਿੱਤਾ। ਉਹਨੇ ਬਾਕੀ ਦੀ ਜ਼ਿੰਦਗੀ ਨੌਜਵਾਨਾਂ, ਵਿਦਿਆਰਥੀਆਂ ਤੇ ਹੋਰਨਾਂ ਮਿਹਤਨਕਸ਼ ਤਬਕਿਆਂ ਦਾ ਰਾਹ ਰੁਸ਼ਨਾਉਣ ਦੇ ਲੇਖੇ ਲਾਈ ਅਤੇ ਅੰਤ ਆਪਣੇ ਲਹੂ ਦਾ ਆਖਰੀ ਕਤਰਾ ਵੀ ਲੋਕ ਹੱਕਾਂ ਦੀ ਲਹਿਰ ਦੇ ਬੂਟੇ ਨੂੰ ਸਿੰਜਣ ਲਈ ਵਹਾ ਦਿੱਤਾ।

ਪਿਰਥੀ ਤੇ ਸਾਥੀਆਂ ਨੇ 70-71 ਦੇ ਅਜਿਹੇ ਔਖੇ ਵੇਲ਼ਿਆਂ ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਝੰਡੇ ਹੇਠ ਵਿਦਿਆਰਥੀਆਂ ਨੂੰ ਜਥੇਬੰਦ ਕਰਨ ਦਾ ਬੀੜਾ ਚੁੱਕਿਆ ਜਦੋਂ ਪੰਜਾਬ ਵਿੱਚ ਨੌਜਵਾਨਾਂ ਨੂੰ ਹੱਕ ਸੱਚ ਦੀ ਗੱਲ ਕਰਨ ਬਦਲੇ ਵੱਡੀ ਕੀਮਤ ਤਾਰਨੀ ਪੈਂਦੀ ਸੀ। ਪੰਜਾਬ ਵਿੱਚ ਇਨਕਲਾਬੀ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਜਾ ਰਹੇ ਸਨ। ਕਾਲਜਾਂ-ਯੂਨੀਵਰਸਿਟੀਆਂ ਦੇ ਧੱਕੜ ਅਧਿਕਾਰੀ ਚੰਮ ਦੀਆਂ ਚਲਾਉਂਦੇ ਸਨ, ਵਿਦਿਅਕ ਸੰਸਥਾਵਾਂ ਧੱਕੜ ਪੁਲਸ ਅਫ਼ਸਰਾਂ ਲਈ ਜਬਰ ਦੇ ਅਖਾੜੇ ਬਣੀਆਂ ਹੋਈਆਂ ਸਨ। ਪਹਿਲੇ ਸਾਲਾਂ ਵਿੱਚ ਬਣੀ ਪੀ.ਐਸ.ਯੂ. ਇਨਕਲਾਬੀਆਂ ਅੰਦਰ ਉੱਠੇ ਗਲਤ ਰੁਝਾਨ ਦੀ ਭੇਂਟ ਚੜ ਕੇ ਖਿੰਡ ਪੁੰਡ ਗਈ ਸੀ। ਅਜਿਹੇ ਵੇਲ਼ਿਆਂ ਵਿੱਚ ਪਿਰਥੀ ਤੇ ਸਾਥੀਆਂ ਨੇ ਆਪਣੀਆਂ ਜ਼ਿੰਦਗੀਆਂ ਦੀ ਪ੍ਰਵਾਹ ਨਾ ਕਰਦਿਆਂ ਪੀ.ਐਸ.ਯੂ. ਦਾ ਬੂਟਾ ਲਾਇਆ। ਪੀ. ਐਸ. ਯੂ. ਨੇ ਅਜੇ ਮੁੱਢਲੇ ਕਦਮ ਹੀ ਪੁੱਟੇ ਸਨ ਕਿ ਮੋਗੇ ਵਿੱਚ ਰੀਗਲ ਸਿਨੇਮੇ ਦੇ ਮਾਲਕਾਂ ਦੀ ਗੁੰਡਾਗਰਦੀ ਖਿਲਾਫ਼ ਮੁਜ਼ਾਹਰਾ ਕਰ ਰਹੇ ਵਿਦਿਆਰਥੀਆਂ ’ਤੇ ਪੁਲਿਸ ਨੇ ਗੋਲੀ ਚਲਾ ਦਿੱਤੀ। ਦੋ ਵਿਦਿਆਰਥੀ ਹਰਜੀਤ ਤੇ ਸਵਰਨ ਤੇ ਹੋਰ ਲੋਕ ਸ਼ਹੀਦ ਕਰ ਦਿੱਤੇ। ਹਕੂਮਤ ਦੇ ਇਸ ਜਬਰ ਖਿਲਾਫ਼ ਵਿਦਿਆਰਥੀ ਰੋਹ ਦੀ ਕਾਂਗ ਉੱਠ ਖੜੀ ਹੋਈ। ਪੰਜਾਬ ਵਿੱਚ ਵਿਦਿਆਰਥੀਆਂ ਦਾ ਗੁੱਸਾ ਫੁੱਟ ਪਿਆ ਤੇ ਮੋਗਾ ਸੰਗਰਾਮ ਛਿੜ ਪਿਆ। ਹਾਕਮਾਂ ਦੀਆਂ ਸਭਨਾਂ ਚਾਲਾਂ ਨੂੰ ਫੇਲ ਕਰਦਿਆਂ ਪਿਰਥੀ ਦੀ ਅਗਵਾਈ ਵਿੱਚ ਵਿਦਿਆਰਥੀਆਂ ਨੇ ਅਜਿਹਾ ਦਲੇਰਾਨਾ ਸੰਗਰਾਮ ਲੜਿਆ ਜੀਹਨੇ ਪੰਜਾਬ ਦੀ ਜਨਤਕ ਇਨਕਲਾਬੀ ਲਹਿਰ ਨੂੰ ਨਵਾਂ ਮੁਹਾਂਦਰਾ ਦਿੱਤਾ। ਪੁਲਸ ਜਬਰ ਮੂਹਰੇ ਬੇਵੱਸ ਹੋਈ ਜਵਾਨੀ ਨੂੰ ਪਿਰਥੀ ਨੇ ਸਹੀ ਸੇਧ ਦਿੱਤੀ। ਮੋਗੇ ਦੇ ਇਸ ਲੰਬੇ ਖਾੜਕੂ ਘੋਲ ਨੇ ਇਨਕਲਾਬੀ ਨੌਜਵਾਨਾਂ ਦੇ ਕਤਲ ਵਰਗੇ ਅਨਰਥ ਕਰਨ ਤੋਂ ਹਾਕਮਾਂ ਦੇ ਮਨਾਂ ਵਿੱਚ ਤਹਿਕਾ ਬਿਠਾ ਦਿੱਤਾ ਅਤੇ ਪੰਜਾਬ ਦੇ ਲੋਕਾਂ ਸਾਹਮਣੇ ਹੱਕਾਂ ਲਈ ਜਥੇਬੰਦ ਹੋ ਕੇ ਲੰਮੇ ਖਾੜਕੂ ਸੰਘਰਸ਼ਾਂ ਦੇ ਰਾਹ ਪੈਣ ਦੀ ਮਿਸਾਲ ਪੈਦਾ ਕੀਤੀ। ਇਸਤੋਂ ਬਾਅਦ ਪਿਰਥੀ ਦੀ ਅਗਵਾਈ ਵਿੱਚ ਪੀ. ਐਸ. ਯੂ. ਨੇ ਵਿਦਿਆਰਥੀ ਮੰਗਾਂ ਜਿਵੇਂ ਬੱਸ ਪਾਸ ਸਹੂਲਤ ਹਾਸਲ ਕਰਨ, ਵਧਦੀਆਂ ਫੀਸਾਂ ਦਾ ਵਿਰੋਧ ਕਰਨ, ਸਸਤੀਆਂ ਮੈੱਸਾਂ-ਕੰਟੀਨਾਂ ਤੇ ਹੋਸਟਲਾਂ ਦੇ ਇੰਤਜ਼ਾਮ ਕਰਵਾਉਣ, ਸਸਤੀਆਂ ਕਿਤਾਬਾਂ ਕਾਪੀਆਂ ਹਾਸਲ ਕਰਨ, ਵਿਦਿਅਕ ਸੰਸਥਾਵਾਂ ਵਿੱਚ ਜਮਹੂਰੀ ਮਾਹੌਲ ਸਿਰਜਣ ਤੇ ਹੋਰਨਾਂ ਮਸਲਿਆਂ ਤੇ ਅਨੇਕਾਂ ਹੀ ਪੰਜਾਬ ਪੱਧਰੇ ਤੇ ਸਥਾਨਕ ਪੱਧਰੇ ਸੰਘਰਸ਼ ਲੜੇ ਅਤੇ ਜਿੱਤਾਂ ਜਿੱਤੀਆਂ।

ਪ੍ਰਿਥੀਪਾਲ ਰੰਧਾਵਾ ਸਾਧਾਰਨ ਵਿਦਿਆਰਥੀ ਆਗੂ ਨਹੀਂ ਸੀ ਸਗੋਂ ਜੁਝਾਰੂ ਇਨਕਲਾਬੀ ਲੋਕ ਆਗੂ ਸੀ ਜੀਹਦੀ ਅਗਵਾਈ ਵਿੱਚ ਵਿਦਿਆਰਥੀ ਸਿਰਫ਼ ਆਪਣੇ ਤਬਕੇ ਦੇ ਮਸਲਿਆਂ ਤੱਕ ਹੀ ਸੀਮਤ ਨਾ ਰਹੇ ਸਗੋਂ ਆਪਣੇ ਇਨਕਲਾਬੀ ਸਮਾਜਿਕ ਰੋਲ ਦੀ ਪਹਿਚਾਣ ਕਰਦਿਆਂ ਸਮਾਜ ਦੇ ਹੋਰਨਾਂ ਮਿਹਤਨਕਸ਼ ਤਬਕਿਆਂ ਲਈ ਜੂਝਣ ਦੀ ਪ੍ਰੇਰਨਾ ਵੀ ਬਣੇ। ਸਮਾਜ ਵਿੱਚ ਲੋਕਾਂ ’ਤੇ ਅਸਰ ਪਾਉਣ ਵਾਲੇ ਵੱਡੇ ਮਸਲਿਆਂ ਤੇ ਖਾਸ ਕਰ ਜਦੋਂ ਲੋਕਾਂ ਨੂੰ ਭੁਚਲਾਉਣ ਲਈ ਲੋਕ ਦੋਖੀ ਤਾਕਤਾਂ ਆਪਣਾ ਤਾਣ ਲਗਾਉਂਦੀਆਂ ਰਹੀਆਂ ਤਾਂ ਪੰਜਾਬ ਦੇ ਨੌਜਵਾਨ ਵਿਦਿਆਰਥੀਆਂ ਨੇ ਪਿਰਥੀ ਦੀ ਅਗਵਾਈ ਵਿੱਚ ਕਿਰਤੀ ਲੋਕਾਂ ਦਾ ਮਾਰਗ ਰੌਸ਼ਨ ਕੀਤਾ। 1974 ਵਿੱਚ ਮੁਲਕ ਦੀ ਜਨਤਾ ਵਿੱਚ ਇੰਦਰਾ ਗਾਂਧੀ ਹਕੂਮਤ ਖਿਲਾਫ਼ ਉੱਠੀ ਬੇਚੈਨੀ ਨੂੰ ਹਾਕਮ ਜਮਾਤਾਂ ਦੇ ਹੀ ਦੂਸਰੇ ਹਿੱਸੇ ਵਰਤਣ ਲਈ ਤੁਰੇ। ਜੈ ਪ੍ਰਕਾਸ਼ ਨਰਾਇਣ ਦੀ ਅਗਵਾਈ ਵਿੱਚ ਜੁੜੇ ਮੌਕਾਪ੍ਰਸਤ ਟੋਲੇ ਨੇ ਲੋਕਾਂ ਦੇ ਸਾਹਮਣੇ ਫ਼ਰੇਬੀ ਨਾਹਰੇ ਪੇਸ਼ ਕੀਤੇ ਅਤੇ ਲੋਕਾਂ ਦੀ ਲਹਿਰ ਨੂੰ ਪਟੜੀ ਤੋਂ ਲਾਹ ਕੇ ਆਪਣੀਆਂ ਵੋਟ ਗਿਣਤੀਆਂ ਵਾਸਤੇ ਵਰਤਣ ਦੇ ਯਤਨ ਕੀਤੇ। ਭ੍ਰਿਸ਼ਟਾਚਾਰ, ਮਹਿੰਗਾਈ, ਗਰੀਬੀ ਹਟਾਉ ਦੇ ਅਮੂਰਤ ਤੇ ਬੇ-ਨਕਸ਼ ਨਾਅਰੇ ਦਿੱਤੇ ਗਏ। ਅਜਿਹੇ ਸਮੇਂ ਪੰਜਾਬ ਦੇ ਵਿਦਿਆਰਥੀਆਂ ਨੇ ਪ੍ਰਿਥੀ ਦੀ ਅਗਵਾਈ ਵਿੱਚ ਮਿਹਨਤਕਸ਼ ਲੋਕਾਂ ਨੂੰ ਸਹੀ ਸੇਧ ਦਿੱਤੀ। ਪੀ.ਐਸ.ਯੂ. ਨੇ ਮੋਗੇ ਵਿੱਚ ਨੌਜਵਾਨ ਭਾਰਤ ਸਭਾ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਦੇ ਸਹਿਯੋਗ ਨਾਲ ‘ਸੰਗਰਾਮ ਰੈਲੀ’ ਜਥੇਬੰਦ ਕਰਕੇ ਮੌਕਾਪ੍ਰਸਤ ਟੋਲੇ ਦਾ



ਕਿਰਦਾਰ ਨੰਗਾ ਕੀਤਾ ਅਤੇ ‘ਸੰਕਟ ਮੂੰਹ ਆਈ ਕੌਮ ਲਈ ਕਲਿਆਣ ਦਾ ਮਾਰਗ’ ਪੇਸ਼ ਕੀਤਾ।

26 ਜੂਨ 1975 ਵਿੱਚ ਇੰਦਰਾ ਗਾਂਧੀ ਸਰਕਾਰ ਨੇ ਆਪਣੀ ਕੁਰਸੀ ਬਚਾਉਣ ਲਈ ਤੇ ਲੋਕ ਬੇਚੈਨੀ ਨੂੰ ਕੁਚਲਣ ਲਈ ਸਾਰੇ ਦੇਸ਼ ਵਿੱਚ ਐਮਰਜੈਂਸੀ ਮੜ ਦਿੱਤੀ। ਸਭਨਾਂ ਲੋਕ ਪੱਖੀ ਤੇ ਜਮਹੂਰੀ ਸ਼ਕਤੀਆਂ ਉੱਤੇ ਜਬਰ ਦਾ ਝੱਖੜ ਝੁਲਾ ਦਿੱਤਾ। ਪੀ.ਐਸ.ਯੂ. ਨੇ ਆਪਣੀਆਂ ਸੰਗਰਾਮੀ ਰਵਾਇਤਾਂ ਤੇ ਪਹਿਰਾ ਦਿੰਦਿਆਂ ਇਸ ਵੰਗਾਰ ਨੂੰ ਕਬੂਲ ਕੀਤਾ। ਅੰਨੇ ਹਕੂਮਤੀ ਜਬਰ ਦੇ ਦੌਰ ਵਿੱਚ ਤੇ ਐਮਰਜੈਂਸੀ ਦੀਆਂ ਸਖਤ ਪਾਬੰਦੀਆਂ ਦੇ ਬਾਵਜੂਦ ‘ਐਮਰਜੈਂਸੀ ਖਤਮ ਕਰੋ’ ਤੇ ‘ਜਮਹੂਰੀ ਹੱਕ ਬਹਾਲ ਕਰੋ’ ਦੀਆਂ ਆਵਾਜ਼ਾਂ ਕਾਂਗਰਸੀ ਹਾਕਮਾਂ ਨੂੰ ਕੰਬਣੀਆਂ ਛੇੜਦੀਆਂ ਰਹੀਆਂ। ‘ਅਸੀਂ ਜਿਉਂਦੇ-ਅਸੀਂ ਜਾਗਦੇ’ ਦਾ ਸੱਦਾ ਲਾਉਂਦੀਆਂ ਰਹੀਆਂ। ਪੀ.ਐਸ.ਯੂ. ਦੇ ਆਗੂਆਂ-ਵਰਕਰਾਂ ਨੇ ਪੁਲਸੀ ਕਹਿਰ ਨੂੰ ਖਿੜੇ ਮੱਥੇ ਝੱਲਿਆ। ਰੰਧਾਵੇ ਨੂੰ ਮੀਸਾ ਕਾਨੂੰਨ ਤਹਿਤ ਗ੍ਰਿਫਤਾਰ ਕੀਤਾ ਗਿਆ, ਕਹਿਰਾਂ ਦਾ ਜਬਰ ਢਾਹਿਆ ਗਿਆ ਪਰ ਪ੍ਰਿਥੀ ਅਡੋਲ ਰਿਹਾ, ਉਹਨੂੰ ਝੁਕਾਇਆ ਨਾ ਜਾ ਸਕਿਆ। ਡੇਢ ਸਾਲ ਜੇਲ ਵਿੱਚ ਰਹਿਣ ਮਗਰੋਂ ਮੁੜ ਆ ਸੰਗਰਾਮ ਦੇ ਮੈਦਾਨ ਵਿੱਚ ਕੁੱਦਿਆ।

ਪ੍ਰਿਥੀ ਦੀ ਅਗਵਾਈ ਵਿੱਚ ਹੀ ਪੰਜਾਬ ਦੇ ਵਿਦਿਆਰਥੀਆਂ ਨੇ ਹਰ ਮਿਹਤਨਕਸ਼ ਤਬਕੇ ਦੇ ਸੰਘਰਸ਼ਾਂ ਨੂੰ ਜਾ ਹਮਾਇਤੀ ਕੰਨਾ ਲਾਇਆ ਤੇ ਬੇ-ਗਰਜ਼ ਭਰਾਤਰੀ ਹਮਾਇਤ ਦੀਆਂ ਪਿਰਤਾਂ ਪਾਈਆਂ। ਮਜ਼ਦੂਰਾਂ, ਕਿਸਾਨਾਂ, ਮੁਲਾਜ਼ਮਾਂ ਤੇ ਹੋਰਨਾਂ ਮਿਹਨਤਕਸ਼ ਤਬਕਿਆਂ ਨਾਲ ਸਾਂਝੇ ਸੰਘਰਸ਼ਾਂ ਦੀਆਂ ਤੰਦਾਂ ਮਜ਼ਬੂਤ ਕੀਤੀਆਂ।

ਪ੍ਰਿਥੀ ਨੇ ਜਮਹੂਰੀ ਹੱਕਾਂ ਦੇ ਦਮਨ ਖਿਲਾਫ਼ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਉਹਦੀ ਅਗਵਾਈ ਵਿੱਚ ਹੀ ਵਿਦਿਆਰਥੀਆਂ ਨੇ ਪੰਜਾਬ ਦੇ ਕਿਰਤੀ ਲੋਕਾਂ ਵਿੱਚ ਜਮਹੂਰੀ ਹੱਕਾਂ ਦੀ ਸੋਝੀ ਦਾ ਸੰਚਾਰ ਕਰਨ ਦੇ ਯਤਨਾਂ ਵਿੱਚ ਭਰਪੂਰ ਹਿੱਸਾ ਪਾਇਆ। ਪੀ.ਐਸ.ਯੂ. ਨੇ ਜਮਹੂਰੀ ਹੱਕਾਂ ਦੀ ਰਾਖੀ ਲਈ ਮੋਗੇ ਵਿੱਚ ਵਿਸ਼ਾਲ ਮਾਰਚ ਜਥੇਬੰਦ ਕੀਤਾ।

ਰੰਧਾਵਾ ਗੰਭੀਰ, ਸੂਝਵਾਨ, ਹੋਣਹਾਰ ਤੇ ਨਿਧੜਕ ਆਗੂ ਸੀ ਜੀਹਨੇ ਬੇਹੱਦ ਕਸੂਤੀਆਂ ਹਾਲਤਾਂ ਵਿੱਚ ਪੀ. ਐਸ. ਯੂ. ਖੜੀ ਕਰਨ, ਇਹਦੀ ਅਗਵਾਈ ਕਰਨ, ਪੰਜਾਬ ਵਿੱਚ ਜਨਤਕ ਜਮਹੂਰੀ ਲਹਿਰ ਨੂੰ ਤਕੜੀ ਕਰਨ ਤੇ ਵੱਖ-ਵੱਖ ਤਬਕਿਆਂ ਦੀ ਸੰਗਰਾਮੀ ਸਾਂਝ ਦੀਆਂ ਰਵਾਇਤਾਂ ਕਾਇਮ ਕੀਤੀਆਂ। ਰੰਧਾਵੇ ਦੀ ਅਗਵਾਈ ਵਿੱਚ ਹੀ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਫਿਰਕੂ ਵਣਜਾਰਿਆਂ ਦੇ ਜ਼ਹਿਰੀ ਡੰਗਾਂ ਤੋਂ ਮੁਕਤ ਰੱਖਿਆ ਜਾ ਸਕਿਆ ਤੇ ਨੌਜਵਾਨਾਂ-ਵਿਦਿਆਰਥੀਆਂ ਨੇ ਸਮਾਜ ਵਿੱਚ ਫਿਰਕੂ ਸਦਭਾਵਨਾ ਦਾ ਹੋਕਾ ਦਿੱਤਾ।

ਪੰਜਾਬ ਦੇ ਵਿਦਿਆਰਥੀਆਂ ਨੌਜਵਾਨਾਂ ਵਿੱਚ ਹੀ ਨਹੀਂ ਸਗੋਂ ਹੋਰਨਾਂ ਮਿਹਨਤਕਸ਼ ਤਬਕਿਆਂ ਵਿੱਚ ਵੀ ਪ੍ਰਿਥੀਪਾਲ ਰੰਧਾਵਾ ਸਤਿਕਾਰਿਆ ਤੇ ਪਿਆਰਿਆ ਜਾਣ ਲੱਗ ਪਿਆ ਸੀ। ਉਹ ਸਮੇਂ ਦੇ ਹਾਕਮਾਂ ਲਈ ਇਕ ਵੰਗਾਰ ਸੀ। ਮੌਕੇ ਦੀ ਅਕਾਲੀ ਸਰਕਾਰ ਦੇ ਪਾਲਤੂ ਗੁੰਡਿਆਂ ਨੇ ਉਹਨੂੰ ਅਗਵਾ ਕਰਕੇ ਕਹਿਰਾਂ ਦਾ ਤਸ਼ੱਦਦ ਢਾਹਿਆ ਪਰ ਉਹਨੂੰ ਝੁਕਾਇਆ ਨਾ ਜਾ ਸਕਿਆ। ਅਖੀਰ ਉਹਨੂੰ ਕੋਹ-ਕੋਹ ਕੇ ਸ਼ਹੀਦ ਕਰ ਦਿੱਤਾ। ਰੰਧਾਵੇ ਦੇ ਕਤਲ ਦੇ ਖਿਲਾਫ਼ ਪੰਜਾਬ ਦੀ ਧਰਤੀ ਤੇ ਜ਼ੋਰਦਾਰ ਸੰਗਰਾਮ ਲੜਿਆ ਗਿਆ। ਨੌਜਵਾਨਾਂ ਵਿਦਿਆਰਥੀਆਂ ਤੇ ਲੋਕਾਂ ਨੇ ਆਪਣੇ ਵਿਛੜ ਗਏ ਆਗੂ ਨੂੰ ਸ਼ਰਧਾਂਜਲੀ ਵੱਡੇ ਘਮਸਾਨੀ ਘੋਲ਼ ਵਿੱਚ ਦਿੱਤੀ।

ਪੜ੍ਹਾਈ ਵਿੱਚ ਬੇਹੱਦ ਹੁਸ਼ਿਆਰ ਪ੍ਰਿਥੀ ਨੇ ਯੂਨੀ: ਵਿੱਚੋਂ ਆਪਣੀ ਐਮ. ਐਸ. ਸੀ. ਦੀ ਪੜਾਈ ਹਾਲੇ ਕੁਝ ਸਮਾਂ ਪਹਿਲਾਂ ਹੀ ਖਤਮ ਕੀਤੀ ਸੀ। ਉਹਨੇ ਰੁਜ਼ਗਾਰ ’ਤੇ ਲੱਗ ਕੇ ਕਮਾਈ ਕਰਨ ਦੀ ਥਾਂ ਆਪਣੀ ਜ਼ਿੰਦਗੀ ਲੋਕ ਸੰਗਰਾਮਾਂ ਨੂੰ ਅਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਉਹਦੇ ਲਈ ਜ਼ਿੰਦਗੀ ਦੇ ਅਰਥ ਆਪਣੇ ਆਪ ਤੋਂ, ਘਰ ਪਰਿਵਾਰ ਤੋਂ ਵੱਡੇ ਸਨ। ਉਹਦੇ ਲਈ ਜ਼ਿੰਦਗੀ ਦੀ ਸਾਰਥਿਕਤਾ ਸਮਾਜ ਵਿੱਚੋਂ ਹਰ ਤਰਾਂ ਦੀ ਲੁੱਟ ਜਬਰ ਖਤਮ ਕਰਕੇ, ਬਰਾਬਰੀ ਭਰਿਆ ਰਾਜ ਸਿਰਜਣ ਦੇ ਮਹਾਨ ਕਾਜ਼ ਵਿੱਚ ਹਿੱਸਾ ਪਾਈ ਦੀ ਸੀ। ਉਹਨੇ ਆਪਣੀ ਜ਼ਿੰਦਗੀ ਏਸ ਕਾਜ਼ ਨੂੰ ਸਮਰਪਿਤ ਕਰ ਦਿੱਤੀ।

ਅੱਜ ਦੇ ਦੌਰ ਵਿੱਚ, ਨਵੀਆਂ ਆਰਥਿਕ ਨੀਤੀਆਂ ਦਾ ਹੱਲਾ ਸਿੱਖਿਆ ਖੇਤਰ ਦਾ ਤੇਜ਼ੀ ਨਾਲ ਨਿੱਜੀਕਰਨ ਤੇ ਵਪਾਰੀਕਰਨ ਕਰ ਰਿਹਾ ਹੈ। ਸਰਕਾਰ ਆਏ ਦਿਨ ਸਿੱਖਿਆ ਤੇ ਖਰਚ ਕਰਨ ਤੋਂ ਹੱਥ ਘੁੱਟਦੀ ਆ ਰਹੀ ਹੈ। ਫੰਡ, ਗ੍ਰਾਂਟਾ ਸੁੰਗੇੜਦੀ ਆ ਰਹੀ ਹੈ। ਸਰਕਾਰੀ ਕਾਲਜ, ਸਕੂਲ ਅਧਿਆਪਕਾਂ ਤੋਂ ਸੱਖਣੇ ਹੋ ਰਹੇ ਹਨ। ਪ੍ਰਾਈਵੇਟ ਅਧਿਆਪਕ ਰੱਖਕੇ ਕੰਮ ਚਲਾਇਆ ਜਾ ਰਿਹਾ ਹੈ, ਬੋਝ ਵਿਦਿਆਰਥੀਆਂ ’ਤੇ ਪਾਇਆ ਜਾ ਰਿਹਾ ਹੈ। ਪ੍ਰਾਈਵੇਟ ਵਿਦਿਅਕ ਸੰਸਥਾਵਾਂ ਮਨ-ਮਰਜ਼ੀ ਦੇ ਫੀਸਾਂ ਫੰਡ ਬਟੋਰ ਕੇ ਵਿਦਿਆਰਥੀਆਂ ਦੀ ਅੰਨੀ ਲੁੱਟ ਕਰ ਰਹੇ ਹਨ। ਨਿੱਤ ਨਵੇਂ ਵਪਾਰੀ-ਕਾਰੋਬਾਰੀ ਵਿਦਿਅਕ ਖੇਤਰ ਵਿੱਚ ਦਾਖ਼ਲ ਹੋ ਰਹੇ ਹਨ ਤੇ ਚੰਮ ਦੀਆਂ ਚਲਾ ਰਹੇ ਹਨ।

ਸ਼ੁਰੂ ਹੋ ਰਹੇ ਮੌਜੂਦਾ ਵਿਦਿਅਕ ਸੈਸ਼ਨ ਦੌਰਾਨ ਵੀ ਵਿਦਿਆਰਥੀ ਹਿੱਤਾਂ ਤੇ ਨਵੇਂ ਹੱਲੇ ਹੋਏ ਹਨ। ਐਸ.ਸੀ. ਵਿਦਿਆਰਥੀਆਂ ਨੂੰ ਮਿਲਦੀ ਫ਼ੀਸ ਮੁਆਫ਼ੀ ਰੱਦ ਕਰਕੇ ਪੂਰੀ ਫ਼ੀਸ ਉਗਰਾਹੁਣ ਦੇ ਫ਼ੁਰਮਾਨ ਆ ਗਏ ਹਨ ਅਤੇ ਕਾਲਜਾਂ ਨੇ ਫ਼ੀਸਾਂ ਉਗਰਾਹੁਣੀਆਂ ਵੀ ਸ਼ੁਰੂ ਕਰ ਦਿੱਤੀਆਂ ਹਨ। ਪੰਜਾਬੀ ਯੂਨੀਵਰਸਿਟੀ ਨੇ ਫ਼ੀਸਾਂ ਫੰਡਾਂ ਵਿੱਚ ਲਗਭਗ 1200 ਰੁ. ਦਾ ਵਾਧਾ ਕਰ ਦਿੱਤਾ ਹੈ। ਪੰਜਾਬ ਯੂਨੀਵਰਸਿਟੀ ਨੇ ਵੀ ਹਰ ਸਾਲ 10 ਫ਼ੀਸਦੀ ਵਾਧਾ ਕਰਨ ਦੀ ਨੀਤੀ ਜਾਰੀ ਰੱਖਦਿਆਂ ਫ਼ੀਸ ਵਧਾ ਦਿੱਤੀ ਹੈ। ਸਰਕਾਰੀ ਸਹਾਇਤਾ ਪ੍ਰਾਪਤ ਕਾਲਜ ਨੂੰ ਦਿੱਤੀ ਜਾਂਦੀ 95 ਫ਼ੀਸਦੀ ਸਰਕਾਰੀ ਗਰਾਂਟ ਨੂੰ ਕੱਟ ਕੇ 80 ਫ਼ੀਸਦੀ ਤੱਕ ਲੈ ਆਂਦਾ ਹੈ ਤੇ ਹਰ ਸਾਲ 5 ਫ਼ੀਸਦੀ ਘਟਾਉਂਦੇ ਜਾਣ ਦਾ ਰਾਹ ਫੜ ਲਿਆ ਹੈ। ਇਨਾਂ ਤਾਜ਼ਾ ਫੈਸਲਿਆਂ ਦੀ ਵਿਦਿਆਰਥੀ ਵਰਗ ਤੇ ਵੱਡੀ ਮਾਰ ਪੈਣੀ ਹੈ। ਪਹਿਲਾਂ ਹੀ ਸਿੱਖਿਆ ਦੇ ਹੱਕ ਤੋਂ ਵਾਂਝੇ ਹੋ ਰਹੇ ਵਿਦਿਆਰਥੀਆਂ ਨੂੰ ਵੱਡਾ ਝਟਕਾ ਮਿਲਣਾ ਹੈ। ਨਿਤ ਦਿਨ ਲਾਗੂ ਹੋ ਰਹੀਆਂ ਨੀਤੀਆਂ ਵਿਦਿਆਰਥੀ ਜਨਤਾ ਦੇ ਜਥੇਬੰਦ ਹੋਣ ਦੀ ਮੰਗ ਕਰਦੀਆਂ ਹਨ। ਵਿਦਿਆਰਥੀ ਜਨਤਾ ਦੇ ਜਥੇਬੰਦ ਹੋਣ ਦਾ ਮਹੱਤਵ ਪਹਿਲਾਂ ਨਾਲੋਂ ਵੀ ਵਧਦਾ ਜਾ ਰਿਹਾ ਹੈ। ਸਰਕਾਰ ਦੀਆਂ ਵਿਦਿਆਰਥੀ ਮਾਰੂ ਨੀਤੀਆਂ ਖਿਲਾਫ਼ ਸੰਘਰਸ ਕਰਨ ਲਈ ਅੱਜ ਸ਼ਹੀਦ ਰੰਧਾਵੇ ਦੀ ਅਗਵਾਈ ਹੇਠਲੀ ਵਿਦਿਆਰਥੀ ਜਥੇਬੰਦੀ ਵਰਗੀ ਜਥੇਬੰਦੀ ਉਸਾਰਨ ਦੀ ਲੋੜ ਹੈ। ਭਾਵੇਂ ਅੱਜ ਤੋਂ 35 ਵਰੇ ਪਹਿਲਾਂ ਉਹਦੀ ਅਗਵਾਈ ਤੋਂ ਪੰਜਾਬ ਦੀ ਜਨਤਕ ਇਨਕਲਾਬੀ ਲਹਿਰ ਨੂੰ ਵਾਂਝੇ ਕੀਤਾ ਗਿਆ ਸੀ ਪਰ ਉਹਦੀਆਂ ਪਾਈਆਂ ਪੈੜਾਂ ’ਤੇ ਕਦਮ ਟਿਕਾ ਕੇ ਅੱਜ ਇਹ ਲਹਿਰ ਭਰ ਜਵਾਨ ਹੋਣ ਵੱਲ ਵਧ ਰਹੀ ਹੈ। ਸਾਡੇ ਸਾਹਮਣੇ ਅੱਜ ਹਨੇਰੇ ਰਾਹਾਂ ਵਿੱਚ ਭਟਕਦੀ ਜਵਾਨੀ ਨੂੰ ਚਾਨਣ ਦਿਖਾਉਣ ਦਾ ਵੱਡਾ ਕਾਰਜ ਹੈ। ਇਹਦੇ ਲਈ ਰੌਸ਼ਨੀ ਸਾਨੂੰ ਪ੍ਰਿਥੀਪਾਲ ਰੰਧਾਵਾ ਦੀ ਜਗਾਈ ਮਸ਼ਾਲ ਵੰਡਦੀ ਹੈ। ਇਸ ਮਸ਼ਾਲ ਦੀ ਰੌਸ਼ਨੀ ਵਿੱਚ ਹੀ ਅਸੀਂ ਮੁੜ ਪੰਜਾਬ ਅੰਦਰ ਇਨਕਲਾਬੀ ਵਿਦਿਆਰਥੀ ਲਹਿਰ ਦੀ ਉਸਾਰੀ ਲਈ ਕਦਮ ਪੁੱਟ ਸਕਦੇ ਹਾਂ। ਇਹ ਮਸ਼ਾਲ ਸਦਾ ਸਾਡੇ ਰਾਹਾਂ ਵਿੱਚ ਚਾਨਣ ਬਿਖੇਰਦੀ ਰਹੇਗੀ।

9417054015

## ਨਿਯੁਕਤੀ



ਅਸੀਂ ਮਾਣ ਮਹਿਸੂਸ ਕਰਦੇ ਹਾਂ ਨੌਜਵਾਨ ਵਿਦਿਆਰਥੀ ਲਹਿਰ ਨਾਲ ਜੁੜੇ ਰਣਦੀਪ ਸੰਗਤਪੁਰਾ ‘ਸਰੋਕਾਰਾਂ ਦੀ ਆਵਾਜ਼’ ਦੇ ਸੰਪਾਦਕੀ ਬੋਰਡ ਵਿਚ ਮੈਂਬਰ ਵਜੋਂ ਸ਼ਾਮਲ ਹੋਏ ਹਨ। ‘ਸਰੋਕਾਰਾਂ ਦੀ ਆਵਾਜ਼’ ਵਿਚ ਉਹ ਪੰਜਾਬ ਵਿਚ ਵਾਪਰ ਰਹੀਆਂ ਵੱਖ-ਵੱਖ ਘਟਨਾਵਾਂ ਬਾਰੇ ਵਿਚਾਰ ਸਾਂਝੇ ਕਰਿਆ ਕਰਨਗੇ। ਇਨ੍ਹਾਂ ਦਾ ਸੰਪਾਦਕੀ ਬੋਰਡ ਦਾ ਮੈਂਬਰ ਬਣਨ ’ਤੇ ਅਦਾਰਾ ਮਾਣ ਮਹਿਸੂਸ ਕਰਦਾ ਹੈ।

– ਸੰਪਾਦਕ

ਰਣਦੀਪ ਸੰਗਤਪੁਰਾ ਦਾ ਪਤਾ
ਪੁੱਤਰ ਸ੍ਰ. ਨਰਿੰਦਰ ਸਿੰਘ, ਪਿੰਡ ਸੰਗਤਪੁਰਾ
(ਲਹਿਰਾਗਾਗਾ), ਸੰਗਰੂਰ
98556-95905
rvs0001@gmail.com

**Balkar Bajwa**
Certified Translator
(English into Punjabi and Punjabi into English)
33 Eaglesprings Cresent
Brampton ON L6P 2V8
647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

# ਬਿਹਤਰ ਸਮਾਜ ਦੀ ਸਿਰਜਣਾ ਲਈ ਵਿਗਿਆਨਕ ਨਜ਼ਰੀਆ ਜ਼ਰੂਰੀ-ਮੇਘ ਰਾਜ ਮਿੱਤਰ

## ਤਰਕਸ਼ੀਲ ਸੁਸਾਇਟੀ ਦੇ ਬਾਨੀ ਆਗੂ ਮੇਘ ਰਾਜ ਮਿੱਤਰ ਨਾਲ ਸੁਆਲ-ਜੁਆਬ



ਰਣਦੀਪ ਸੰਗਤਪੁਰਾ

**ਤੁਸੀਂ ਤਰਕਸ਼ੀਲ ਕਿਵੇਂ ਬਣੇ?**

ਘਰ ਵਿੱਚ ਕਾਮਰੇਡਾਂ ਦੇ ਆਉਣ ਜਾਣ ਕਰਕੇ ਅਤੇ ਆਲੇ ਦੁਆਲੇ ਦੀਆਂ ਚੀਜ਼ਾਂ ਤੋਂ ਜਾਣਕਾਰੀ ਦੀ ਜਗਿਆਸਾ ਹੋਣ ਕਰਕੇ।

**ਤਰਕਸ਼ੀਲ ਲਹਿਰ ਦੀ ਸ਼ੁਰੂਆਤ ਕਿਵੇਂ ਹੋਈ ?**

ਜਦੋਂ ਤੋਂ ਧਰਤੀ 'ਤੇ ਮਨੁੱਖ ਦੀ ਹੋਂਦ ਆਈ, ਉਸ ਸਮੇਂ ਤੋਂ ਦੋ ਵਿਚਾਰ ਜਨਮ ਲੈਣ ਲੱਗੇ ਇੱਕ ਵਿਚਾਰ ਅਧਿਆਤਮਵਾਦ ਦਾ ਸੀ, ਜੋ ਸਮਝਦਾ ਸੀ ਕਿ ਸਾਰੀਆਂ ਘਟਨਾਵਾਂ ਦਾ ਕਾਰਨ ਉਹ ਸਰਵ ਸ਼ਕਤੀਮਾਨ ਸ਼ਕਤੀ ਹੈ, ਜਿਹੜੀ ਕਿਸੇ ਅਦਿੱਖਥਾਂ 'ਤੇ ਬੈਠੀ ਇਹ ਸਾਰੀਆਂ ਘਟਨਾਵਾਂ ਨੂੰ ਕੰਟਰੋਲ ਕਰ ਰਹੀ ਹੈ। ਦੂਸਰੀ ਵਿਚਾਰਧਾਰਾ ਅਨੁਸਾਰ ਹਰੇਕ ਘਟਨਾ ਦਾ ਕਾਰਨ ਵਿਗਿਆਨਕ ਸੀ ਇਸ ਤਰ੍ਹਾਂ ਭਾਰਤ ਵਿੱਚ ਵੀ ਬਹੁਤ ਵੱਡੇ-ਵੱਡੇ ਤਰਕਸ਼ੀਲ ਹੋਏ ਹਨ, ਜਿਨ੍ਹਾਂ ਵਿੱਚ ਚਾਰਵਾਕ, ਸ਼ੰਕਾਵਾਦੀ, ਕੁਝ ਹੱਦ ਤੱਕ ਬੁੱਧ ਧਰਮ ਆਦਿ ਪੁਰਾਤਨ ਤਰਕਸ਼ੀਲ ਵਿਚਾਰਧਾਰਾਵਾਂ ਸਨ। ਪਰ ਆਧੁਨਿਕ ਭਾਰਤ ਵਿੱਚ ਵੀ ਗੋਰਾ, ਕੋਵੂਰ, ਬੀਪ੍ਰੇਮਾਨੰਦ ਅਤੇ ਰਾਇ ਦਾ ਅੰਧਵਿਸ਼ਵਾਸਾਂ ਨੂੰ ਖਤਮ ਕਰਨ ਲਈ ਵੱਡਾ ਰੋਲ ਰਿਹਾ ਹੈ। ਪੰਜਾਬ ਵਿੱਚ ਤਰਕਸ਼ੀਲ ਲਹਿਰ 1984 ਵਿੱਚ ਸ਼ੁਰੂ ਕੀਤੀ ਗਈ ਅਤੇ ਡਾ. ਕੋਵੂਰ ਦੀਆਂ ਦੋ ਕਿਤਾਬਾਂ 'ਦੇਵ ਪੁਰਸ਼ ਹਾਰ ਗਏ' ਅਤੇ 'ਦੇਵ ਤੇ ਰੂਹਾਂ' ਦਾ ਅਨੁਵਾਦ ਮੈਂ ਅਤੇ ਸਾਥੀ ਸਰਜੀਤ ਤਲਵਾਰ ਨੇ ਕੀਤਾ। ਇਸ ਲਈ ਇਸ ਲਹਿਰ ਦਾ ਮੁੱਢ ਮੇਰੇ ਘਰ ਵਿੱਚੋਂ ਸ਼ੁਰੂ ਹੋਇਆ।



ਮੇਘ ਰਾਜ ਮਿੱਤਰ

**ਤਰਕਸ਼ੀਲ ਲਹਿਰ ਦਾ ਉਦੇਸ਼ ਕੀ ਹੈ?**

ਸਮੁੱਚੇ ਭਾਰਤ ਵਿੱਚੋਂ ਅੰਧਵਿਸ਼ਵਾਸਾਂ ਦਾ ਖਾਤਮਾ ਹੀ ਤਰਕਸ਼ੀਲ ਲਹਿਰ ਦਾ ਉਦੇਸ਼ ਹੈ। ਭਾਵੇਂ ਅੰਧਵਿਸ਼ਵਾਸਾਂ ਦੀ ਮਾਂ ਗਰੀਬੀ ਤੇ ਅਨਪੜ੍ਹਤਾ ਹੈ। ਇਸ ਲਈ ਜਿੰਨਾ ਚਿਰ ਗਰੀਬੀ ਤੇ ਅਨਪੜ੍ਹਤਾ ਖਤਮ ਨਹੀਂ ਹੁੰਦੇ, ਉਨ੍ਹਾਂ ਚਿਰ ਅੰਧਵਿਸ਼ਵਾਸ ਪੂਰੀ ਤਰ੍ਹਾਂ ਨਹੀਂ ਮਿਟ ਸਕਦੇ। ਅਗਾਂਹਵਧੂ ਲਹਿਰਾਂ ਗਰੀਬੀ ਤੇ ਅਨਪੜ੍ਹਤਾ ਤੋਂ ਮੁਕਤੀ ਲਈ ਜਥੇਬੰਦਕ ਸੰਘਰਸ਼ ਕਰ ਰਹੀਆਂ ਹਨ। ਇਸ ਤਰ੍ਹਾਂ ਤਰਕਸ਼ੀਲ ਵੀ ਉਨ੍ਹਾਂ ਲਹਿਰਾਂ ਦੇ ਇੱਕ ਅੰਗ ਬਣ ਜਾਂਦੇ ਹਨ ਤਾਂ ਜੋ ਅੰਧਵਿਸ਼ਵਾਸਾਂ ਤੋਂ ਸਦਾ ਲਈ ਮੁਕਤੀ ਮਿਲ ਸਕੇ।



ਪਿੰਡ ਵਾਸੀਆਂ ਨੂੰ ਅੰਧਵਿਸ਼ਵਾਸਾਂ 'ਚੋਂ ਨਿਕਲਣ ਦਾ ਸੱਦਾ ਦਿੰਦੇ ਹੋਏ ਮੇਘ ਰਾਜ ਮਿੱਤਰ

**ਤਰਕਸ਼ੀਲ ਲਹਿਰ ਨੂੰ ਮੁੱਢਲੇ ਦੌਰ 'ਚ ਕਿਹੜੀਆਂ-ਕਿਹੜੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ?**

ਅੱਤਵਾਦ, ਇਲਾਕਾਵਾਦ, ਜਾਤੀਵਾਦ, ਧਾਰਮਿਕ ਕੱਟੜਪੁਣਾ ਤੇ ਲਾਈਲੱਗਤਾ ਹਮੇਸ਼ਾ ਹੀ ਤਰਕਸ਼ੀਲ ਦੇ ਦੁਸ਼ਮਣ ਰਹੇ ਹਨ। ਸਾਨੂੰ ਵੀ ਸਮੇਂ ਸਮੇਂ ਸਿਰ ਇਨ੍ਹਾਂ ਦੁਆਰਾ ਦਿੱਤੀਆਂ ਜਾਂਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਤਰਕਸ਼ੀਲ ਸਮਾਜ ਨੂੰ ਜਾਗਰੂਕ ਕਰਨ ਲਈ ਕੀ - ਕੀ ਕੰਮ ਕਰਦੇ ਹਨ?**

ਤਰਕਸ਼ੀਲ ਲੋਕਾਂ ਦੇ ਘਰਾਂ ਵਿੱਚ ਜਾ ਕੇ ਸਮੱਸਿਆਵਾਂ ਨੂੰ ਲੱਭਦੇ ਹਨ ਤੇ ਉਨ੍ਹਾਂ ਸਮੱਸਿਆਵਾਂ ਦੇ ਬਦਲਵੇ ਹੱਲ ਲੋਕਾਂ ਨੂੰ ਦੱਸਦੇ ਹਨ ਤੇ ਇਸ ਕੰਮ ਲਈ ਪੈਂਫਲਿਟ, ਦੁਵੱਰਕੀਆਂ, ਮੈਗਜ਼ੀਨ, ਪੁਸਤਕਾਂ ਤੇ ਅਖਬਾਰਾਂ ਰਾਹੀਂ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਕਰਕੇ ਹਨ। ਇਲੈਕਟ੍ਰੋਨਿਕ ਮੀਡੀਆ ਵਿੱਚ ਆਪਣੀਆਂ ਪੇਸ਼ਕਾਰੀਆਂ, ਸੀਡੀਆਂ ਆਦਿ ਰਾਹੀਂ ਵੀ ਪ੍ਰਚਾਰ ਕੀਤਾ ਜਾਂਦਾ ਹੈ। ਤਰਕਸ਼ੀਲਾਂ ਨੇ ਆਪਣੀਆਂ ਵੈਬਸਾਈਟਾਂ ਵੀ ਬਣਾਈਆਂ ਹੋਈਆਂ ਹਨ, ਫੇਸਬੁੱਕ ਤੇ ਯੂਟਿਊਬ ਵੀ ਇਸ ਵਿਚਾਰਧਾਰਾ ਦੇ ਫਲਾਓ ਲਈ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ ।

**ਪੰਜਾਬ 'ਚ ਪੁਸਤਕ-ਸਭਿਆਚਾਰ ਵਿਕਸਤ ਕਰਨ 'ਚ ਤਰਕਸ਼ੀਲ ਲਹਿਰ ਦਾ ਕੀ ਯੋਗਦਾਨ ਹੈ ?**

ਪਿਛਲੇ 30 ਸਾਲਾਂ ਤੋਂ ਸੈਂਕੜੇ ਪੁਸਤਕਾਂ ਹਰ ਸਾਲ ਲੱਖਾਂ ਦੀ ਤਾਦਾਦ ਵਿੱਚ ਛਪਵਾਈਆਂ ਜਾਂਦੀਆਂ ਹਨ ਅਤੇ ਵੱਖ-ਵੱਖ ਥਾਵਾਂ ਤੇ ਸਟਾਲ ਲਾ ਕੇ ਇੱਕ ਪੁਸਤਕ ਸਭਿਆਚਾਰ ਪੈਦਾ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

**ਤਰਕਸ਼ੀਲ ਅਗਲੇ - ਪਿਛਲੇ ਜਨਮ ਬਾਰੇ ਕੀ ਸੋਚਦੇ ਹਨ?**

ਤਰਕਸ਼ੀਲ ਅਗਲੇ, ਪਿਛਲੇ ਜਨਮਾਂ ਵਿੱਚ ਕੋਈ ਵਿਸ਼ਵਾਸ ਨਹੀਂ ਰੱਖਦੇ। ਅਸਲ ਵਿੱਚ ਤਰਕਸ਼ੀਲਾਂ ਦਾ ਆਤਮਾ ਦੀ ਹੋਂਦ ਵਿੱਚ ਹੀ ਵਿਸ਼ਵਾਸ ਨਹੀਂ ਹੈ । ਇਸ ਲਈ ਅਗਲੇ ਪਿੱਛਲੇ ਜਨਮ ਦੀ ਹੋਂਦ ਹੋ ਹੀ ਨਹੀਂ ਸਕਦੀ। ਕੋਈ ਵੀ ਵਿਅਕਤੀ ਇਹ ਸਿੱਧ ਨਹੀਂ ਕਰ ਸਕਦਾ ਕਿ ਕੋਈ ਗਿਆਨ ਜਾਂ ਜਾਣਕਾਰੀ ਪਦਾਰਥ ਤੋਂ ਵਗੈਰ ਹੋਂਦ ਰੱਖ ਸਕਦੀ ਹੈ ਜੇ ਹੋਂਦ ਨਹੀਂ ਰੱਖ ਸਕਦੀ ਤਾਂ ਉਹ ਗਿਆਨ ਅਗਲੇ ਪਿੱਛਲੇ ਜਨਮ ਵਿੱਚ ਕਿਵੇਂ ਪਹੁੰਚ ਸਕਦਾ ਹੈ?




ਚੀਨ ਦੇ ਸਰਕਾਰੀ ਟੈਲੀਵਿਜ਼ਨ ਤੋਂ ਬੀਜਿੰਗ ਵਿਖੇ ਚੀਨੀ ਲੋਕਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਮੇਘ ਰਾਜ ਮਿੱਤਰ










**ਸਮਾਜ 'ਚ ਫੈਲੇ ਵਹਿਮਾਂ - ਭਰਮਾਂ ਦਾ ਮੂਲ ਕਾਰਨ?**

ਅੱਜ ਦੇ ਸਾਡੇ ਸਮਾਜ ਵਿੱਚ ਵਹਿਮਾਂ ਭਰਮਾਂ ਦਾ ਕਾਰਨ ਗਰੀਬੀ ਅਤੇ ਅਨਪੜ੍ਹਤਾ ਹੈ। ਇਨ੍ਹਾਂ ਨੂੰ ਦੂਰ ਕਰਕੇ ਹੀ ਵਹਿਮਾਂ-ਭਰਮਾਂ ਵਿੱਰੁਧ ਮੁਕਤੀ ਦੀ ਲੜਾਈ ਜਿੱਤੀ ਜਾ ਸਕਦੀ ਹੈ। ਸੋ ਇਸ ਨੁਕਤੇ ਨੂੰ ਵਿਚਾਰਦਿਆ ਅੰਧਵਿਸ਼ਵਾਸਾਂ ਦੀ ਮੁਕਤੀ ਦਾ ਸਿੱਧਾ ਸੰਬੰਧ ਪ੍ਰੋਲੇਤਾਰੀ ਦੀ ਮੁਕਤੀ ਨਾਲ ਚੱਲ ਰਹੇ ਯੁੱਧ ਨਾਲ ਨਾਲ ਸਿੱਧਾ ਸੰਬੰਧ ਪ੍ਰੋਲੇਤਾਰੀ ਦੀ ਮੁਕਤੀ ਨਾਲ ਚੱਲ ਰਹੇ ਯੁੱਧ ਨਾਲ ਜਾ ਜੁੜਦਾ ਹੈ ।

**ਤਰਕਸ਼ੀਲਾਂ ਨੂੰ ਲੋਕਾਂ ਦਾ ਸਹਿਯੋਗ ਕਿੰਨਾ ਕੁ ਮਿਲਦਾ ਹੈ?**

ਜਿਉਂ-ਜਿਉਂ ਲੋਕ ਜਾਗਰੂਕ ਹੋ ਰਹੇ ਹਨ, ਉਹ ਤਰਕਸ਼ੀਲਤਾ ਨੂੰ ਸਹਿਯੋਗ ਦੇ ਰਹੇ ਹਨ।

**ਅਸੀ ਵੇਖਦੇ ਹਾਂ ਕਿ ਪੜ੍ਹੇ ਲਿਖੇ ਲੋਕ (ਐਮ.ਏ,ਪੀ.ਐਚ.ਡੀ.) ਵੀ ਵਹਿਮਾਂ ਭਰਮਾਂ ਚ ਫਸੇ ਹੋਏ ਹਨ, ਕੀ ਸਿੱਖਿਆ ਪ੍ਰਬੰਧ ਚ ਨੁਕਸ ਹੈ?**

ਉਤਰ ਸਾਡੀ ਅੱਜ ਦੀ ਸਿੱਖਿਆ ਪ੍ਰਣਾਲੀ ਅੰਗਰੇਜ਼ਾਂ ਦੀ ਦੇਣ ਹੈ। ਇਸ ਸਿੱਖਿਆ ਦਾ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਕੋਈ ਸੰਬੰਧ ਨਹੀਂ ਹੈ ਹਰ ਵਿਦਿਆਰਥੀ ਇਮਤਿਹਾਨ ਪਾਸ ਕਰਨ ਲਈ ਹੀ ਪੜ੍ਹ ਲਿਖ ਰਿਹਾ ਹੈ ।ਆਪਣੇ ਜੀਵਨ ਨੂੰ ਸਫਲ ਬਣਾਉਣ ਲਈ ਕੋਈ ਵੀ ਵਿਦਿਆਰਥੀ ਪਾਸ ਕਰਨ ਲਈ ਹੀ ਪੜ੍ਹ ਲਿਖ ਰਿਹਾ ਹੈ।

**ਆਉਣ ਵਾਲੀ ਪੀੜ੍ਹੀ ਦਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਕੀ ਕੀ ਢੰਗ ਹੋ ਸਕਦੇ ਹਨ?**

ਉੱਤਰ ਸਭ ਤੋਂ ਪਹਿਲਾਂ ਢੰਗ ਤਾਂ ਸਾਡੀ ਪੜ੍ਹਾਈ ਲਿਖਾਈ ਨੂੰ ਸਾਡੀ ਰੋਜ਼ਮਰਾ ਦੀ ਜ਼ਿੰਦਗੀ ਨਾਲ ਜੋੜਨ ਦਾ ਹੈ। ਜੇ ਅਸੀਂ ਇਹ ਸਿੱਖਦੇ ਹਾਂ ਕਿ ਤੇਲ ਪਾਣੀ ਨਾਲੋਂ ਵੱਧ ਤਾਪਮਾਨ ਉੱਤੇ ਉਬਲਦਾ ਹੈ ਤੇ ਇਸ ਲਈ ਹੀ ਸਬਜ਼ੀਆਂ ਨੂੰ ਤੇਲ ਵਿੱਚ ਪਕਾਉਣ ਲਈ ਤਰਜੀਹ ਦਿੱਤੀ ਜਾਂਦੀ ਹੈ। ਜੇ ਅਸੀਂ ਇਹ ਸਮਝਦੇ ਹਾਂ ਕਿ ਪ੍ਰੈਸਰ ਕੂਕਰ ਵਿੱਚ ਇਕੱਠੀ ਹੋਈ ਭਾਫ ਪਾਣੀ ਦਾ ਉਬਾਲ ਦਰਜਾ ਵਧਾ ਦਿੰਦੀ ਹੈ ਇਸ ਕਰਕੇ ਸਬਜ਼ੀਆਂ ਛੇਤੀ ਪੱਕ ਜਾਂਦੀਆਂ ਹਨ। ਇਨ੍ਹਾਂ ਗੱਲਾਂ ਦੀ ਜਾਣਕਾਰੀ ਰੱਖਣ ਵਾਲੀ ਕੋਈ ਇਸਤਰੀ ਕਦੇ ਵੀ ਸਬਜ਼ੀਆਂ ਨੂੰ ਪਕਾਉਣ ਲਈ ਜ਼ਿਆਦਾ ਗੈਸ ਦਾ ਇਸਤੇਮਾਲ ਨਹੀਂ ਕਰੇਗੀ ।

**ਬਾਬਾਵਾਦ ਪੰਜਾਬ 'ਚ ਹੀ ਕਿਉਂ ਹੈ?**

ਉੱਤਰ ਬਾਬੇ ਤਾਂ ਸਮੁੱਚੇ ਭਾਰਤ ਵਿੱਚ ਬਿਰਾਜਮਾਨ ਹਨ ਅਤੇ ਕਈ ਤਾਂ ਪੰਜਾਬੀ ਬਾਬਿਆਂ ਨਾਲੋਂ ਸੈਂਕੜੇ ਗੁਣਾ ਵੱਧ ਸ਼ਰਧਾਲੂਆਂ ਦੇ ਮਾਲਕ ਹਨ। ਅਸਲ ਵਿੱਚ ਸਾਰੇ ਬਾਬੇ ਸਿਆਸੀ ਰਸੂਖ ਕਾਰਨ ਹੀ ਲੋਕਾਂ ਨੂੰ ਲੁੱਟਦੇ ਹਨ। ਸਿਆਸੀ ਲੀਡਰਾਂ ਨੂੰ ਵੀ ਵੋਟਾਂ ਦੀ ਲੋੜ ਹੁੰਦੀ ਹੈ ਤੇ ਵੋਟਾਂ ਬਾਬਿਆਂ ਕੋਲ ਹੁੰਦੀਆਂ ਹਨ ਇਸ ਤਰ੍ਹਾਂ ਸਿਆਸਤ, ਧਰਮ ਅਤੇ ਬਾਬਵਾਦ ਇੱਕ ਮਿੱਕ ਹੋ ਕੇ ਲੋਕਾਂ ਨੂੰ ਲੁੱਟਣ ਦੇ ਕਾਰਜ ਵਿੱਚ ਸ਼ਰੀਕ ਹੁੰਦੇ ਹਨ।

**ਤਰਕਸ਼ੀਲਾਂ ਨੇ ਸਮਾਜ 'ਚ ਕੀ-ਕੀ ਨਵੀਆਂ ਪਿਰਤਾਂ ਪਾਈਆਂ ਹਨ? ਅੱਜ ਤਰਕਸ਼ੀਲਾਂ ਦਾ ਸਮਾਜ 'ਚ ਕੀ ਸਥਾਨ ਹੈ?**

ਲੋਕਾਂ ਦੇ ਸੋਚਣ ਢੰਗ ਨੂੰ ਥੋੜਾ ਬਹੁਤ ਵਿਗਿਆਨਕ ਬਣਾਉਣ ਵਿੱਚ ਤਰਕਸ਼ੀਲਾਂ ਦਾ ਅਹਿਮ ਰੋਲ ਹੈ। ਭੂਤਾਂ-ਪ੍ਰੇਤਾਂ ਤੇ ਕਸਰਾਂ ਨੂੰ ਵਿਗਿਆਨਕ ਢੰਗ ਨਾਲ ਹੱਲ ਕਰਨਾ ਵੀ ਤਰਕਸ਼ੀਲਾਂ ਨੇ ਸਿਖਾਇਆ ਹੈ ਬਹੁਤ ਸਾਰੇ ਨਵੇਂ ਲੇਖਕ ਪੰਜਾਬੀ ਸਾਹਿਤ ਦੇ ਕੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ ਅਤੇ ਬਹੁਤ ਸਾਰੇ ਨਵੇਂ ਪਾਠਕ ਵੀ ਪੈਦਾ ਕੀਤੇ ਹਨ। ਅੰਗਦਾਨ, ਸਰੀਰਦਾਨ, ਖ਼ੂਨਦਾਨ ਅਤੇ ਨੇਤਰਦਾਨ ਦੇ ਖੇਤਰ ਵਿੱਚ ਤਰਕਸ਼ੀਲਾਂ ਨੇ ਨਵੀਆਂ ਪਿਰਤਾਂ ਪਾਈਆਂ ਹਨ। ਬਹੁਤ ਸਾਰੇ ਲੋਕਾਂ ਨੂੰ ਸਵੈ-ਵਿਸ਼ਵਾਸ ਨਾਲ ਜ਼ਿੰਦਗੀ ਜਿਉਣਾ ਸਿਖਾਇਆ ਹੈ। ਅਗਾਂਹਵਧੂ ਸ਼ਕਤੀਆਂ ਦੇ ਖੇਤਰ ਵਿੱਚ ਸਰਗਰਮ ਬਹੁਤ ਸਾਰੇ ਵਰਕਰ ਵੀ ਤਰਕਸ਼ੀਲ ਘੇਰਿਆ ਵਿੱਚੋਂ ਗਏ ਹਨ। ਬਹੁਤ ਸਾਰੇ ਲੋਕ ਹੁਣ ਤਰਕਸ਼ੀਲਾਂ ਨੂੰ ਮਾਣ ਵਾਲੀ ਨਜ਼ਰ ਨਾਲ ਵੇਖ ਰਹੇ ਹਨ।

**ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ 'ਚ ਔਰਤਾਂ ਦੀ ਘੱਟਗਿਣਤੀ ਕਿਉਂ ਹੈ?**

ਤਰਕਸ਼ੀਲ ਸੁਸਾਇਟੀ ਵਿੱਚ ਕੰਮ ਕਰਨ ਲਈ ਅਕਸਰ ਘਰੋਂ ਬਾਹਰ ਜਾਣਾ ਆਉਣਾ ਪੈਂਦਾ ਹੈ। ਇਸ ਲਈ ਔਰਤਾਂ ਤਰਕਸ਼ੀਲ ਲਹਿਰ ਵਿੱਚ ਘੱਟ ਸਰਗਰਮ ਹਨ।

**ਜ਼ਿਆਦਾਤਰ ਮੈਂਬਰ ਇੱਕ ਦੋ ਸਾਲ ਹੀ ਉਤਸ਼ਾਹ ਨਾਲ ਕੰਮ ਕਰਦੇ ਹਨ। ਉਸ ਤੋਂ ਬਾਅਦ ਸਰਗਰਮੀ ਘੱਟ ਜਾਂਦੀ ਹੈ ਖਾਸ ਕਰਕੇ ਪਿੰਡਾਂ 'ਚ ਅਜਿਹਾ ਕਿਉਂ?**

ਤੁਹਾਡੀ ਇਹ ਗੱਲ ਦਰੁਸਤ ਹੈ ਕਿ ਦੋ ਚਾਰ ਸਾਲ ਕੰਮ ਕਰਨ ਤੋਂ ਬਾਅਦ ਤਰਕਸ਼ੀਲ ਆਪਣੀਆਂ ਸਰਗਰਮੀਆਂ ਘਟਾ ਜਾਂਦੇ ਹਨ। ਇਸ ਦਾ ਕਾਰਨ ਇਹ ਹੈ ਕਿ ਉਹ ਕਿਸੇ ਨਾ ਕਿਸੇ ਹੋਰ ਪਾਸੇ ਆਪਣੀਆਂ ਸਰਗਰਮੀਆਂ ਵਧਾ ਦਿੰਦੇ ਹਨ ਕੋਈ ਜਨਤਕ ਸੰਘਰਸ਼ਾਂ ਵਿੱਚ ਸ਼ਾਮਲ ਹੋ ਜਾਂਦਾ ਹੈ, ਕੋਈ ਆਪਣੀ ਰੋਜ਼ੀ ਰੋਟੀ ਲਈ ਜ਼ਿਆਦਾ ਹੁਨਰਮੰਦ ਹੋਣਾ ਸ਼ੁਰੂ ਕਰ ਦਿੰਦਾ ਹੈ ।

**ਤਰਕਸ਼ੀਲਾਂ ਨੂੰ ਅਖਬਾਰ ਅਤੇ ਟੀ.ਵੀ.ਚੈਨਲ ਵੀ ਸ਼ੁਰੂ ਕਰਨਾ ਚਾਹੀਦਾ ਹੈ, ਇਸ ਸੰਬੰਧੀ ਤੁਹਾਡਾ ਕੀ ਵਿਚਾਰ ਹੈ?**

ਤਰਕਸ਼ੀਲ ਇਹ ਪਾਸੇ ਯਤਨਸ਼ੀਲ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਇਸ ਦੀ ਜਾਣਕਾਰੀ ਮਿਲ ਜਾਵੇਗੀ।

**ਤੁਸੀ ਆਪਣੇ ਕੰਮਾਂ ਤੋਂ ਕਿੰਨੇ ਕੁ ਸੰਤੁਸ਼ਟ ਹੋ?**

ਪੰਜਾਬ ਵਿੱਚ ਜਦੋਂ ਮੈਂ ਤਰਕਸ਼ੀਲ ਲਹਿਰ ਸ਼ੁਰੂ ਕੀਤੀ ਸੀ ਉਸ ਸਮੇਂ ਮੈਂ ਇਸ ਦੇ ਲੰਬਾ ਸਮਾਂ ਚੱਲਣ ਬਾਰੇ ਨਹੀਂ ਸੀ ਸੋਚਿਆ ਅੱਜ ਮੈਂ ਸੋਚਦਾ ਹਾਂ ਕਿ ਮੈਂ ਤਰਕਸ਼ੀਲਾਂ ਵੱਲੋਂ ਚਲਾਏ ਜਾ ਰਹੇ ਇੱਕ ਮਹਾਂਯੱਗ ਵਿੱਚ ਥੋੜ੍ਹਾ ਬਹੁਤ ਯੋਗਦਾਨ ਪਾਇਆ ਹੈ ਅਤੇ ਮੈਂ ਆਪਣੇ ਮਰਦੇ ਦਮ ਤੱਕ ਅਜਿਹਾ ਕਰਦਾ ਵੀ ਰਹਾਂਗਾ। ਇਸ ਲਈ ਮੈਂ ਸੰਤੁਸ਼ਟ ਹਾਂ ।

**ਪੰਜਾਬ ਦੇ ਨੌਜਵਾਨ-ਵਿਦਿਆਰਥੀ ਵਰਗ ਲਈ ਤੁਹਾਡਾ ਸੰਦੇਸ਼ ਕੀ ਹੈ ?**

ਮੇਰਾ ਮਹਾਨ ਭਾਰਤ ਗੰਦਗੀ ਦਾ ਵੱਡਾ ਛੱਪੜ ਬਣ ਚੁੱਕਿਆ ਹੈ, ਇਸ ਨੂੰ ਸਾਫ਼ ਕਰਨਾ ਭਵਿੱਖ ਦੇ ਨਾਗਰਿਕਾਂ ਦਾ ਕਰਤੱਵ ਹੈ। ਉਨ੍ਹਾਂ ਨੂੰ ਇਹ ਕਾਮਯਾਬੀ ਜਥੇਬੰਦਕ ਸੰਘਰਸ਼ਾਂ ਨੇ ਹੀ ਦੇਣੀ ਹੈ। ਇਹ ਕਾਰਜ ਬਿਨਾਂ ਦੇਰੀ ਸ਼ੁਰੂ ਕਰ ਦੇਣਾ ਚਾਹੀਦਾ ਹੈ।

98556-95905




*ਮੇਘ ਰਾਜ ਮਿੱਤਰ ਤਰਕਸ਼ੀਲ ਆਗੂ ਅਵਤਾਰ ਨਾਲ ਨਿਊਜੀਲੈਂਡ ਦੇ ਸ਼ਹਿਰ ਆਕਲੈਂਡ ਦੇ ਸਿਟੀ ਸੈਂਟਰ ਵਿੱਚ ਸਥਿਤ 'ਤਰਕਸ਼ੀਲ ਭਵਨ' ਵਿਖੇ*







# ਕਰਜ਼ਾ ਕਿਉਂ? ਕਰਜ਼ੇ ਦਾ ਇਲਾਜ ਕੀ?

## ਕਿਸਾਨਾਂ ਤੇ ਮਜ਼ਦੂਰਾਂ ਦੀ ਲੜਾਈ ਸਾਂਝੀ, ਦੁਸ਼ਮਣ ਸਾਂਝਾ

### ਜੋਗਿੰਦਰ ਉਗਰਾਹਾਂ ਵੱਲੋਂ 2014 'ਚ ਅਤੇ ਬਠਿੰਡਾ ਕਿਸਾਨ ਮੋਰਚਾ 2016 ਦੌਰਾਨ ਦਿੱਤੇ ਭਾਸ਼ਣ 'ਚੋਂ




**ਮਨਪ੍ਰੀਤ ਜੱਸ**

**ਪਹਿਲਾ ਹਿੱਸਾ - ਕਰਜ਼ਾ ਕਿਉਂ ?**

ਅੱਜ ਦਾ ਜੋ ਇਕੱਠ ਹੈ ਇਹ ਕਿਸਾਨਾਂ ਤੇ ਖੇਤ-ਮਜ਼ਦੂਰਾਂ ਦਾ ਇਕੱਠ ਹੈ। ਮੈਂ ਕਿਸਾਨਾਂ ਦੇ ਨੁਮਾਇੰਦੇ ਵਜੋਂ ਬੋਲਦਾਂ, ਮੈਂ ਸਾਡੀ ਸਾਂਝ ਜੋ ਹੈ ਉਹਦੇ ਵਿੱਚੋਂ ਬੋਲਦੈਂ। ਜਦੋਂ ਸਾਡੀ ਕਿਸਾਨਾਂ ਦੀਆਂ ਜਥੇਬੰਦੀਆਂ ਨਾਲ ਮੀਟਿੰਗ ਹੁੰਦੀ ਹੈ, ਉਦੋਂ ਕਿਸਾਨਾਂ ਦੀਆਂ ਜਿਣਸਾਂ ਦੇ ਭਾਵਾਂ ਦੀ ਗੱਲ ਚੱਲਦੀ ਹੈ। ਜਦੋਂ ਭਾਵਾਂ ਦੀ ਗੱਲ ਚੱਲਦੀ ਹੈ ਤਾਂ ਸਾਡੇ ਮਜ਼ਦੂਰਾਂ ਦੇ ਸੀਨੇ ਸੱਲ ਕਰਦੀ ਹੈ ਉਹ। ਐਧਰੋਂ ਜਦੋਂ ਅਸੀਂ ਭਾਵਾਂ ਦੀ ਗੱਲ ਕਰਦੇ ਹਾਂ ਤੇ ਉਧਰੋਂ ਜਦੋਂ ਮਜ਼ਦੂਰ ਫੇਰ ਦਿਹਾੜੀ ਦੀ ਗੱਲ ਕਰਦੇ ਨੇ ਤਾਂ ਫੇਰ ਸਾਡੀ ਏਕਤਾ ਦੇ ਵਿੱਚ ਖ਼ਲਲ ਪੈਂਦਾ, ਗੜਬੜ ਹੁੰਦੀ ਐ। ਅਸੀਂ ਜਿਹੜੀ ਗੱਲ ਕਰਨੀ ਚਾਹੁੰਦੇ ਹਾਂ ਆ ਕਰਜ਼ੇ ਦੇ ਮਸਲੇ 'ਤੇ, ਇਹਦੇ 'ਚ ਭਾਵਾਂ ਵਾਲੀ ਗੱਲ ਆ ਜਿਹੜੀ ਉਹ ਕਿਸੇ ਹੋਰ ਰੂਪ 'ਚ ਆਉਣੀ ਐ, ਜਿਹਦੇ 'ਤੇ ਮਜ਼ਦੂਰ ਵੀ ਕਹਿਣਗੇ ਬਈ ਗੱਲ ਠੀਕ ਐ ਤੇ ਕਿਸਾਨ ਵੀ ਕਹਿਣਗੇ ਕਿ ਗੱਲ ਠੀਕ ਐ।

ਗੱਲ ਭਾਵਾਂ ਦੀ ਵੀ ਹੋਊ ਤੇ ਗੱਲ ਦਿਹਾੜੀ ਦੀ ਵੀ ਹੋਊ। ਪਰ ਅਸਲ ਗੱਲ ਸਾਡੀ ਆਮਦਨ ਦੀ ਐ। ਆਮਦਨ ਚਾਹੇ ਮਜ਼ਦੂਰੀ ਕਰ ਕੇ ਹੁੰਦੀ ਹੈ ਤੇ ਆਮਦਨ ਚਾਹੇ ਕਿਸਾਨੀ ਕਰਕੇ ਹੁੰਦੀ ਹੈ। ਏਸ ਆਮਦਨ ਨਾਲ ਬੱਚੇ ਪਲ਼ਦੇ ਨੇ ਕਿ ਨਹੀਂ ਪਲ਼ਦੇ ਇਸ ਗੱਲ ਦਾ ਸਵਾਲ ਐ! ਪਰ ਸਭ ਤੋਂ ਪਹਿਲਾਂ, ਕਰਜ਼ਾ ਸਾਡੇ ਸਿਰ ਚੜ੍ਹ ਕਿਉਂ ਗਿਆ ਏਹਦੇ ਮੈਂ ਕਾਰਨ ਗਿਣਨਾ ਚਾਹੁੰਦਾ।

ਕਰਜ਼ਾ ਭਰਾਵੋ ਉਦੋਂ ਚੜ੍ਹਦਾ ਜਦੋਂ ਕਿਸੇ ਦੀ ਕਿਰਤ ਨਾਲ ਕੀਤੀ ਹੋਈ ਕਮਾਈ ਨਾਲ ਉਹਦੇ ਘਰ ਦਾ ਗੁਜ਼ਾਰਾ ਨਹੀਂ ਚੱਲਦਾ। ਉਦੋਂ ਕਰਜ਼ਾ ਚੜ੍ਹਦਾ। ਇਹਦਾ ਮਤਲਬ ਜਿੰਨੀ ਅਸੀਂ ਕਮਾਈ ਕੀਤੀ, ਜਿੰਨੀ ਘਰੇ ਆਈ, ਓਸ ਕਮਾਈ ਨੇ ਸਾਡੀਆਂ ਘਰ ਦੀਆਂ ਲੋੜਾਂ ਨਹੀਂ ਪੂਰੀਆਂ ਕੀਤੀਆਂ। ਉਹ ਲੋੜਾਂ ਕਿਸੇ ਹੋਰ ਥਾਂ ਤੋਂ ਪੂਰੀਆਂ ਹੋਈਆਂ। ਏਸ ਕਰਕੇ ਕਰਜ਼ਾ ਚੜ੍ਹਦਾ।

ਸਭ ਤੋਂ ਪਹਿਲਾਂ ਕਾਰਨ ਇਹ ਹੈ ਕਿ ਖੇਤ-ਮਜ਼ਦੂਰਾਂ ਨੂੰ ਮਜ਼ਦੂਰੀ ਤੇ ਕਿਸਾਨਾਂ ਦੀਆਂ ਜਿਣਸਾਂ ਦੇ ਭਾਅ! ਜਿਣਸਾਂ ਦੇ ਭਾਅ ਲਾਗਤ ਖਰਚੇ ਮੁਤਾਬਕ ਨਹੀਂ ਮਿਲੇ, ਮਜ਼ਦੂਰਾਂ ਨੂੰ ਮਜ਼ਦੂਰੀ ਉਹਨਾਂ ਦੇ ਘਰ ਦੇ, ਪਰਿਵਾਰ ਦੀ ਲਾਗਤ ਮੁਤਾਬਕ ਮਜ਼ਦੂਰੀ ਨਹੀਂ ਮਿਲੀ। ਇਹ ਦੋਨਾਂ ਸਿਰ ਕਰਜ਼ੇ ਤਾਂ ਚੜ੍ਹਗੇ। ਜਦੋਂ ਮਜ਼ਦੂਰਾਂ ਦੀ ਲਾਗਤ ਦੀ ਗੱਲ ਕਰਦੇ ਹਾਂ, ਭੁਲੇਖਾ ਪੈਂਦਾ ਲੋਕਾਂ ਨੂੰ, ਬਈ ਮਜ਼ਦੂਰਾਂ ਨੇ ਕਾਹਦੀ ਲਾਗਤ ਕਰਨੀ ਹੈ, ਉਨ੍ਹਾਂ ਦੀ ਕਾਹਦੀ ਲਾਗਤ ਹੋ ਗਈ। ਮਜ਼ਦੂਰਾਂ ਦੀ ਲਾਗਤ-ਘਰੇਲੂ ਖਰਚਾ, ਆਟਾ ਦਾਲ, ਬਿਜਲੀ ਪਾਣੀ ਦਾ ਬਿੱਲ, ਬੱਚਿਆਂ ਦੀ ਪੜ੍ਹਾਈ, ਉਹ ਸਾਰੀਆਂ ਗੱਲਾਂ ਨੂੰ ਧਿਆਨ 'ਚ ਰੱਖ ਕੇ, ਇੱਕ ਦਿਨ ਦਾ ਇੱਕ ਮਜ਼ਦੂਰ ਦੇ ਪੰਜ ਜੀਆਂ ਦੇ ਪਰਿਵਾਰ ਦਾ ਖਰਚਾ ਕਿੰਨਾ ਬਣਦਾ, ਉਹਦੇ ਮੁਤਾਬਕ ਮਜ਼ਦੂਰ ਦੀ ਦਿਹਾੜੀ ਮਿਥੀ ਜਾਵੇ ਤੇ 50% ਮੁਨਾਫ਼ਾ ਮਿਥਿਆ ਜਾਵੇ। ਜੇ 100 ਰੁ. ਇੱਕ ਮਜ਼ਦੂਰ ਦਾ ਇੱਕ ਦਿਨ ਦਾ ਖਰਚਾ, ਤਾਂ ਉਹਦੀ ਡੇਢ ਸੌ ਰੁਪਏ ਦਿਹਾੜੀ ਹੋਵੇ ਤਾਂ ਉਹਦਾ ਗੁਜ਼ਾਰਾ ਚੱਲ ਸਕਦਾ। ਅੱਜ ਦਿਹਾੜੀ 400 ਐ 300 ਐ, ਗੁਜ਼ਾਰਾ ਫੇਰ ਵੀ ਨਹੀਂ ਹੁੰਦਾ। ਇਹਦੇ ਕਾਰਨਾਂ ਦੀ ਮੈਂ ਅਗਾਂਹ ਦਾ ਕੇ ਚਰਚਾ ਕਰਨੀ ਐ।













ਏਸੇ ਤਰ੍ਹਾਂ ਫਸਲਾਂ ਦੇ ਲਾਗਤ ਖਰਚੇ ਦੀ ਗੱਲ ਐ। 1400, 1300 ਰੁਪਏ ਭਾਅ ਐ ਕਣਕ ਦਾ ਹੁਣ। ਕਿਸਾਨ ਜਥੇਬੰਦੀਆਂ 100 ਰੁਪਏ ਹੋਰ ਮੰਗ ਰਹੀਆਂ ਨੇ। 1500, 1400 ਰੁਪਏ ਜਦੋਂ ਕੁਇੰਟਲ ਦਾ ਭਾਅ ਹੋ ਗਿਆ। ਤਾਂ ਕੋਈ ਮਜ਼ਦੂਰ ਪਰਿਵਾਰ ਐਨੀ ਮਹਿੰਗੀ ਕਣਕ ਖਰੀਦ ਕੇ ਖਾ ਨਹੀਂ ਸਕਦਾ। ਨਾ 1400 ਨਾਲ ਕਿਸਾਨ ਦਾ ਘਰ ਪੂਰਾ ਹੁੰਦੈ, ਤੇ ਨਾ ਮਜ਼ਦੂਰ ਖਾ ਸਕਦੈ। ਫੇਰ ਇਹ ਥੱਲੇ ਕਿਵੇਂ ਆਉਂਦੀ ਐ? ਗੱਲ ਇਹ ਆ ਬਈ ਇਹਦੇ (ਫ਼ਸਲ ਪੈਦਾਵਾਰ ਦੇ) ਲਾਗਤ ਖਰਚੇ ਨੇ ਜਿਹੜੇ ਉਹਨਾਂ 'ਤੇ ਕੱਟ ਲਾਓ। ਲਾਗਤ ਖਰਚੇ ਕੀ ਨੇ, ਇਹ ਮੈਂ ਅੱਗੇ ਜਾ ਕੇ ਗਿਣਾਉਣੇ ਨੇ, ਲਾਗਤ ਦੇ ਵਿੱਚ ਕਰੂੰਗਾ ਮੈਂ ਇਹ ਗੱਲ। ਆਹ ਪਹਿਲਾ ਕਾਰਨ ਐ ਬਈ ਸਾਨੂੰ ਲਾਗਤ ਖਰਚਿਆਂ ਦੇ ਮੁਤਾਬਕ ਭਾਅ ਨਹੀਂ ਮਿਲੇ। ਮਜ਼ਦੂਰਾਂ ਨੂੰ ਉਹਨਾਂ ਦੇ ਘਰ ਦੇ ਖਰਚਿਆਂ ਮੁਤਾਬਕ ਦਿਹਾੜੀ ਨਹੀਂ ਮਿਲੀ ਕਰਜ਼ਾ ਤਾਂ ਚੜ੍ਹ ਗਿਆ।

ਦੂਜਾ ਕਾਰਨ ਐ, ਜ਼ਮੀਨਾਂ ਦੇ ਸੁਧਾਰ ਲਾਗੂ ਨਹੀਂ ਹੋਏ, ਜ਼ਮੀਨਾਂ ਦੀ ਵੰਡ ਨਹੀਂ ਹੋਈ, ਜ਼ਮੀਨਾਂ ਦੀ ਤਰਤੀਬ ਠੀਕ ਨਹੀਂ ਹੋਈ। ਜਿਹੜੇ ਖੇਤੀ ਕਰਨ ਵਾਲੇ ਕਿਸਾਨ ਨੇ, ਪੰਜ ਜੀਆਂ ਦੇ ਪਰਿਵਾਰ ਨੂੰ ਘੱਟੋ-ਘੱਟ 5 ਏਕੜ ਜ਼ਮੀਨ ਚਾਹੀਦੀ ਐ। ਜਿਹੜੇ ਪਿੰਡਾਂ ਦੇ ਵਿੱਚ ਰਹਿੰਦੇ ਖੇਤ-ਮਜ਼ਦੂਰ ਨੇ ਉਹਨਾਂ ਨੂੰ ਪਰਿਵਾਰ ਦੇ ਗੁਜ਼ਾਰੇ ਜੋਗੀ ਜ਼ਮੀਨ ਦੀ ਮੰਗ ਆ ਸਾਡੀ। ਇਹ ਸੁਧਾਰ ਲਾਗੂ ਨਹੀਂ ਕੀਤੇ ਗਏ, ਇਹ ਦੂਜਾ ਕਾਰਨ ਐ ਕਰਜ਼ਾ ਚੜ੍ਹਨ ਦਾ।

ਤੀਜਾ ਕਾਰਨ ਐ, ਸੂਦਖੋਰਾਂ ਦੀ ਅੰਨ੍ਹੀ ਲੁੱਟ। ਸੂਦਖੋਰਾਂ ਦੀ ਮਾਰ ਦੇ ਹੇਠ ਮਜ਼ਦੂਰ ਵੀ ਆਉਂਦੇ ਨੇ, ਸੂਦਖੋਰਾਂ ਦੀ ਮਾਰ ਦੇ ਹੇਠ ਕਿਸਾਨ ਵੀ ਆਉਂਦੇ ਨੇ। ਕਿਸਾਨਾਂ ਦਾ ਇੱਕ ਆੜ੍ਹਤੀਆ, ਜਿਹਨੂੰ ਕਿਸਾਨ ਕਹਿੰਦੇ ਨੇ ਕਿ "ਸ਼ਾਹ ਬਿਨਾਂ ਪੱਤ ਨਹੀਂ", ਤੇ ਸ਼ਾਹ ਦੇ ਨਾਲ ਤਾਂ ਸਾਡਾ "ਨਹੁੰ ਮਾਸ" ਦਾ ਰਿਸ਼ਤਾ। ਇੱਕ ਸ਼ਾਹੂਕਾਰ ਭਰਾਵੋ ਜੇ ਕਿਸੇ ਕਿਸਾਨ ਨੂੰ 100 ਰੁ. ਦਿੰਦਾ ਤਾਂ ਇੱਕ ਸਾਲ ਦੇ ਵਿੱਚ ਉਹ ਕਿਸਾਨ ਉਸਨੂੰ 33 ਰੁ. ਮੋੜਦਾ। ਐਡਾ ਵੱਡਾ ਮੁਨਾਫ਼ਾ ਕਿਸੇ ਬਿਜ਼ਨਸ ਤੇ ਕਿਸੇ ਵਪਾਰ ਦੇ ਵਿੱਚ ਹੈ ਈ ਨੀ, ਬਈ 100 ਰੁ. ਦੇ ਇੱਕ ਸਾਲ ਦੇ ਵਿੱਚ 133 ਬਣ ਜਾਣ। ਜੇ ਕਿਸੇ ਨੂੰ ਭੁਲੇਖਾ ਤਾਂ ਡਟ ਕੇ ਵਿਚਾਰ ਕਰ ਲਿਓ। ਆਹ ਤੀਜਾ ਵੱਡਾ ਕਾਰਨ ਐ, ਜਿਹੜਾ ਸਾਨੂੰ ਕਿਸਾਨਾਂ ਤੇ ਮਜ਼ਦੂਰਾਂ ਨੂੰ ਮਾਰਦਾ। ਜਦੋਂ ਅਸੀਂ ਮਜ਼ਦੂਰਾਂ ਦੇ ਨਾਲ ਸਾਂਝ ਪਾਉਂਦੇ ਹਾਂ, ਉਹਨਾਂ ਨੂੰ ਉਜਰਤ ਦਿੰਦੇ ਹਾਂ, ਉਹਨਾਂ ਨੂੰ ਸਾਲ ਦੀ ਦਿਹਾੜੀ ਦਿੰਦੇ ਹਾਂ ਤਾਂ ਜਿਹੜੇ ਵਾਧੂ ਲੋੜਾਂ ਪੂਰੇ ਕਰਨ ਵਾਸਤੇ ਖਰਚੇ ਨੇ, ਫਿਰ ਉਹ ਆੜ੍ਹਤੀਏ ਵਾਲੇ ਵਿਆਜ਼ ਤੋਂ 2 ਪੈਸੇ ਵੱਧ ਈ ਲਾਉਂਦੇ ਨੇ ਕਿਸਾਨ, ਤੇ ਉਹ ਇਧਰ ਮਜ਼ਦੂਰਾਂ ਨੂੰ ਭੁਗਤਣਾ ਪੈਂਦਾ। ਇਸ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਵਿਆਜ਼ ਖੋਰਾਂ ਨੇ ਮਾਰਿਆ। ਇਹ ਤੀਜਾ ਕਾਰਨ ਐ।

ਚੌਥਾ ਕਾਰਨ ਆ ਭਰਾਵੋ ਰੁਜ਼ਗਾਰ ਦੇ ਸਾਧਨ ਨਾ ਹੋਣਾ। ਖੇਤ ਮਜ਼ਦੂਰਾਂ ਨੂੰ ਆਹ ਮਸ਼ੀਨਰੀ ਨੇ ਵਿਹਲਾ ਕਰਤਾ, ਕੀੜੇਮਾਰ ਦਵਾਈਆਂ ਨੇ ਵਿਹਲਾ ਕਰਤਾ, ਖੇਤਾਂ 'ਚ ਮਿਲਣ ਵਾਲਾ ਰੁਜ਼ਗਾਰ ਬੰਦ ਹੋ ਗਿਆ। ਪੜ੍ਹਾਈਆਂ ਕਰਵਾਉਂਦੇ ਨੇ ਮਜ਼ਦੂਰ ਔਖੇ ਸੌਖੇ, ਪਰ ਪੜ੍ਹਨ ਤੋਂ ਬਾਅਦ ਵੀ ਅਗਾਂਹ ਬੱਚਿਆਂ ਨੂੰ ਰੁਜ਼ਗਾਰ ਨਹੀਂ। ਏਹੋ ਹਾਲ ਕਿਸਾਨੀ ਦਾ। ਕਿਸਾਨਾਂ ਦੇ ਤੇ ਮਜ਼ਦੂਰਾਂ ਦੇ ਬੱਚਿਆਂ ਨੂੰ ਕੋਈ ਰੁਜ਼ਗਾਰ ਨਹੀਂ, ਤੇ ਕਿਸਾਨਾਂ ਦੇ 5 ਜੀਆਂ ਦੇ ਵਿੱਚੋਂ 1 ਜਣੇ ਨੂੰ 5 ਕਿੱਲਿਆਂ 'ਚ ਰੁਜ਼ਗਾਰ ਐ, ਬਾਕੀ 4 ਨੂੰ ਰੁਜ਼ਗਾਰ ਹੈ ਨਹੀਂ। ਤੇ ਮਜ਼ਦੂਰਾਂ ਦੇ ਪੰਜ ਜੀਆਂ ਦੇ ਵਿੱਚੋਂ ਇੱਕ ਜੀਅ ਨੂੰ ਰੁਜ਼ਗਾਰ ਐ ਨਰੇਗਾ ਦੇ ਤਹਿਤ 4 ਜਣਿਆਂ ਨੂੰ ਰੁਜ਼ਗਾਰ ਨਹੀਂ। ਇੱਕ ਜੀਅ ਰੁਜ਼ਗਾਰ ਕਰਦ ਤੇ ਪੰਜ ਜੀਆਂ ਦਾ ਗੁਜ਼ਾਰਾ ਚੱਲਦਾ ਇਹ ਕਾਰਨ ਹੈ ਸਾਡੇ 'ਤੇ ਕਰਜ਼ਾ ਚੜ੍ਹਨ ਦਾ ਕਿ ਰੁਜ਼ਗਾਰ ਦੇ ਸਾਧਨ ਹੈ ਨੀਂ।

ਪੰਜਵਾਂ ਕਾਰਨ ਹੈ ਪਬਲਿਕ ਸੈਕਟਰ ਦੇ ਵਿੱਚੋਂ ਸਹੂਲਤਾਂ ਦਾ ਸੁੰਗੜਨਾ। ਪਬਲਿਕ ਸੈਕਟਰ ਕੀ ਐ ਭਰਾਵੋ? ਬਿਜਲੀ, ਵਿਦਿਆ, ਸੜਕਾਂ, ਹਸਪਤਾਲ, ਪਾਣੀ ਜਿਹੜੀਆਂ ਸਹੂਲਤਾਂ ਸਾਨੂੰ ਫਰੀ ਦਿੱਤੀਆਂ ਜਾ ਸਕਦੀਆਂ ਨੇ ਕਿਸਾਨਾਂ ਤੇ ਖੇਤ-ਮਜ਼ਦੂਰਾਂ ਨੂੰ, ਉਹਨਾਂ ਦਾ ਐਨਾ ਮਾੜਾ ਹਾਲ ਕਰ ਦਿੱਤਾ ਕਿ ਉਹ ਸਹੂਲਤਾਂ ਉਥੋਂ ਮੁਹੱਈਆ ਕਰਵਾਉਣੀਆਂ ਈ ਔਖੀਆਂ ਨੇ। ਸਕੂਲਾਂ ਦਾ, ਬਿਜਲੀ ਦਾ, ਅਨਾਜ ਦਾ ਹਾਲ ਤੁਹਾਡੇ ਸਾਹਮਣੇ ਹੈ, ਇਹ ਬਹੁਤ ਸੁੰਗੜ ਚੁੱਕੀਆਂ ਨੇ। ਇਹਨਾਂ ਸਹੂਲਤਾਂ ਦਾ ਸੁੰਗੜਨਾਂ ਸਾਡੇ ਸਿਰ ਕਰਜ਼ੇ ਦਾ ਪੰਜਵਾਂ ਵੱਡਾ ਕਾਰਨ ਹੈ।

ਲੋੜੀਂਦੀਆਂ ਵਸਤਾਂ ਮਹਿੰਗੀਆਂ ਨੇ, ਉਹਨਾਂ ਦੇ ਰੇਟ ਕਾਰਪੋਰੇਟ ਘਰਾਣਿਆਂ ਦੀ ਮਰਜ਼ੀ ਦੇ ਨੇ। ਇਨ੍ਹਾਂ ਕਾਰਨਾਂ ਕਰਕੇ ਸਾਡੇ ਸਿਰ ਕਰਜ਼ਾ ਚੜ੍ਹਿਆ। ਬਹੁਤ ਥੋੜੇ ਕਾਰਨ ਨੇ, ਕਿ ਦਾਰੂ ਪੀਂਦੇ ਨੇ, ਵਿਆਹਾਂ 'ਤੇ ਖਰਚੇ ਕਰਦੇ ਨੇ, ਮਰਨਿਆਂ 'ਤੇ ਖਰਚੇ ਕਰਦੇ ਨੇ। ਬਹੁਤ ਸਾਰੇ ਪਰਿਵਾਰ ਇਹੋ ਜਿਹੇ ਨੇ, ਜਿਨ੍ਹਾਂ ਨੇ ਅਜੇ ਤੱਕ ਕੋਈ ਬੱਚਾ ਨਹੀਂ ਵਿਆਹਿਆ, ਜਿਨ੍ਹਾਂ ਦੇ ਦਾਰੂ ਘਰੇ ਨਹੀਂ ਬੜਦੀ, ਜਿਨ੍ਹਾਂ ਦਾ ਕੋਈ ਜੀ ਨਸ਼ਾ ਨਹੀਂ ਕਰਦਾ। ਜੇ ਉਹ ਜੱਗ ਤੋਂ ਨਿਆਰੇ ਹੋਣ, ਉਹਨਾਂ ਦੀਆਂ ਕੋਠੀਆਂ ਦਿਸ ਜਾਣ, ਉਹਨਾਂ ਦੇ ਕਾਕਿਆਂ ਦੀਆਂ ਕਾਰਾਂ ਦਿਸਣ। ਤਾਂ ਦੇਖ ਕੇ ਅਸੀਂ ਪ੍ਰਵਾਨ ਕਰ ਲਈਏ। ਥੋੜੇ ਵਿੱਚ ਬੈਠੇ ਹੋਣੇ ਨੇ, ਬਿਆਸ ਆਲਿਆਂ ਦੇ ਪਰਿਵਾਰ, ਸਰਸੇ ਆਲਿਆਂ ਦੇ ਪਰਿਵਾਰ, ਅੰਮ੍ਰਿਤਧਾਰੀ ਪਰਿਵਾਰ ਜਿਨ੍ਹਾਂ ਦੇ ਘਰੇ ਪੁਸ਼ਤਾਂ ਤੋਂ ਨਸ਼ਾ ਨਹੀਂ ਵੜਿਆ। ਉਹਨਾਂ ਸਿਰ ਵੀ ਕਰਜ਼ਾ। ਸੋ ਕਰਜ਼ਾ ਚੜ੍ਹਨ ਦੇ ਕਾਰਨ ਹੋਰ ਐ।

ਤੇ ਆਹ ਕਾਰਨਾਂ ਨੇ ਸਾਡਾ ਬਣਾ ਕੀ ਦਿੱਤਾ, ਕਿ ਮਜ਼ਦੂਰ ਮਜ਼ਦੂਰੀ ਕਰਨ ਗਿਆ, ਦੋਦੇ ਦੀ ਇੱਕ ਘਟਨਾ, ਤਿੰਨ ਦਿਨ ਵਾਪਸ ਨਹੀਂ ਮੁੜਿਆ। ਉਹ ਭੈਣ ਨੇ ਆਵਦੇ ਤਿੰਨ ਬੱਚਿਆਂ ਨੂੰ ਕਮਰੇ 'ਚ ਬੰਦ ਕਰਕੇ, ਉੱਤੇ ਰਜਾਈਆਂ ਸਿੱਟ ਕੇ ਅੰਦਰ ਅੱਗ ਲਾ ਕੇ ਆਵਦੇ ਆਪ ਨੂੰ ਤਿੰਨ ਬੱਚਿਆਂ ਸਮੇਤ ਖ਼ਤਮ ਕਰ ਲਿਆ। ਮਜ਼ਦੂਰ ਪਰਿਵਾਰ ਖੁਦਕੁਸ਼ੀ ਕਰ ਗਿਆ। ਆਹ ਕਾਰਨਾਂ ਦੇ ਸਤਾਏ ਹੋਏ ਨੇ ਲੋਕ.....ਆਹ ਕਿਸਾਨ ਜਿਹੜੇ ਸਰਪੰਚੀਆਂ ਲੈ ਕੇ ਸੱਥਾਂ 'ਚ ਬਾਂਹ ਖੜ੍ਹੀ ਕਰ ਕੇ ਬੋਲਦੇ ਹੁੰਦੇ ਸੀ, ਇੱਕ ਸਟੇਜ ਆ ਗਈ, ਕਰਜ਼ਾ ਐਨਾ ਚੜ੍ਹ ਗਿਆ ਕਿ ਕੱਲ੍ਹ ਨੂੰ ਤਿੰਨ ਕਿੱਲਿਆਂ ਦੀ ਬੈਅ ਦੀ ਰਜਿਸਟਰੀ ਕਰਵਾਉਣੀ ਪੈਣੀ। ਇਕਰਾਨਾਮਾ ਹੋ ਗਿਆ। ਰਜਿਸਟਰੀ ਕਰਵਾ ਕੇ ਆਊਂਗਾ, ਕੱਲ੍ਹ ਨੂੰ ਲੋਕਾਂ 'ਚ ਮੂੰਹ ਕਿਵੇਂ ਦਿਖਾਊਂਗਾ, ਏਸ ਕਰਕੇ ਸਾਰੇ ਦੇ ਸਾਰੇ ਪਰਿਵਾਰ ਨੂੰ ਮਾਰ ਕੇ ਆਪ ਖੁਦਕੁਸ਼ੀ ਕਰ ਗਿਆ। ਕਿਸਾਨਾਂ ਤੇ ਮਜ਼ਦੂਰਾਂ ਦੀਆਂ ਆਹ ਕਰਜ਼ੇ ਨੇ ਖੁਦਕੁਸ਼ੀਆਂ ਕਰਵਾ ਦਿੱਤੀਆਂ। ਆਹ ਕਰਜ਼ੇ ਕਰਕੇ ਖੁਦਕੁਸ਼ੀਆਂ ਹੋਣ ਲੱਗ ਪਈਆਂ।

**ਕਰਜ਼ੇ ਦਾ ਹੱਲ -**

ਹੁਣ ਭਰਾਵੋ ਕਰਜ਼ਾ ਗਿਆ ਚੜ੍ਹ। ਖੁਦਕੁਸ਼ੀਆਂ ਦਾ ਰੁਝਾਨ ਤੁਰ ਪਿਆ। ਕਰਜ਼ੇ ਦੇ ਕਾਰਨਾਂ ਦੀ ਮੋਟੀ ਵਿਆਖਿਆ ਕੀਤੀ ਐ। ਤੇ ਫੇਰ ਇਹਦਾ ਹੱਲ ਕੋਈ ਹੈ? ਮੈਂ ਹੱਲ 'ਤੇ ਗੱਲ ਕਰਨੀ ਚਾਹੁੰਦਾ ਹਾਂ।

ਸਭ ਤੋਂ ਪਹਿਲੀ ਗੱਲ, ਜਿਹੜੀ ਸੁਖਦੇਵ ਬੋਲ ਕੇ ਗਿਆ ਕਿ ਜ਼ਮੀਨਾਂ ਦੀ ਥੁੜ ਪੂਰੀ ਹੋਵੇ। ਇਹ ਥੁੜ ਜ਼ਮੀਨੇ ਕਿਸਾਨਾਂ ਤੇ ਖੇਤ ਮਜ਼ਦੂਰਾਂ 'ਚ ਵੰਡੀ ਜਾਵੇ। ਇਹ ਸਰਕਾਰ ਦੀ ਛਾਤੀ 'ਚ ਸਭ ਤੋਂ ਵੱਡਾ ਕਿੱਲ ਐ। ਸਭ ਤੋਂ ਔਖੀ ਗੱਲ ਲੱਗਦੀ ਐ ਸਰਕਾਰ ਨੂੰ। ਤੇ ਸਭ ਤੋਂ ਭੈੜੀ ਆ ਇਹ ਉਹਨਾਂ ਵਾਸਤੇ। ਤੇ ਸੋਡੀ ਬਿਮਾਰੀ ਦੀ ਸਭ ਤੋਂ ਪਹਿਲੀ ਦਵਾਈ ਸਿਰਫ਼ ਏਹੋ ਈ ਐ। ਜੇ ਭਰਾਵੋ ਤੁਹਾਡੇ ਕਿਸਾਨ ਮਜ਼ਦੂਰਾਂ ਕੋਲੇ ਜ਼ਮੀਨਾਂ ਨੇ ਤਾਂ ਇੱਕ ਗੱਲ ਦੀ ਗਾਰੰਟੀ ਤਾਂ ਕਰੋਂਗੇ ਬਈ ਭੁੱਖ ਦੇ ਨਾਲ ਤੁਹਾਡੇ ਬੱਚੇ ਤਾਂ ਨੀ ਮਰਨਗੇ। ਫੇਰ ਜੇ ਜ਼ਮੀਨਾਂ ਲੈਣੀਆਂ ਨੇ, ਮੰਗ ਕਰੇ ਤੋਂ ਨਹੀਂ ਮਿਲਣੀਆਂ। ਲੜਾਈ ਕਰਨੀ ਪੈਣੀ ਐ। ਕੁੱਤੇ ਦੇ ਮੂੰਹ 'ਚ ਹੱਡੀ ਐ। ਹਿਸਾਬ ਲਾ ਲਓ ਬਈ ਕੁੱਤਾ ਹੱਡੀ ਕਿਵੇਂ ਛੱਡਦਾ ਹੁੰਦੈ। ਮੂੰਹ 'ਚ ਹੱਥ ਪਾਉਣਾ ਪੈਣਾ। ਜਦੋਂ ਮੂੰਹ 'ਚ ਹੱਥ ਪਾਓਂਗੇ ਤਾਂ ਥੋਨੂੰ ਪਤਾ ਬਈ ਕੁੱਤੇ ਦੇ ਦੰਦ ਵੀ ਨੇ। ਇਹ ਫੈਸਲਾ ਕਰਕੇ ਹੱਥ ਪਾਉਣਾ ਕਿ ਦੰਦ ਵਿੱਚ ਵੱਜਣਗੇ। ਤੇ ਜਦੋਂ ਹੱਥ ਖਿੱਚਣਾ, ਇਹ ਫੈਸਲਾ ਕਰਕੇ ਹੱਥ ਖਿੱਚਣਾ ਕਿ ਦੰਦਾਂ ਸਮੇਤ ਹੱਡੀ ਬਾਹਰ ਆ ਜੇ। ਆਹ ਫੈਸਲਾ ਕਰਨਾ।

ਦੂਜਾ ਹੱਲ ਐ, ਕਿਸਾਨਾਂ ਤੇ ਮਜ਼ਦੂਰਾਂ ਦਾ ਸਾਰਾ ਕਰਜ਼ਾ ਖ਼ਤਮ ਕਰੋ। ਮੁੜ ਕੇ ਕਰਜ਼ਾ ਨਾ ਚੜ੍ਹੇ ਕਰਜ਼ਾ ਕਾਨੂੰਨ ਬਣਾਓ। ਐਹੋ ਜਿਹੀ ਨੀਤੀ ਤਹਿ ਕਰੋ ਕਿ ਮੁੜ ਕੇ ਕਿਸਾਨਾਂ ਤੇ ਮਜ਼ਦੂਰਾਂ ਦੇ ਸਿਰ ਕਰਜ਼ਾ ਨਾ ਚੜ੍ਹੇ। ਹੁਣ ਸਵਾਲ ਭਰਾਵੋ ਇਹ ਐ ਕਿ ਜਿਹੜੀ ਸਾਡੀ ਕਰਜ਼ੇ ਦੀ ਮੰਗ ਐ ਕੀ ਇਹ ਪੰਜਾਬ ਦੇ ਸਾਰੇ ਕਿਸਾਨਾਂ ਨੂੰ ਕਰਜ਼ਾ ਮੁਆਫ਼ ਕਰਵਾਉਣ ਦੀ ਗੱਲ ਆ ਸਾਡੀ। ਨਹੀਂ ਭਰਾਵੋ। ਅਸੀਂ ਸਾਰੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਵਾਉਣ ਦੀ ਗੱਲ ਨਹੀਂ ਕਰਦੇ। ਅਸੀਂ ਕੀਹਦੀ ਗੱਲ ਕਰਦੇ ਹਾਂ। ਕਰਜ਼ਾ ਭਰਾਵੋ ਉਹਨਾਂ ਕਿਸਾਨਾਂ ਦਾ ਜਿਹੜੇ ਮੋੜਨੋ 'ਅਸਮਰਥ' ਨੇ। 'ਅਸਮਰਥ' ਭਰਾਵੋ ਕਿਹੜੇ ਨੇ ਜਿਹੜੇ ਘੱਟ ਪੈਲੀਆਂ ਵਾਲੇ ਨੇ। ਇਨ੍ਹਾਂ ਸਿਰ ਕਰਜ਼ਾ ਹੈ ਵੀ ਬਹੁਤ ਥੋੜਾ। ਜਿਹੜੇ ਭਰਾਵੋ 10-15 ਕਿੱਲਿਆਂ ਤੋਂ ਵੱਡੇ ਕਿਸਾਨ ਨੇ, ਸੈਂਕੜੇ ਕਿੱਲਿਆਂ ਵਾਲੇ, ਉਹਨਾਂ ਦਾ ਕਰੋੜਾਂ ਰੁਪਏ ਕਰਜ਼ਾ ਚੁੱਕਿਆ ਹੋਇਆ। ਉਹਨਾਂ ਦੇ ਕਰਜ਼ੇ ਦੀ ਗੱਲ ਅਸੀਂ ਨਹੀਂ ਕਰਦੇ। ਆਪਾਂ ਇਹਨਾਂ ਨੂੰ ਕਿਸਾਨ ਨਹੀਂ ਮੰਨਦੇ। ਇਹਨਾਂ ਨੇ ਤਾਂ ਕਰੋੜਾਂ ਕਰੋੜ ਲੋਨ ਚੱਕਿਆ ਹੋਇਆ। ਇਹ ਕਿਸਾਨ ਨਹੀਂ। ਇਹਨਾਂ 'ਤੇ ਤਾਂ ਟੈਕਸ ਲੱਗਣਾ ਚਾਹੀਦਾ। ਸੋ, ਦੂਜਾ ਹੱਲ ਆਹ ਕਰਜਾ ਮੁਆਫੀ ਹੈ।

ਅਗਲਾ ਹੱਲ ਹੈ ਇਹਦਾ, ਸੂਦਖੋਰੀ ਪ੍ਰਬੰਧ ਨੂੰ ਖ਼ਤਮ ਕਰੋ, ਜੜ੍ਹੋਂ ਪੁੱਟੋ। ਕੋਈ ਸੂਦਖੋਰ ਵੇਖਣ ਨੂੰ ਨਾ ਮਿਲੇ। ਸੂਦਖੋਰੀ ਕਰਨ ਵਾਲੇ ਵਾਸਤੇ ਕਾਨੂੰਨ ਬਣਾਓ ਕਿ ਜਿਹੜਾ ਵੀ ਵਿਆਜ਼ 'ਤੇ ਪੈਸੇ ਦਿਊਗਾ ਉਹਨੂੰ ਸਖ਼ਤ ਸਜ਼ਾਵਾਂ ਮਿਲਣ। ਸੂਦਖੋਰੀ ਪ੍ਰਬੰਧ ਅੰਦਰਲੇ ਆੜ੍ਹਤੀ ਸਿਸਟਮ ਨੂੰ ਵਿਚਾਲਿਓਂ ਮੁਕਾ ਦਿਓ। ਆੜ੍ਹਤੀ ਸਿਸਟਮ ਕਿਸਾਨਾਂ ਦਾ ਦੁਸ਼ਮਣ ਐ, ਇੱਕ ਨੰਬਰ ਦਾ ਮਿਥਿਆ ਹੋਇਆ ਦੁਸ਼ਮਣ। ਇਸਨੂੰ ਖੇਤੀ ਧੰਦੇ ਵਿੱਚੋਂ ਖ਼ਤਮ ਕਰੋ। ਇਹਦਾ ਇਹੋ ਹੱਲ ਐ। ਕਿਸਾਨਾਂ ਤੇ ਮਜ਼ਦੂਰਾਂ ਨੂੰ ਬੈਂਕਾਂ ਤੋਂ ਕਰਜ਼ੇ। ਫ਼ਸਲੀ ਕਰਜ਼ੇ ਬਿਨਾਂ ਵਿਆਜ਼, ਮਜ਼ਦੂਰਾਂ ਦੇ ਰੁਜ਼ਗਾਰ ਵਾਸਤੇ, ਘਰਾਂ ਵਾਸਤੇ, ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਕਰਜ਼ਿਆਂ 'ਤੇ ਵਿਆਜ਼ 4% ਤੋਂ ਵੱਧ ਨਾ ਹੋਵੇ। ਇਹਦਾ ਪ੍ਰਬੰਧ ਕਰੋ।

ਅਗਲਾ ਹੱਲ ਐ, ਪਬਲਿਕ ਸੈਕਟਰ ਦੇ ਵਿੱਚੋਂ ਸੇਵਾਵਾਂ ਫਰੀ ਕਰੋ। ਮਜ਼ਦੂਰਾਂ ਦੇ ਬੱਚਿਆਂ ਨੂੰ ਵਿੱਦਿਆ ਫਰੀ, ਇਲਾਜ ਫਰੀ, ਬਿਜਲੀ ਫਰੀ, ਪਾਣੀ ਫਰੀ ਕਰ ਦਿਓ। ਜਿੱਥੇ ਤੱਕ ਮਜ਼ਦੂਰਾਂ ਦਾ ਬੱਚਾ ਪੜ੍ਹਨਾ ਚਾਹੇ, ਕਿਸਾਨਾਂ ਦਾ ਬੱਚਾ ਪੜ੍ਹਨਾ ਚਾਹੇ, ਉਹਦੀ ਵਿੱਦਿਆ ਫਰੀ ਕਰ ਦਿਓ। ਫੇਰ ਦੇਖਾਂਗੇ ਕਿ ਡਾਕਟਰੀ ਦੇ ਪੀ. ਐਮ. ਟੀ. ਟੈਸਟ 'ਚੋਂ ਥੋਡਾ ਬੱਚਾ ਪਾਸ ਹੁੰਦਾ ਕਿ ਸਾਡੇ ਕਿਸਾਨਾਂ ਮਜ਼ਦੂਰਾਂ ਦੇ ਬੱਚੇ ਪਾਸ ਹੁੰਦੇ ਨੇ। ਫੇਰ ਦੇਖਾਂਗੇ ਕਿ ਵੱਡੇ ਵੱਡੇ ਫਿਲਾਸਫਰ, ਅਰਥਸ਼ਾਸਤਰੀ ਥੋਡੇ ਸਰਾਮਏਦਾਰਾਂ 'ਚੋਂ ਹੁੰਦੇ ਨੇ ਕਿ ਸਾਡੇ 'ਚੋਂ ਹੁੰਦੇ ਨੇ। ਸਰਕਾਰ ਆਹ ਸੇਵਾਵਾਂ ਫਰੀ ਕਰੇ। ਰੁਜ਼ਗਾਰ ਦੇ ਸਾਧਨ ਮੁਹੱਈਆ ਕਰੇ। ਪੜ੍ਹੇ ਲਿਖੇ ਬੱਚਿਆਂ ਨੂੰ ਰੁਜ਼ਗਾਰ, ਤੇ ਜੇ ਰੁਜ਼ਗਾਰ ਨਹੀਂ ਤਾਂ ਬੇਰੁਜ਼ਗਾਰੀ ਭੱਤਾ ਦੇਵੇ। ਨਰੇਗਾ ਸਕੀਮ ਦੇ ਤਹਿਤ ਮਜ਼ਦੂਰਾਂ ਦੇ ਪਰਿਵਾਰ ਦੇ ਸਾਰੇ ਜੀਆਂ ਨੂੰ ਰੁਜ਼ਗਾਰ ਸਾਰਾ ਸਾਲ ਦੇਵੇ, ਤੇ ਜੇ ਰੁਜ਼ਗਾਰ ਨਹੀਂ ਤਾਂ ਸਾਨੂੰ ਬੇਰੁਜ਼ਗਾਰੀ ਭੱਤਾ ਦੇਵੇ। ਇਹ ਪ੍ਰਬੰਧ ਹੋਵੇ, ਤਾਂ ਸਾਡਾ ਗੁਜ਼ਾਰਾ ਹੁੰਦਾ। ਬੁਢਾਪਾ ਪੈਨਸ਼ਨਾਂ - ਮਜ਼ਦੂਰਾਂ ਤੇ ਕਿਸਾਨਾਂ ਨੂੰ ਮੁਲਾਜ਼ਮ ਮੰਨਿਆ ਜਾਵੇ, ਦੇਸ਼ ਦੇ ਸੇਵਾਦਾਰ ਮੰਨਿਆ ਜਾਵੇ। ਕੋਈ ਗੱਲ ਕਰਕੇ ਦੇਖ ਲਏ ਅਧਿਕਾਰੀ, ਮੁੱਕਰ ਨਹੀਂ ਸਕਦੇ। ਸਾਡੇ ਕਿਸਾਨ ਤੇ ਮਜ਼ਦੂਰ ਦੇਸ਼ ਦੀ ਸੇਵਾ ਕਰਦੇ ਨੇ। ਕੋਈ ਪਲਾਂਟ, ਕੋਈ ਫੈਕਟਰੀ, ਕੋਈ ਸੜਕ, ਕੋਈ ਨਹਿਰ, ਕੋਈ ਪ੍ਰੋਜੈਕਟ, ਕੋਈ ਡੈਮ ਬਣਾਉਂਦੇ ਨੇ ਤਾਂ ਮਜ਼ਦੂਰ ਬਣਾਉਂਦੇ ਨੇ। ਤੇ ਮਜ਼ਦੂਰਾਂ ਦਾ ਹਿੱਸਾ ਦੇਸ਼ ਦੇ ਅਨਾਜ ਦੇ ਵਿੱਚ ਵੀ ਐ। ਅੰਨ ਪੈਦਾ ਕਰਕੇ ਦੇਸ਼ ਦੇ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਦੇ ਨੇ। ਅਨਾਜ ਦੀਆਂ ਕੀਮਤਾਂ ਸਰਕਾਰਾਂ ਆਵਦੇ ਮਰਜ਼ੀ ਦੇ ਰੇਟ 'ਤੇ ਬੰਨ੍ਹਦੀ ਆ। ਇਸ ਕਰਕੇ ਸਰਕਾਰ ਇਹ ਮੰਨੇ ਕਿ 58 ਸਾਲ ਦਾ ਮਜ਼ਦੂਰ ਤੇ ਕਿਸਾਨ ਜਦੋਂ ਹੋ ਗਿਆ, ਉਹ ਸੇਵਾ-ਮੁਕਤ ਹੋਊਗਾ। ਤੇ ਹਰੇਕ ਮਜ਼ਦੂਰ ਤੇ ਕਿਸਾਨ ਭੈਣ ਭਰਾ ਦੀ 58 ਸਾਲ ਤੋਂ ਬਾਅਦ 5000 ਰੁਪਏ ਪੈਨਸ਼ਨ ਹੋਊਗੀ। ਸਰਕਾਰ ਦੀ ਘੰਟੀ ਖੜਕ ਜਾਊ, ਥੋਡੇ ਘਰੇ ਚਿੱਠੀ ਆਊ ਕਿ ਪ੍ਰਸਿੰਨੀਏ ਤੋਂ ਕੱਲ੍ਹ ਤੋਂ ਰਿਟਾਇਰ ਐਂ, ਤੈਂ ਨਹੀਂ ਰੋਟੀ ਹੁਣ ਲਾਹੁਣੀ। ਤੁਸੀਂ ਨੇ ਝਾੜੂ ਛੱਡ ਦੇਣੇ ਨੇ 58 ਤੋਂ ਬਾਅਦ। ਜੇ ਕੋਈ ਗੋਹਾ ਢੋਂਦੀ ਭੈਣ ਨੂੰ ਚਿੱਠੀ ਆ ਗਈ ਕਿ ਤੂੰ ਭੈਣੇ 58 ਸਾਲ ਦੀ ਹੋ ਗਈ, ਗੋਹੇ ਦੀ ਟੋਕਰੀ ਪੁੱਠੀ ਉਲਟਾ ਦਿਓ ਬਈ ਮੈਂ ਨੀਂ ਹੁਣ ਕੰਮ ਕਰਨਾ ਕਿਉਂਕਿ ਸਰਕਾਰ ਦਾ ਕਾਨੂੰਨ ਕਹਿੰਦਾ। 5 ਹਜ਼ਾਰ ਰੁਪਈਆਂ ਦਾ ਚੈਕ ਤੁਹਾਡੇ ਘਰੇ ਆਵੇ। ਬੁੜੇ ਦਾ ਪੰਜ ਹਜ਼ਾਰ, ਬੁੜੀ ਦਾ ਪੰਜ ਹਜ਼ਾਰ। ਨੂੰਹ ਨੇ ਇਧਰ ਜਾਂਦੀ ਨੇ ਵੀ ਪਾਣੀ ਪੁੱਛਣਾ ਤੇ ਨੂੰਹ ਨੇ ਓਧਰ ਜਾਂਦੀ ਨੇ ਵੀ ਪਾਣੀ ਪੁੱਛਣਾ। ਆਹ ਕਾਨੂੰਨ ਬਣਨਾ ਚਾਹੀਦਾ। ਫੇਰ ਬਚਦੇ ਆਂ ਭਰਾਵੋ ਅਸੀਂ।

ਆਖ਼ਰੀ ਆ ਭਰਾਵੋ। ਇਹ ਆਮ ਪ੍ਰਚਾਰ ਐ ਕਿ ਥੋਡੀ ਜਥੇਬੰਦੀ ਜਿਣਸਾਂ ਦੇ ਭਾਵਾਂ 'ਤੇ ਮੂੰਹ ਨਹੀਂ ਖੋਲ੍ਹਦੀ। ਕੀ ਇਹਦਾ ਮਤਲਬ ਇਹ ਐ ਕਿ ਸਾਡੀ ਜਥੇਬੰਦੀ ਦੇ ਕਿਸਾਨਾਂ ਨੂੰ ਪੈਸਿਆਂ ਦੀ ਲੋੜ ਨਹੀਂ। ਸਾਡੀ ਜਥੇਬੰਦੀ ਦੇ ਕਿਸਾਨ ਆਵਦੇ ਧੰਦੇ 'ਚੋਂ ਮੁਨਾਫ਼ਾ ਨਹੀਂ ਚਾਹੁੰਦੇ। ਚਾਹੁੰਦੇ ਆ ਭਰਾਵੋ ਚਾਹੁੰਦੇ ਆ। ਪਰ ਅਸੀਂ ਮਜ਼ਦੂਰਾਂ ਦੇ ਬੱਚਿਆਂ ਨੂੰ ਭੁੱਖੇ ਵਿਲਕਦੇ ਵੀ ਨਹੀਂ ਦੇਖਣਾ। ਫੇਰ ਕਿਹੜਾ ਦੁਸ਼ਮਣ ਆ ਜਿਹੜਾ ਸਾਡੇ ਦੋਨਾਂ ਦਾ ਸਾਂਝਾ ਭਰਾਵੋ। ਇੱਕ ਤਾਂ ਕੀੜੇਮਾਰ ਦਵਾਈਆਂ ਵਾਲੇ ਸਾਡੇ ਸਾਂਝੇ ਦੁਸ਼ਮਣ ਆ ਜਿੰਨ੍ਹਾਂ ਨੇ ਖੇਤਾਂ 'ਚ ਮਜ਼ਦੂਰਾਂ ਦੇ ਪੱਠੇ ਵੀ ਨੀਂ ਛੱਡੇ। ਰੇਹ, ਤੇਲ, ਦਵਾਈਆਂ ਵੇਚਣ ਵਾਲੀਆਂ ਕੰਪਨੀਆਂ ਸਾਡੇ ਦੁਸ਼ਮਣ ਨੇ। ਮਹਿੰਗੀ ਵਿੱਦਿਆ ਵੇਚਣ ਵਾਲੇ ਦੁਸ਼ਮਣ ਨੇ, ਮਹਿੰਗਾ ਇਲਾਜ ਕਰਨ ਵਾਲੇ ਦੁਸ਼ਮਣ ਨੇ।

ਲਾਗਤ ਖਰਚਿਆਂ ਦੇ ਮੁਤਾਬਕ ਜਿਣਸਾਂ ਦਾ ਭਾਅ ਦਿਓ। ਤੇ ਲਾਗਤ ਖਰਚੇ ਐਨੇ ਘਟਾ ਦਿਓ ਕਿ ਕਣਕ ਦਾ ਰੇਟ 400 ਰੁਪਏ ਨੂੰ ਅਸੀਂ ਵੇਚ ਕੇ 200 ਰੁਪਈਆ ਸਾਨੂੰ ਮੁਨਾਫ਼ਾ ਬਚਦਾ ਹੋਵੇ, ਅਸੀਂ ਤਾਂ ਜਿਉਨੇ ਆਂ। 400 ਰੁਪਈਆ ਰੇਟ ਕਣਕ ਦਾ ਹੋ ਕਿਵੇਂ ਸਕਦਾ? 5 ਰੁ. ਲੀਟਰ ਡੀਜ਼ਲ, 8 ਰੁ. ਦਾ ਯੂਰੀਏ ਦਾ ਥੈਲਾ, 10 ਰੁ. ਦੀ ਡੀ. ਏ. ਪੀ. ਦੀ ਬੋਰੀ, 50 ਪੈਸੇ ਦੀ ਕਿਲੋ ਚੀਨੀ, 1 ਰੁ. ਦੀ ਕਿਲੋ ਚਾਹ, ਤੇ ਇੱਕ ਰੁਪਈਏ ਨਾਲ ਬੰਦਾ ਹਸਪਤਾਲ 'ਚੋਂ ਇਲਾਜ ਕਰਾਵੇ ਤੇ ਮੁੜ ਆਵੇ, ਤੇ 10 ਰੁਪਈਆਂ ਨਾਲ ਬੱਚਾ ਬੀ. ਐੱਡ ਕਰ ਜਾਵੇ। ਸਾਡੇ ਖਰਚੇ ਘਟ ਗਏ ਤਾਂ ਅਸੀਂ ਵਾਧੂ ਪੈਸੇ 'ਕੱਠੇ ਕਰਕੇ, ਅਲਮਾਰੀਆਂ ਤੁੰਨ ਕੇ ਲੈਣਾ ਕੀ ਐ!

ਜੇ ਜਿਣਸਾਂ ਦੇ ਲਾਗਤ ਖਰਚੇ ਘਟਦੇ ਆ ਤਾਂ ਇੱਕ ਘਰ ਦਾ 200 ਰੁਪਈਆ ਰੋਜ਼ ਦਾ ਖਰਚਾ ਉਹਦੀ ਕਬੀਲਦਾਰੀ ਦਾ। ਵਿੱਚੇ ਦਵਾਈ ਦਾ, ਵਿੱਚੇ ਗੈਸ ਦਾ, ਵਿੱਚੇ ਬਿਜਲੀ ਦਾ ਬਿੱਲ, ਵਿੱਚੇ ਪਾਣੀ ਸਾਰਾ ਕੁਝ ਰਲਾ ਕੇ 200 ਰੁਪਈਆ ਘਰ ਦਾ ਖਰਚਾ ਗਿਣ ਲਿਆ ਤੇ 200 ਦੀ ਜਿਣਸ ਪੈਦਾਵਾਰ 'ਤੇ ਲਾਗਤ। 400 ਰੁਪਈਆ ਉਹਦਾ ਖਰਚ ਹੋ ਗਿਆ, 200 ਰੁਪਈਆ ਉਹਨੂੰ ਮੁਨਾਫ਼ਾ ਰੇਟ ਦੇ ਕੇ 600 ਰੁਪਈਏ ਨੂੰ ਕਣਕ ਵੇਚੀ ਜਾ ਸਕਦੀ ਐ। ਮਜ਼ਦੂਰਾਂ ਨੂੰ ਸਬਸਿਡੀ ਦੇ ਕੇ, 300 ਰੁਪਈਏ 'ਤੇ ਕਣਕ ਦਿੱਤੀ ਜਾ ਸਕਦੀ ਐ। ਦੱਸੋ ਭਲਾ ਕਿ ਸਾਂਝੀ ਲੜਾਈ ਬਣ ਗਈ ਕਿ ਨਹੀਂ ਬਣ ਗਈ। 3 ਰੁ. ਦਾ ਆਟਾ ਕਿੱਲੋ ਆ ਗਿਆ, ਰੁਪਈਏ ਦੀ ਚੀਨੀ ਆ ਗਈ, ਰੁਪਈਏ ਦੀ ਚਾਹ ਆ ਗਈ, ਭਲਾ ਮਜ਼ਦੂਰੀ ਤੁਸੀਂ ਮੱਥੇ ਮਾਰਨੀ ਆ 500 ਰੁਪਈਆ। ਮਜ਼ਦੂਰ ਦੀ ਲਾਗਤ ਕਿੰਨੀ ਐ, 5 ਜੀਆਂ ਦੇ ਪਰਿਵਾਰ ਦੀ ਲਾਗਤ ਜੋੜ ਲਉ। ਆਹ ਐਨਾ ਉਹਦਾ ਸਾਲ ਦਾ ਖਰਚ ਹੋ ਗਿਆ ਤੇ 50% ਉਹਨੂੰ ਮੁਨਾਫ਼ਾ ਪਾ ਕੇ ਆਹ ਉਹਦੀ ਦਿਹਾੜੀ ਆ। ਜੇ 100 ਖਰਚਾ ਤਾਂ 150 ਦਿਹਾੜੀ, ਤੇ ਜੇ 150 ਖਰਚਾ ਤਾਂ 50 ਰੁਪਈਏ ਹੋਰ ਵੱਧ ਦੇ ਦਿਓ। ਇਹਦੇ ਨਾਲ ਮਜ਼ਦੂਰ ਦਾ ਗੁਜ਼ਾਰਾ ਹੁੰਦਾ ਤੇ ਐਧਰ ਕਿਸਾਨਾਂ ਦਾ ਗੁਜ਼ਾਰਾ ਹੁੰਦਾ।

ਵਿੱਚ ਵਿਚਾਲੇ ਮਾਰਿਆ ਕੌਣ ਗਿਆ? ਔਹ ਸਾਹਮਣੇ ਚਿਮਨੀ ਵਾਲਾ (ਵੱਡੀ ਫੈਕਟਰੀ)। ਔਹ ਚਿਮਨੀ ਵਾਲਾ ਮਾਰਿਆ ਗਿਆ। ਔਹ ਚਿਮਨੀ ਵਾਲਾ ਈ ਐ ਸਾਡਾ ਦੁਸ਼ਮਣ ਦੋਸਤੋ। ਔਹ ਟਰਾਈਡੈਂਟ ਦਾ ਮਾਲਕ ਚਿਮਨੀ ਵਾਲਾ, ਇਹਨੂੰ ਮਾਰਨਾ। ਇਹ ਮਾਰਿਆ ਇਸ ਕਰਕੇ ਨੀ ਜਾਂਦਾ ਕਿਉਂਕਿ ਸਰਕਾਰਾਂ ਇਹਨਾਂ ਦੀ ਪਿੱਠ 'ਤੇ ਐ। ਇਹਨਾਂ ਦੇ ਨਾਲ ਸਰਕਾਰਾਂ ਜੁੜੀਆਂ ਹੋਈਆਂ ਨੇ। ਜੇ ਸਰਕਾਰਾਂ ਦੇ ਫੈਸਲੇ ਉਲੱਦਣੇ ਨੇ, ਜੇ ਥੋਡੇ ਘਰਾਂ 'ਚ ਚਾਨਣ ਕਰਨਾ, ਜੇ ਗੋਹੇ ਦੀ ਟੋਕਰੀ ਪਿਛਾਂਹ ਸੁੱਟਣੀ ਆ ਭਰਾਵੋ ਤਾਂ ਲੜਨਾ ਪੈਣਾ। ਆਪਸ 'ਚ ਨਹੀਂ ਲੜਨਾ। ਕਿਸਾਨਾਂ ਤੇ ਮਜ਼ਦੂਰਾਂ ਨੇ 'ਕੱਠੇ ਹੋ ਕੇ ਸਾਂਝੇ ਦੁਸ਼ਮਣ ਨਾਲ ਲੜਨਾ। ਇਹ ਲੜਾਈ ਲੜਨ ਵਾਸਤੇ ਤਿਆਰ ਹੋਵੋ, ਜਿੱਤ ਜਿੱਤ ਲਵਾਂਗੇ।




# Rat race has no end, think twice to study abroad

DR RIPANDEEP KAUR is also a International student at Canada and discussing condition of international students who came here for higher education)

I came to Canada 8 months ago for a better life , to adopt a different culture and see how life is in here. My journey so far had been really amazing. My experience with education, culture, people etc. is incredible. I lived in a small city after coming here which not only gave me time to understand the culture but to think about what I want from life.



DR RIPANDEEP KAUR

Being an international student I talked to many of them as well everyday and wanted to know what they are here for. I was surprised to hear the answers which I got from them, most of them said permanent resident card, very few of them said education which gave me the shock of my life. I was surprised to hear a post graduate holding a decent position back home saying I want the permanent resident card and is willing to do labour to get settled. The charisma of money made a lot of international students think this way. I really don't understand why they put themselves so down. Is earning money so important? More important than your dignity. International students should stop acting like refugees who are desperate for a residentship, its really important for them to realise that they belong somewhere.

Engineers, doctors, nurses, people having masters met so many great minds but are going through serious depression. After coming to this great country where people live life so freely, where life is so beautiful why are those great minds are suffering. Do they really have to go through this? The whole concept behind coming here is misunderstood. Parents back home have sent their children for higher education after paying huge amounts of money. Though this education fee amount is far expensive as comparable to back home but the parents has shut down their eyes to fulfill the dream to settle their kid abroad. They seldom think all pros and cones of their dream which has economic, cultural as well as psychological aspects of life of their child. The students after reaching here are exposed to a totally different environment. Without direct support and guidance of their parents, many of them get caught themselves into the vicious circle of money, sex, drug abuse and cultural shock. Many are under pressure to earn more dollars to compensate and support the exorbitant expenses to live here.

Education system in our country is not so bad. It is still potent to produce super class students but rat race to abroad is disturbing the lives of youngsters. All countries are trying to make education system less expensive for their home students. Our Indian education system is still affordable to large number of population. But education system has been made as commodity to sell with marketing. Canada also wants to sell it and fee structure of this country for International students is much more than its home students. International students are paying the fee which is not affordable to Canadian families too, but Indian parents are jumping in debts to pay it. Living cost for student at Canada is also much more expensive. Agents or consultant's allures kids with the cool western culture but they don't really tell them the real life scenario. Students fall into this beautiful trap and force their parents to send them over here. Parents being parents sent their kids and the rest of the story is the unspoken truth. Most of the parents can't afford the international education and expects from their children to pay their fees and for living. But they don't give it a long run thought that what are they loosing in this whole process. Undoubtedly the kids are becoming independent they are understanding the importance of money but they lose a lot at this tender age. The most important thing which they came here for i.e. education is lost in this shiny alluring world. The youth is loosing its grace. The time when they can really think of doing something with their lives and make the most out of it, they get trapped and the whole thought process of learning and education is gone. Youth is the backbone of the society and if they are not pitting their effort to improve e the society i.e. giving their best and playing their role how are we going to improve as a whole. The youth needs to understand the basic concept that their individual development and thought process maters a lot. The community is build by them and they are a very integral part of the community.

I would really want this thought process to reach each student and their parents so that they realise what track they are on. Why aren't they thinking on long term basis. I just really hope that I got my point across and this can bring a little change in the thought process and a bigger change in society.

# Disowning Actions But Owning Ideology: RSS And Gujarat Events

T Navin

It has now become a pattern for RSS to disown its own actions which emanate from its divisive Hindutva mindset. The RSS plays the game of association and disassociation. It associates with masses and its own saffron network and spreads hatred through multiple ways till an event occurs. It continues to promote a divisive mindset till then. However, as protests arise and their actions become unpopular and receive criticism, it immediately disassociates itself from the act. The latest to join this list is its disassociation from the acts of Gautankvadis (Gau Atankwadis) in Gujarat. This act has received heavy criticism and Gujarat otherwise lesser known for Dalit protests has given way to the same. The act of disowning is not new to RSS. It has done the same in the past. It had disowned itself from Dadri lynching incident, the Mangalore attackers, the Babri demolition incidents, the Gandhi assassination. The latest act of disowning in the Gujarat event is only to show itself as not being anti-dalit while continuing to be so.

The recent events in Gujarat only bring out the anti-dalit character of RSS. From being perceived as an upper caste and brahmanical organisation, adoption of Ambedkar symbol for RSS has only been to hide its real character. The culture sought to be imposed in the name of Hindutva is those religious vedic tradtitions of upper caste which contradict with the traditions of the dalits. While Beef eating may mean different things for dalits and upper caste, the RSS has sought to impose the beliefs of the upper caste. Behind the action of beating up dalits, lies the fact of its expectation of subordination by the dalit sections to the culture sought to be established by the upper castes.

This makes it important to dissect the real nature of RSS on the caste question. According to secret circular no. 411 of RSS, Scheduled castes and other Backward classes are to be recruited to the party so as to increase the volunteers to fight against the Ambedkarites and Mussalmans. This only shows that dalits for RSS are only an instrument to increase its numbers. The real enemies are Ambedkaries and Mussalamans. The strategy of including dalits is only to fight against its own Dalit assertion which may happen through Ambedkarites. It also mentions Special attention should be given to the students of Scheduled Castes and Scheduled Tribes so as to make them read the history written according to our dictates. Hence for RSS, the dalits are only meant to be turned into hindutva soliders by being provided with inputs which is a mere communal interpretation of history. While it does not allow for alternative interpretations of history including the dalit version, it aims to establish hegemony over the dalit sections by teaching them communal version. Assertion of Dalit identity hence for them is a threat as it questions brahmanical hegemony. Communal history teaching is a means to maintain this hegemony.

RSS adoption of Ambedkar had only a particular context. While the RSS realised that it cannot grow its influence over dalits without adopting their symbols, the act of adopting Ambedkar is to merely win Dalits to their side. It is to have Dalits but not Dalit assertion. It is to have Ambedkar but not Ambedkarism. It is to have an 'Hinduism' with symbols supportive of caste hierarchy having supremacy over those calling for annihilation of caste. Hence while they may depict Ambedkar as an important symbol for them, it is only through subordination to Golwalkars, Hegdewars, Savarkars. The writings of upper caste brahmanical ideology believing in maintenance of hegemony of upper caste get higher priority over Ambedkarite vision of annihilation of caste. Thus while the symbol is adopted, the spirit behind the symbol is completely excluded. It is not surprising that protests by Dalit in Gujarat have emerged.

T. Navin works with an NGO as a Researcher. He did his M.Phil from Centre for Political Studies in Jawaharlal Nehru University.



# ਤਰਕਸ਼ੀਲ ਸੁਸਾਇਟੀ ਵਲੋਂ ਬੱਚਿਆਂ ਦੇ ਲੇਖ ਮੁਕਾਬਲਿਆਂ ਦਾ ਪ੍ਰੋਗਰਾਮ ਸਫਲਤਾ ਨਾਲ ਸੰਪਨ

**ਬਰੈਂਪਟਨ/ਹਰਜੀਤ ਬੇਦੀ**

ਨਾਰਥ ਅਮੈਰਿਕਨ ਤਰਕਸ਼ੀਲ ਸੁਸਾਇਟੀ ਓਨਟਾਰੀਓ ਵਲੋਂ 17 ਜੁਲਾਈ ਨੂੰ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਵਿੱਚ ਰੱਖੇ ਬਚਿੱਆਂ ਦੇ ਲੇਖ ਮੁਕਾਬਲਿਆਂ ਦਾ ਪਲੇਠਾ ਪਰੋਗਰਾਮ ਬੜੀ ਸਫਲਤਾ ਨਾਲ ਸਿਰੇ ਚੜ੍ਹਿਆ। ਇਸ ਵਿੱਚ ਬਹੁਤ ਸਾਰੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਬੱਚਿਆਂ ਦੇ ਤਿੰਨ ਗਰੁੱਪਾਂ ਵਿੱਚ ਮੁਕਾਬਲੇ ਕਰਵਾਏ ਗਏ। ਲਿਖਣ ਮੁਕਾਬਲੇ ਸਮੇਂ ਵੱਡੀ ਗਿਣਤੀ ਵਿੱਚ ਹਾਜ਼ਰ ਮਾਪਿਆਂ ਲਈ ਬਹੁਤ ਹੀ ਮਨੋਰੰਜਕ ਪ੍ਰੋਗਰਾਮ ਦੀ ਸ਼ੁਰੂਆਤ ਸੰਗੀਤ ਮੰਡਲੀ ਭਦੌੜ ਨਾਲ ਸਬੰਧਤ ਕਲਾਕਾਰਾਂ ਨਵਤੇਜਪ੍ਰੀਤ ਅਤੇ ਸੁਖਦੇਵ ਵਲੋਂ ਚੰਗਾ ਸਮਾਜ ਸਿਰਜਣ ਦਾ ਸੰਦੇਸ਼ ਦਿੰਦੇ ਹੋਏ ਗੀਤ ਸੁਣਾ ਕੇ ਕੀਤੀ। ਇਸ ਉਪਰੰਤ ਭਗਤ ਸਿੰਘ ਦੀ ਜੀਵਨੀ ਨਾਲ ਸਬੰਧਤ ਡਾਕੂਮੈਂਟਰੀ "ਇਨਕਲਾਬ" ਦਿਖਾਈ ਗਈ।

ਲੇਖ ਮੁਕਾਬਲੇ ਤੋਂ ਵਿਹਲੇ ਹੋ ਕੇ ਬੱਚੇ ਚੱਲ ਰਹੇ ਮਨੋਰੰਜਕ ਪ੍ਰੋਗਰਾਮ ਵਿੱਚ ਆਪਣੇ ਮਾਪਿਆਂ ਕੋਲ ਆ ਗਏ। ਜਿੱਥੇ ਉਹਨਾਂ ਨੇ ਚੱਲ ਰਹੇ ਵਿਚਾਰ ਵਟਾਂਦਰੇ ਵਿੱਚ ਮਹਿੰਦਰ ਸਿੰਘ ਵਾਲੀਆ, ਦਰਸ਼ਨ ਗਰੇਵਾਲ, ਬਲਰਾਜ ਛੋਕਰ, ਅੰਮ੍ਰਿਤ ਢਿੱਲੋਂ ਅਤੇ ਪ੍ਰਿੰ: ਸੰਜੀਵ ਧਵਨ ਦੇ ਵਿਚਾਰ ਸੁਣੇ। ਡਾ: ਬਲਜਿੰਦਰ ਸੇਖੋਂ ਨੇ ਬਹੁਤ ਹੀ ਵਧੀਆ ਢੰਗ ਨਾਲ ਭੂਤਾਂ ਪ੍ਰੇਤਾਂ ਬਾਰੇ ਗੱਲ ਸਾਂਝੀ ਕੀਤੀ ਅਤੇ ਦੱਸਿਆ ਕਿ ਇਹਨਾਂ ਦੀ ਕੋਈ ਹੋਂਦ ਨਹੀਂ। ਬੱਚੇ ਸਾਹਿਲ ਗਿੱਲ ਨੇ ਵਹਿਮਾਂ-ਭਰਮਾਂ ਬਾਰੇ ਕਵਿਤਾ ਪੇਸ਼ ਕੀਤੀ ਜਿਸ ਨੂੰ ਸਰੋਤਿਆਂ ਵਲੋਂ ਕਾਫੀ ਸਲਾਹਿਆ ਗਿਆ। ਇਸ ਸਮੇਂ ਦੌਰਾਨ ਮੁਕਾਬਲੇ ਵਿੱਚ ਸ਼ਾਮਲ ਸਾਰੇ ਬੱਚਿਆਂ ਨੂੰ ਮੈਡਲ, ਕਿਤਾਬਾਂ ਅਤੇ ਸਾਰਟੀਫਿਕੇਟ ਦਿੱਤੇ ਗਏ।

ਸਾਰੇ ਹੀ ਬੱਚਿਆਂ ਨੇ ਬੜੀ ਮਿਹਨਤ ਨਾਲ ਤਿਆਰੀ ਕੀਤੀ ਲਗਦੀ ਸੀ ਜਿਨ੍ਹਾਂ ਨੇ ਸਬੰਧਤ ਵਿਸ਼ਿਆਂ "ਵਹਿਮਾਂ ਭਰਮਾਂ ਦੇ ਕਾਰਣ", "ਭੂਤਾਂ ਪ੍ਰੇਤਾਂ ਦਾ ਮੁੱਢ" ਅਤੇ "ਰੱਬ ਦਾ ਇਤਿਹਾਸ" ਨੂੰ ਬੜੇ ਵਧੀਆ ਢੰਗ ਨਾਲ ਲਿਖਿਆ। ਇਸ ਲਈ ਜੱਜਾਂ ਨੂੰ ਰਿਜਲਟ ਤਿਆਰ ਕਰਨ ਲਈ ਵਾਧੂ ਸਮਾਂ ਲੱਗਿਆ। ਗਰੇਡ 2 ਤੋਂ 4 ਦੇ ਬੱਚਿਆਂ ਵਿੱਚੋਂ ਰਵਲੀਨ ਖੰਗੂੜਾ ਪਹਿਲੇ, ਹਰਨੀਤ ਖੰਗੂੜਾ ਦੂਜੇ ਅਤੇ ਤੇਜਾਸ ਗੇਟ ਤੀਜੇ ਨੰਬਰ ਤੇ ਰਹੇ। ਗਰੇਡ 5 ਤੋਂ 7 ਦੇ ਬੱਚਿਆਂ ਵਿੱਚੋਂ ਜੈਸਮੀਨ ਕੌਰ ਥਿੰਦ ਪਹਿਲੇ, ਮੀਰਾ ਸਿੱਧੂ ਦੂਜੇ ਅਤੇ ਲੀਸ਼ਾ ਖਹਿਰਾ ਤੀਜੇ ਨੰਬਰ ਤੇ ਰਹੇ। ਗਰੇਡ 8 ਤੋਂ ਉਪਰਲੇ ਬੱਚਿਆਂ ਵਿੱਚੋਂ ਮਹਿਕਪ੍ਰੀਤ ਪਹਿਲੇ, ਸਾਹਿਲ ਗਿੱਲ ਦੂਜੇ ਅਤੇ ਮਨੀਸ਼ਾ ਤੀਜੇ ਨੰਬਰ ਤੇ ਰਹੇ। ਇਹਨਾਂ ਸਾਰੇ ਜੇਤੂਆਂ ਨੂੰ ਸ਼ਾਨਦਾਰ ਟਰਾਫੀਆਂ ਅਤੇ ਕਿਤਾਬਾਂ ਦੇ ਸੈੱਟ ਇਨਾਮ ਵਜੋਂ ਦਿੱਤੇ ਗਏ। ਸੁਸਾਇਟੀ ਦੇ ਜਥੇਬੰਦਕ ਕੁਆਰਡੀਨੇਟਰ ਬਲਰਾਜ ਛੋਕਰ ਨੇ ਬੱਚਿਆਂ ਅਤੇ ਉਹਨਾਂ ਦੇ ਮਾਪਿਆਂ ਦਾ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਨਛੱਤਰ ਬਦੇਸ਼ਾ ਨੇ ਤੇਗ ਬਹਾਦਰ ਇੰਟਰਨੈਸ਼ਨਲ ਸਕੂਲ ਦੇ ਪਿੰ. ਸੰਜੀਵ ਧਵਨ ਅਤੇ ਉਹਨਾਂ ਦੇ ਸਟਾਫ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਹਨਾਂ ਮੁਕਾਬਲਿਆਂ ਵਿੱਚ ਸਹਿਯੋਗ ਦੇਣ ਵਾਲੇ ਟੀਚਰਾਂ ਨੂੰ ਸਨਮਾਨ ਦੇ ਤੌਰ ਤੇ ਕਿਤਾਬਾਂ ਅਤੇ ਸੀ ਡੀ ਦੇ ਸੈੱਟ ਭੇਂਟ ਕੀਤੇ ਗਏ। ਬੱਚਿਆਂ ਅਤੇ ਮਾਪਿਆਂ ਲਈ ਸਨੈਕਸ ਅਤੇ ਪੀਜ਼ਾ ਦਾ ਪ੍ਰਬੰਧ ਤੇਗ ਬਹਾਦਰ ਸਕੂਲ ਦੇ ਪ੍ਰਬੰਧਕਾਂ ਵਲੋਂ ਕੀਤਾ ਗਿਆ।









ਇਸ ਮੌਕੇ ਸੁਰਜੀਤ ਸਹੋਤਾ ਅਤੇ ਨਿਰਮਲ ਸੰਧੂ ਵਲੋਂ ਪੁਸਤਕਾਂ ਦੀ ਪ੍ਰਦਰਸ਼ਨੀ ਲਾਈ ਗਈ। ਇਸ ਪ੍ਰੋਗਰਾਮ ਦੀ ਸਫਲਤਾ ਲਈ ਤਰਕਸ਼ੀਲ ਸੁਸਾਇਟੀ ਦੇ ਸੁਰਿੰਦਰ ਛੋਕਰ, ਨਵਕਿਰਣ, ਹਰਬੰਸ ਮੱਲ੍ਹੀ, ਸੋਹਣ ਢੀਂਡਸਾ ਅਤੇ ਜਸਬੀਰ ਚਾਹਲ ਵਲੋਂ ਵਿਸ਼ੇਸ਼ ਉੱਦਮ ਕੀਤੇ ਗਏ। ਇੰਡੋ ਕਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਤਲਵਿੰਦਰ ਮੰਡ, ਇੰਡੀਆ ਤੋਂ ਪ੍ਰੋ: ਪੂਰਨ ਸਿੰਘ, ਬਲਵੀਰ ਕੌਰ ਮੱਲ੍ਹੀ, ਸੁਖੇਵ ਸਿੰਘ ਸੀ ਜੀ ਏ, ਦਰਸ਼ਨ ਸਿੰਘ ਗਰੇਵਾਲ, ਅਨਿਲ ਸ਼ਰਮਾ, ਭਰਪੂਰ ਸਿੰਘ ਰੰਧਾਵਾ, ਲਾਲ ਸਿੰਘ ਬੈਂਸ, ਸੁਖਦੇਵ ਸਿੰਘ ਧਾਲੀਵਾਲ, ਜਸਵਿੰਦਰ ਰੰਧਾਵਾ ਅਤੇ ਸੁਮੀਤ ਬੈਂਸ ਤੋਂ ਬਿਨਾਂ ਹੋਰ ਵੀ ਬਹੁਤ ਸਖਸ਼ੀਅਤਾਂ ਹਾਜ਼ਰ ਸਨ। ਪ੍ਰੋਗਰਾਮ ਦੇ ਅੰਤ ਤੇ ਬਹੁਤ ਸਾਰੇ ਮਾਪਿਆਂ ਨੇ ਇਸ ਪ੍ਰੋਗਰਾਮ ਦੀ ਸਰਾਹਣਾ ਕਰਦਿਆਂ ਇੱਛਾ ਜਾਹਰ ਕੀਤੀ ਕਿ ਆਉਣ ਵਾਲੇ ਪ੍ਰੋਗਰਾਮਾਂ ਦੀ ਸੂਚਨਾ ਉਹਨਾਂ ਨੂੰ ਦਿੱਤੀ ਜਾਇਆ ਕਰੇ ਤਾਂ ਕਿ ਉਹ ਆਪੇ ਬੱਚਿਆਂ ਦੀ ਅਜਿਹੇ ਸਾਰਥਕ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਾ ਸਕਣ।

# ਦੁਨੀਆਂ ਦੀ ਕੁੱਲ ਸੰਪਤੀ ਦੇ ਅੱਧ ਦੇ ਮਾਲਕ ਸਿਰ.ਫ 62 ਪੂੰਜੀਪਤੀ

(ਸ.ਫ਼ਾ 1 ਦੀ ਬਾਕੀ)

ਸਿਮਟਦੀ ਜਾ ਰਹੀ ਹੈ। ਭਾਰਤ ਵਿਚ ਸਿਰਜਤ ਸੰਪਤੀ ਉਸ ਤੋਂ ਪੰਜ ਗੁਣਾਂ ਵਧੇਰੇ ਤੇਜ਼ ਗਤੀ ਨਾਲ ਕਝ ਹੀ ਲੋਕਾਂ ਕੋਲ ਸਿਮਟਰੀ ਜਾ ਰਹੀ ਹੈ। ਇਹ ਰਿਪੋਰਟ ਇਹ ਵੀ ਜ਼ਾਹਿਰ ਕਰਦੀ ਹੈ ਕਿ 2025 ਤੱਕ ਦੁਨੀਆਂ ਦੇ ਅਰਬਪਤੀਆਂ ਦੀ ਜਮਾਤ ਵਿਚ 6 ਫੀਸਦੀ ਅਰਬਪਤੀ ਭਾਰਤ ਦੇ ਹੋਣਗੇ। ਭਾਵ ਦੁਨੀਆਂ ਦੇ ਹਰ 16-17 ਅਰਬਪਤੀਆਂ ਵਿਚੋਂ ਇਕ ਅਰਬਪਤੀ ਭਾਰਤ ਦਾ ਹੋਵੇਗਾ। ਜੇ ਉਤਪਾਦਨ ਅਤੇ ਸੰਪਦਾ ਸਿਰਜਨ ਵਿਕਾਸ ਅਤੇ ਪ੍ਰਗਤੀ ਦਾ ਇਕੋ ਇਕ ਪੈਮਾਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 2025 ਤੱਕ ਭਾਰਤ ਆਰਥਿਕ ਰੂਪ ਵਿਚ ਬਹੁਤ ਵਿਕਸਤ ਦੇਸ਼ ਮੰਨੇ ਜਾਣ ਲਾਇਕ ਹੋ ਜਾਵੇਗਾ। ਪ੍ਰੰਤੂ ਇਥੇ ਇਹ ਸਵਾਲ ਵੀ ਹੈ ਕਿ ਕੀ ਉਤਪਾਦਨ ਜਾਂ ਸੰਮਪਦਾ ਸਿਰਜਨ ਹੀ ਵਿਕਾਸ ਅਤੇ ਪ੍ਰਗਤੀ ਦਾ ਇਕੋ ਇਕ ਪੈਮਾਨਾ ਹੋਵੇ ਅਤੇ ਇਸ ਸਵਾਲ ਦਾ ਕੋਈ ਅਰਥ ਨਾ ਹੋਵੇ ਕਿ ਸਿਰਜਨ ਸੰਪਤੀ ਕੁਝ ਹੀ ਹੱਥਾਂ ਵਿਚ ਸਿਮਟਦੀ ਜਾ ਰਹੀ ਹੈ ਅਤੇ ਉਹ ਬੱਸ ਕੁਝ ਹੀ ਹੱਥਾਂ ਵਿਚ ਸਿਮਟਦੀ ਜਾ ਰਹੀ ਹੋਵੇ ਤਾਂ ਸਿਮਟਦੀ ਜਾਵੇ ਇਹਦੀ ਕੋਈ ਚਿੰਤਾ ਨਾ ਕਰੇ। ਜਿਵੇਂ ਹਾਕਮਾਂ ਜਮਾਤ ਦੇ ਅਰਥ ਸ਼ਾਸਤਰੀ ਅਤੇ ਰਾਜਨੀਤਕ ਕਹਿੰਦੇਹ ਨ।

ਇਹ ਸਮੁੱਚੇ ਚਿੰਤਾਜਨਕ ਆਰਥਿਕ ਵਰਤਾਰੇ ਉਸ ਵਿਸ਼ਵੀਕਰਨ ਦੇ ਦੌਰ ਜਾ ਕਹੋ ਖੁੱਲ੍ਹੀ ਪੂੰਜੀ ਦੀ ਮੰਡੀ ਦੀ ਉਪਜ ਹਨ ਜਿਹੜੀ ਵਿਸ਼ਵੀ ਪੂੰਜੀਵਾਦ ਨੇ ਜ਼ੋਰ ਸ਼ੋਰ ਨਾਲ ਖੜ੍ਹੀ ਕੀਤੀ ਅਤੇ ਸਥਾਪਤ ਕੀਤੀ। ਯਾਦ ਹੋਣਾ 1990 'ਚ ਸੋਵੀਅਤ ਰੂਸ ਦੇ ਟੁੱਟਣ ਅਤੇ ਪੂਰਬੀ ਯੂਰਪ ਵਿਚ ਆਈਆਂ ਤਬਦੀਲੀਆਂ ਤੋਂ ਪਹਿਲਾਂ-ਰਾਜ ਦੁਆਰਾ ਕੰਟਰੋਲ ਅਰਥ ਵਿਵਸਥਾਵਾਂ (ਜਿਸ 'ਚ ਕੁਝ ਹੱਦ ਤੱਕ ਭਾਰਤ) ਅਤੇ ਸਮਾਜਵਾਦੀ ਅਰਥ ਵਿਵਸਥਾਵਾਂ ਦੀ ਤਿੱਖੀ ਆਲੋਚਨਾ ਸ਼ੁਰੂ ਹੋਈ ਸੀ। ਇਸ ਮਾਡਲ ਨੂੰ ਰੱਜ ਕੇ ਭੰਡਿਆ ਗਿਆ। ਸਮਾਜਵਾਦੀ ਤੇ ਰਾਜ ਕੰਟਰੋਲ ਅਰਥ ਵਿਵਸਥਾਵਾਂ ਵਿਚ ਮੁਕਾਬਲੇ ਅਤੇ ਇਕ ਦੂਸਰੇ ਨੂੰ ਹਜ਼ਮ ਕਰਨ ਦੀ ਪ੍ਰਵਿਰਤੀ ਨਹੀਂ ਸੀ ਹੁੰਦੀ ਅਤੇ ਉਥੇ ਸੰਪਤੀ ਦੇ ਜਾਂ ਉਤਪਾਦਨ ਦੇ ਵਿਕਾਸ ਦੇ ਨਾਲ ਨਾਲ ਸਮੁੱਚੇ ਮਾਨਵੀ ਵਿਕਾਸ ਨੂੰ ਵੀ ਤਰਜੀਹ ਦਿੱਤੀ ਜਾਂਦੀ ਰਹੀ ਹੈ। ਵਿਸ਼ੇਸ਼ ਕਰਕੇ ਸਮਾਜਵਾਦੀ ਅਰਥ ਵਿਵਸਥਾਵਾਂ ਵਿਚ। ਮਿਸਾਲ ਲਈ 60 ਤੋਂ ਪਹਿਲਾਂ ਵਾਲੇ ਸੋਵੀਅਤ ਰੂਸ ਅਤੇ 75ਵਿਆਂ ਤੋਂ ਪਹਿਲੇ ਚੀਨ ਵਿਚ। ਇਨ੍ਹਾਂ ਅਰਥ ਵਿਵਸਥਾਵਾਂ ਦੀ ਆਲੋਚਨਾ ਦਾ ਆਧਾਰ ਇਹ ਹੀ ਰਿਹਾ ਕਿ ਇਸ ਵਿਚ ਉਤਪਾਦ ਅਤੇ ਸੰਪਦਾ ਸਿਰਜਨ ਦਾ ਵਿਕਾਸ ਬਹੁਤ ਧੀਮਾ ਹੈ। ਵਿਸ਼ਵੀਕਰਨ ਪਿਛੇ ਕੰਮ ਕਰਦਾ ਆਰਥਿਕ ਸਿਧਾਂਤ ਜਿਹਦੇ ਜਨਮਦਾਤੇ ਜਾਹਨ ਮਿਲਡਨ ਅਫੇ ਫਰੈਂਡਰਿਕ ਹਾਈਕ ਹਨ ਅਤੇ ਜਿਹਦਾ ਤੱਤ ਹੈ ਕਿ ਰਾਜ ਨੂੰ ਅਰਥ ਵਿਵਸਥਾ ਵਿਚ ਦਖ਼ਲ-ਅੰਦਾਜ਼ੀ ਬਿਲਕੁਲ ਬੰਦ ਕਰ ਦੇਣੀ ਚਾਹੀਦੀ ਹੈ। ਹੋ ਹੱਲਾ ਤਾਂ ਇਹ ਵੀਮਚਾਇਆ ਗਿਆ ਕਿ ਖੁੱਲ੍ਹੇ ਬਾਜ਼ਾਰ ਆਧਾਰਤ ਅਰਥ ਵਿਵਸਥਾ ਵਿਚ ਆਪਸੀ ਮੁਕਾਬਲੇਬਾਜ਼ੀ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਇਹ ਵਿਕਾਸ ਦੀ ਰ.ਫਤਾਰ ਵਿਚ ਤੇਜ਼ੀ ਦਾ ਕਾਰਨ ਬਣਦੀ ਹੈ। ਹੁਣ ਪੂਰੇ 25 ਸਾਲਾਂ ਪਿਛੋਂ ਇਸ ਪ੍ਰਚਾਰ ਦਾ ਹੀਜ ਪਿਆਜ ਸਾਹਮਣੇ ਆ ਹੀ ਗਿਆ ਕਿ ਖੁੱਲ੍ਹੇ ਬਾਜ਼ਾਰ ਦੀ ਅਰਥਵਿਵਸਥਾ ਵਿਚ ਉਤਪਾਦਨ ਅਤੇ ਸੰਪਤੀ ਕੁਝ ਹੱਥਾਂ 'ਚ ਹੀ ਸਿਮਟਦੀ ਜਾ ਰਹੀ ਹੈ। ਅਮੀਰੀ ਤੇ ਗਰੀਬੀ ਦਾ ਪਾੜਾ ਵਧਿਆ ਹੈ, ਲੋਕ ਰੁਜ਼ਗਾਰ ਵਿਹੂਣੇ ਹੋਏ ਹਨ ਨਵੇਂ ਰੋਜ਼ਗਾਰ ਸਿਰਜਤ ਨਹੀਂ ਹੋਏ। ਬੇਰੁਜ਼ਗਾਰੀ ਦੀ ਦਰ ਵਧ ਰਹੀ ਹੈ।

ਖੁੱਲ੍ਹੀ ਬਾਜ਼ਾਰ ਅਰਥਵਿਵਸਥਾ ਦਾ ਸਿੱਟਾ ਇਹ ਵੀ ਨਿਕਲਿਆ ਹੈ ਕਿ ਲੋਕ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਹੋ ਗਏ ਹਨ। ਰਾਜ ਆਪਣੀ ਜ਼ਿੰਮੇਵਾਰੀ ਨਿਭਾਉਣ ਤੋਂ ਪਿਛੇ ਹਟ ਗਿਆ ਹੈ। ਵਿਦਿਆ, ਸਿਹਤ ਤੇ ਹੋਰ ਸੇਵਾਵਾਂ, ਪੂੰਜੀ ਅਤੇ ਮੰਡੀ ਦੇ ਹਵਾਲੇ ਹੋ ਚੁੱਕੀਆਂ ਹਨ। ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ ਸਿੱਟੇ ਵਜੋਂ ਮੌਤ ਦਰ ਵਧੀ ਹੈ। ਜੀਵਨ ਪੱਧਰ ਨੀਵਾਂ ਹੋਇਆ ਹੈ ਅਤੇ ਭੁੱਖੇ ਢਿੱਡ ਸੌਣ ਵਾਲਿਆਂ ਦੀ ਗਿਣਤੀ ਕਈ ਗੁਣਾਂ ਤੇਜ਼ੀ ਨਾਲ ਵਧੀ ਹੈ। ਜਨ ਕਲਿਆਣ ਜਾਂ ਸਮਾਜ ਕਲਿਆਣ ਰਾਜ ਦਾ ਏਜੰਡਾ ਹੀ ਨਹੀਂ ਰਿਹਾ। ਰਾਜ ਵਿਚ ਜਮਹੂਰੀ ਮਾਨਤਾਵਾਂ ਦੀ ਥਾਂ ਤਾਨਾਸ਼ਾਹ ਪ੍ਰਵਿਰਤੀ ਨੇ ਲੈ ਲਈ ਹੈ। ਦੁਨੀਆਂ ਇਕ ਖਤਰਨਾਕ ਅਤੇ ਭਿਆਨਕ ਹਾਲਤ ਵਲ ਵਧ ਰਹੀ ਹੈ। ਜਮਹੂਰੀ ਸਰਕਾਰਾਂ ਜਿਹਨੂੰ ਲੋਕਾਂ ਦੀ ਚੁਣੀ ਹੋਈ ਕਿਹਾ ਜਾਂਦਾ ਸੀ, ਪੂੰਜੀ, ਅਮੀਰਾਂ, ਕਾਰੋਬਾਰੀਆਂ, ਕਾਰਪੋਰੇਟੀ ਘਰਾਣਿਆਂ ਦੇ ਸਾਹਮਣੇ ਬੌਣੀਆਂ ਪੈ ਗਈਆਂ ਹਨ ਅਤੇ ਉਨ੍ਹਾਂ ਦੇ ਆਦੇਸ਼ਾਂ ਮੁਤਾਬਕ ਚਲਣ ਦੀ ਹਾਲਤ ਵਿਚ ਪਹੁੰਚ ਗਈਆਂ ਹਨ। ਹੁਣ ਤਾਂ ਸਰਕਾਰਾਂ ਨੂੰ ਦਿਸ਼ਾ ਨਿਰਦੇਸ਼ ਹੀ ਇਹੋ ਪੂੰਜੀਪਤੀ ਕਾਰਪੋਰੇਟੀ ਘਰਾਣੇ ਦਿੰਦੇ ਹਨ। ਪਿਛਲੀ ਸਦੀ 'ਚ ਜਮਹੂਰੀ ਹੱਕਾਂ, ਸ਼ਹਿਰੀ ਅਰਾਜਕੀਆਂ ਅਤੇ ਮਨੁੱਖੀ ਵਿਕਾਸ ਦੇ ਮਾਪਦੰਡਾਂ ਨੂੰ ਲੰਬੇ ਸੰਘਰਸ਼ਾਂ ਰਾਹੀਂ ਹਾਸਲ ਕੀਤਾ ਸੀ। ਪੂੰਜੀ ਦੇ ਤਾਨਾਸ਼ਾਹ ਰਵੱਈਏ ਹੇਠ ਮਸਲੇ ਗਏ ਹਨ ਜਾਂ ਜਾ ਰਹੇ ਹਨ। ਸਮਾਜ ਤੇ ਵਿਸ਼ਵ ਇਕ ਅਧਿਕਾਰ ਦੇ ਯੁੱਗ 'ਚ ਪਹੁੰਚ ਰਿਹਾਹੈ। ਕਿੰਗ ਫਰੈਂਕ ਵੈਲਥ ਰਿਪੋਰਟ 2016 ਵਿਚ ਜਿਹੜੀਆਂ ਹਾਲਤਾਂ ਦਾ ਜ਼ਿਕਰ ਹੈ ਉਹਦੀ ਦਾਸਤਾਨ ਪਿਛਲੇ 25 ਸਾਲਾਂ ਤੋਂ ਅਪਣਾਈਆਂ ਉਹ ਆਰਥਿਕ ਨੀਤੀਆਂ ਹਨ ਜਿਹਨੇ ਖੁੱਲ੍ਹੇ ਪੂੰਜੀ ਵਪਾਰ ਨੂੰ ਉਤਸ਼ਾਹਿਤ ਕੀਤਾ ਅਤੇ ਪੂੰਜੀ ਦਾ ਕੁਝ ਹੱਥਾਂ 'ਚ ਕੇਂਦਰੀਨ ਹੋਣਾ ਸ਼ੁਰੂ ਹੋਇਆ।

ਇਹ ਰਿਪੋਰਟਾਂ ਇਹ ਤਾਂ ਜ਼ਾਹਿਰ ਕਰਦੀਆਂ ਹਨ ਕਿ ਇਹ ਪੂੰਜੀ ਕੁਝ ਹੱਥਾਂ 'ਚ ਕੇਂਦਰਤ ਹੁੰਦੀ ਜਾ ਰਹੀ ਹੈ ਪਰ ਇਸ ਉਤੇ ਪੜਦਾ ਪਾਉਂਦੀਆਂ ਹਨਜਾਂ ਇਹ ਗੱਲ ਛਪਾਉਂਦੀਆਂ ਹਨ ਕਿ ਅਰਜਿਤ ਪੂੰਜੀ ਜਾਂ ਸੰਪਤੀ ਸਾਧਨ ਇਨ੍ਹਾਂ ਮੁੱਠੀ ਭਰ ਕਾਰਪੋਰੇਟਾਂ ਦੇ ਮਾਲਕ ਧਨਾਡਾਂ ਦੇ ਨਹੀਂ ਸਮੂਹ ਸਮਾਜ ਦੀ ਮਾਲਕੀ ਹਨ ਅਤੇ ਪੂੰਜੀ ਹੋਰ ਕੁਝ ਨਹੀਂ ਲੋਕਾਂ ਦੀ ਇਕੱਠੀ ਹੋਈ ਕਿਰਤ ਸ਼ਕਤੀ ਹੈ ਜਿਹੜੀ ਵੱਖ-ਵੱਖ ਢੰਗਾਂ ਨਾਲ ਇਨ੍ਹਾਂ ਨੇ ਲੁੱਟੀ ਹੈ ਅਤੇ ਮਾਲਕ ਬਣ ਬੈਠੇ ਹਨ। ਸਾਡੇ ਦੇਸ਼ ਵਿਚ ਧਰਾਤਲਪੱਧਰ ਦਾਕੋਈ ਖੋਜ ਕਾਰਜ ਨਹੀਂ ਹੋਇਆ ਜਿਹੜਾ ਇਹ ਸਪਸ਼ਟ ਕਰੇ ਕਿ ਭਾਰਤ ਵਿਚ ਅਮੀਰੀ ਗਰੀਬੀ ਦਾ ਕੀ ਪਾੜਾ ਹੈ। ਅਸੀਂ ਮੋਟੇ ਤੌਰ 'ਤੇ ਹੀ ਕਹਿੰਦੇ ਹਾਂ ਕਿ ਦੇਸ਼ ਦੀ ਵੱਡੀ ਆਬਾਦੀ ਕੰਗਾਲੀ ਵੱਲ ਧੱਕੀ ਜਾ ਰਹੀ ਹੈ ਅਤੇ ਕੁਝ ਅਰਬਪਤੀਆਂ ਦੀ ਜਮਾਤ ਸਾਹਮਣੇ ਆ ਰਹੀ ਹੈ ਪਰ ਅਜਿਹੇ ਦੌਰ 'ਚ ਗਹਿਰਾਈ ਅਤੇ ਵਿਸਥਾਰ ਵਿਚ ਇਹ ਕਾਰਜ ਹੋਣ ਵਾਲਾ ਹੈ ਤਾਂ ਕਿ ਚੇਤੰਨ ਲੋਕਾਂ ਤੱਕ ਹੀ ਸਹੀ, ਇਹ ਗੱਲ ਤਾਂ ਸਾ.ਫ ਹੋਵੇ ਕਿ ਪੂੰਜੀ ਦੇ ਪਸਾਰੇ ਨੇ ਆਪਣੇ ਜਾਲ੍ਹ ਕਿਵੇਂ ਪਸਾਰੇ ਹਨ ਅਤੇ ਕਿਵੇਂ ਪੂੰਜੀ ਨੇ ਸਮਾਜਿਕ ਵਰਗਾਂ ਦੀ ਨਵੀਂ ਆਰਥਿਕ ਕਤਾਰਬੰਦੀ ਨੂੰ ਪ੍ਰਭਾਵਿਤ ਕੀਤਾ ਹੈ ਤੇ ਸਿਰਜਿਆ ਹੈ। ਇਹ ਕੰਮ ਸਮਾਜ ਪ੍ਰਤੀ ਸੁਹਿਰਦ ਗੰਭੀਰ ਸਮਾਜ ਸ਼ਾਸਤਰੀਆਂ ਅਤੇ ਅਰਥ ਸ਼ਾਸਤਰੀਆਂ ਦਾ ਹੈ। ਸਰਕਾਰਾਂ ਨੇ ਤਾਂ ਇਹ ਜ਼ਿੰਮੇਵਾਰੀ ਬਿਲਕੁਲ ਹੀ ਛੱਡ ਦਿੱਤੀ ਹੈ। ਕਿਸੇ ਵੇਲੇ ਯੋਜਨਾ ਅਯੋਗ ਇਹ ਕੰਮ ਕਰਦਾ ਹੁੰਦਾ ਸੀ ਪਰ ਮੋਦੀ ਆਉਣ ਉਤੇ ਸਭ ਤੋਂ ਪਹਿਲਾਂ ਉਸੇ ਦਾ ਹੀ ਭੋਗ ਪਾਇਆ ਗਿਆ ਹੈ। ਹਾਲਾਂ ਕਿ ਯੋਜਨਾ ਅਯੋਗ ਨੇ ਵੀ ਪਿਛਲੇ 10-15 ਸਾਲਾਂ ਤੋਂ ਅੰਕੜੇ ਇਕੱਠੇ ਕਰਨੇ ਹੀ ਬੰਦ ਦਿੱਤੇ ਸਨ। ਹੁਣ ਜਿਹੜੇ ਤੱਥ ਆਉਂਦੇ ਹਨ ਉਹ ਟੁੱਟਵੇਂ ਅਤੇ ਸੈਂਪਲ ਸਰਵੇ ਦੇ ਆਧਾਰਤ ਹਨ।

ਪੂੰਜੀ ਦੇ ਅਰਜਿਤ ਹੋਣ ਪਿਛੇ ਇਕ ਹੋਰ ਕਾਰਨ ਵੀ ਹੈ ਜਿਹਦੇ ਵੱਲ ਲੋਕਾਂ ਦਾ ਧਿਆਨ ਤਾਂ ਬਹੁਤ ਘੱਟ ਗਿਆ ਹੈ। ਖੁਦ ਸਰਕਾਰ ਵੀ ਇਹ ਨਹੀਂ ਕਰਨਾ ਚਾਹੁੰਦੀ। ਮਿਸਾਲ ਲਈ ਭਾਰਤੀ ਬੈਂਕਾਂ ਦਾ ਲਗਭਗ 4 ਲੱਖ ਕਰੋੜ ਡੁੱਬਤ ਖਾਤੇ ਵਿਚ ਪਈ ਹੈ। ਇਹ ਸਰਕਾਰੀ ਰਿਪੋਰਟ ਹੈ ਹਾਲਾਂਕਿ ਮੰਡੀਆ ਦੀ ਰਿਪੋਰਟ ਮੁਤਾਬਕ ਇਹ 6 ਲੱਖ ਕਰੋੜ ਹੈ ਅਤੇ ਵੱਡੇ ਬਕਾਏਦਾਰਾਂ ਮੁਤਾਬਕ ਇਹ ਗਿਆਰਾਂ ਲੱਖ ਕਰੋੜ ਹੈ। ਇਸ ਡੁੱਬਤ ਬੈਂਕਿੰਗ ਰਾਸ਼ੀ ਵਿਚ ਕਿਸਾਨਾਂ ਦਾ ਸਿਰ.ਫ 70 ਹਜ਼ਾਰ ਕਰੋੜ ਹੀ ਹੈ ਜਿਹੜਾ ਕੁੱਲ ਕਰਜ਼ੇ ਦਾ ਮਸੀਂ 10 ਤੋਂ 12 ਫੀਸਦੀ ਹੀ ਹੈ। ਭਾਵ ਕਿਸਾਨਾਂ ਦੇ ਕਰਜ਼ੇ ਦਾ ਹਕੂਮਤ ਰੌਲਾਂ ਪਾ ਰਹੀ ਹੈ ਜਿਹੜਾ 1 ਲੱਖ ਕਰੋੜ ਵੀ ਨਹੀਂ ਅਤੇ 10 ਲੱਖ ਕਰੋੜ ਜਿਹੜਾ ਦੇਸ਼ ਦੇ ਵੱਡੇ ਪੂੰਜੀਪਤੀਆਂ ਨੇ ਦੇਣਾਹੈ ਜਾਂ ਕਹੋ ਹਥਿਆਇਆ ਹੈ, ਬਾਰੇ ਸਰਕਾਰ ਖਾਮੋਸ਼ ਹੀ ਹੈ। ਸਗੋਂ ਚੁੱਪਕੇ ਜਿਹੇ ਉਨ੍ਹਾਂ ਨੂੰ ਕਰਜ਼ੇ ਦੀ ਮੁਆਫ਼ੀ ਦੇ ਦਿੰਦੀ ਹੈ ਜਿਹੜੀ ਪਿਛਲੇਰੇ ਚਾਰ ਪੰਜ ਸਾਲ ਤੋਂ ਦਿੰਦੀ ਆ ਰਹੀ ਹੈ। ਸਰਕਾਰ ਨੇ ਇਨ੍ਹਾਂ ਚੰਦ ਕੁ ਕਾਰਪੋਰੇਟ ਘਰਾਣਿਆਂ ਦੇ 2 ਲੱਖ 11 ਹਜ਼ਾਰ ਕਰੋੜ ਡੁੱਬਤ ਖਾਤੇ ਵਿਚ ਸੁੱਟ ਦਿੱਤੇ ਹਨ। ਇਉਂ ਸਰਕਾਰੀ ਪੂੰਜੀ ਦਾ ਵੱਡਾ ਹਿੱਸਾ ਸਿੱਧਾ ਹੀ ਇਨ੍ਹਾਂ ਪੂੰਜੀ ਅਰਜਤ ਕਰਨ ਵਾਲੇ ਕਾਰਪੋਰੇਟੀ ਖਰਬਪਤੀਆਂ ਦੀ ਝੋਲੀ 'ਚ ਪੈ ਜਾਂਦਾ ਹੈ। ਇਹ ਖਰਬਪਤੀ ਘਰਾਣੇ ਤਾਂ ਸਰਕਾਰ ਤੋਂ ਸਬਸਿਡੀਆਂ ਅਤੇ ਹੋਰ ਟੈਕਸ ਛੋਟਾਂ ਰਾਹੀਂ ਵੀ ਖਰਬਾਂ ਰੁਪਏ ਸਰਕਾਰੀ ਖਜ਼ਾਨੇ 'ਚੋਂ ਹੜੱਪਦੇ ਹਨ। ਹਕੂਮਤ ਇਨ੍ਹਾਂ ਖਰਬਪਤੀਆਂ ਦੀ ਪੂੰਜੀ ਹੋਰ ਵਧਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾ ਰਹੀ ਹੈ। ਨਵੀਂ ਅਰਥ ਵਿਵਸਥਾ ਦੇ ਸਿਧਾਂਤ ਦਾ ਇਹੋ ਤਕਾਜ਼ਾ ਹੈ। ਦੁਨੀਆਂ ਨੂੰ ਇਕ ਐਸੀ ਅਰਥ ਵਿਵਸਥਾ ਦੀ ਲੋੜ ਹੈ, ਜਿਹਦਾ ਦੁਨੀਆਂ ਦੇ ਸਾਰੇ ਲੋਕਾਂ ਨੂੰ ਬਰਾਬਰ ਮਿਲੇ ਅਤੇ ਅਜਿਹੀ ਅਰਥ ਵਿਵਸਥਾ ਜਿਹੜੀ ਤ੍ਰਾਸਦਿਕ ਗੈਰ ਬਰਾਬਰੀ ਅਤੇ ਮਾਨਵਤਾ ਦੇ ਵੱਡੇ ਹਿੱਸੇ ਨੂੰ ਕੰਗਾਲੀ ਵੱਲ ਧੱਕ ਰਹੀ ਹੈ, ਤੋਂ ਨਿਜ਼ਾਤ ਮਿਲ ਸਕੇ। ਦੇਸ਼ ਦੁਨੀਆ ਦੇ ਰਾਜਨੀਤਕ ਕਰਮੀਆਂ, ਸਮਾਜਗ੍ਰਸਤੀਆਂ, ਅਰਥ ਸ਼ਾਸਤਰੀਆਂ, ਦੀ ਹੀ ਇਹ ਚਿੰਤਾ ਨਹੀਂ ਹੋਣੀ ਚਾਹੀਦੀ। ਇਹ ਲੇਖਕਾਂ, ਕਲਾਕਾਰਾਂ, ਪੱਤਰਕਾਰਾਂ, ਸਭਿਆਚਾਰਕ ਕਾਮਿਆਂ ਅਤੇ ਵਿਦਿਅਕ ਮਾਹਿਰਾਂ ਦੀ ਵੀ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਅੱਜ ਅਸੀਂ ਜਿਸ ਦਹਾਨੇ ਉਤੇ ਪਹੁੰਚ ਗਏ ਹਾਂ, ਇਥੇ ਜ਼ਿੰਦਗੀ ਮਾਨਣ ਲਈ ਨਹੀਂ ਸਗੋਂ ਜ਼ਿੰਦਗੀ ਬਦਲਣ ਅਤੇ ਸਾਰੀ ਦੁਨੀਆਂ ਦੇ ਨਾਗਰਿਕਾਂ ਦੇ ਇਕ ਨਰੋਏ ਸਮਾਜ ਦੀ ਸਿਰਜਨਾ ਵਿਚ ਆਪਣੀ ਭੂਮਿਕਾ ਸੁਨਿਸਚਿਤ ਕਰਨ ਦੇ ਸਵਾਲ ਨੂੰ ਸੰਬੋਧਤ ਹੋਣਾ ਚਾਹੀਦਾ ਹੈ। ਪੂੰਜੀ ਤਾਂ ਕਰੋੜਾਂ ਲੋਕਾਂ ਨੂੰ ਨਰਕੀ ਜ਼ਿੰਦਗੀ 'ਚ ਸੁੱਟ ਰਹੀ ਹੈ, ਪਰ ਸਮੁੱਚੀ ਮਾਨਵਤਾ ਦੇ ਵਿਕਾਸ ਲਈ ਪੂੰਜੀ ਤੋਂ ਮੁਕਤੀ ਦੀ ਲੜਾਈ ਅੱਗੇ ਲਿਜਾਣੀ ਜ਼ਰੂਰੀ ਹੈ।

93544-30211

# ਉੱਤਰ ਪੂਰਬੀ ਰਾਜਾਂ 'ਚ ਗੜਬੜੀ ਬਨਾਮ 'ਅਫਸਪਾ' ਕਾਨੂੰਨ



ਗੁਰਤੇਜ ਸਿੰਘ

ਸੱਤ ਭੈਣਾਂ ਨਾਲ ਜਾਣੇ ਜਾਂਦੇ ਸਾਡੇ ਦੇਸ਼ ਦੇ ਸੱਤ ਉੱਤਰ ਪੂਰਬੀ ਰਾਜਾਂ 'ਚੋਂ ਪੰਜ ਅੰਦਰੂਨੀ ਗੜਬੜੀ ਦਾ ਸ਼ਿਕਾਰ ਹਨ। ਦੇਸ਼ ਦੀ ਸਰਬਉੱਚ ਅਦਾਲਤ ਨੇ ਇਨ੍ਹਾਂ ਪੰਜ ਪੂਰਬੀ ਰਾਜਾਂ ਅਸਮ, ਨਾਗਾਲੈਂਡ, ਮੇਘਾਲਿਆ, ਤ੍ਰਿਪੁਰਾ ਅਤੇ ਮਨੀਪੁਰ ਆਦਿ ਵਿੱਚ ਤਾਇਨਾਤ ਸੁਰੱਖਿਆ ਅਮਲਿਆਂ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਉਹ ਉੱਥੇ ਹੱਦੋਂ ਵੱਧ ਫੌਜੀ ਕਾਰਵਾਈਆਂ ਨਾ ਕਰਨ ਅਤੇ ਇਨ੍ਹਾਂ ਘਟਨਾਵਾਂ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਉੱਥੇ ਫੌਜੀ ਕਾਰਵਾਈਆਂ ਦੌਰਾਨ ਮਰਦੇ ਲੋਕਾਂ ਦੀਆਂ ਵਧਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟ ਕਰਦਿਆਂ ਇਸਦੀ ਰਿਪੋਰਟ ਮੰਗੀ ਹੈ।

ਅਦਾਲਤ ਨੇ ਇਹ ਫੈਸਲਾ ਇੱਕ ਪਟੀਸ਼ਨ ਕਰਤਾ ਦੀ ਪਟੀਸ਼ਨ ਦੀ ਸੁਣਵਾਈ ਤੋਂ ਬਾਅਦ ਲਿਆ ਹੈ। ਪਟੀਸ਼ਨ 'ਚ ਕਿਹਾ ਗਿਆ ਹੈ ਕਿ ਮਨੀਪੁਰ ਤੇ ਹੋਰ ਗੜਬੜੀ ਵਾਲੇ ਇਲਾਕਿਆਂ 'ਚ ਛੇ ਦਹਾਕੇ ਪਹਿਲਾਂ ਲਾਗੂ ਹੋਏ ਕਾਨੂੰਨ 'ਅਫਸਪਾ' ਨੂੰ ਰੱਦ ਕੀਤਾ ਜਾਵੇ ਜਿਸ ਤਹਿਤ ਸੁਰੱਖਿਆ ਅਮਲੇ ਆਮ ਲੋਕਾਂ ਨਾਲ ਵਧੀਕੀਆਂ ਕਰਦੇ ਹਨ। ਇਸ ਕਾਨੂੰਨ ਤਹਿਤ ਲੋਕਾਂ ਨੂੰ ਝੂਠੇ ਮੁਕਾਬਲਿਆਂ 'ਚ ਮਾਰਿਆ ਜਾ ਰਿਹਾ ਹੈ ਜੋ ਬੇਹੱਦ ਚਿੰਤਾ ਦਾ ਵਿਸ਼ਾ ਹੈ। ਪਿਛਲੇ ਸੱਠ ਸਾਲਾਂ ਤੋਂ ਉੱਥੇ ਤਾਇਨਾਤ ਸੁਰੱਖਿਆ ਦਸਤਿਆਂ ਦੇ ਖੁੱਲੇ ਹੱਥਾਂ ਨੂੰ ਬੰਨ੍ਹਣ ਦਾ ਯਤਨ ਕੀਤਾ ਹੈ ਜਿਸਦੇ ਦੋਵੇਂ ਪਹਿਲੂ ਹੀ ਵਿਚਾਰਨ ਯੋਗ ਹਨ।

ਅਫਸਪਾ (ਆਰਮਡ ਫੋਰਸ ਸਪੈਸ਼ਲ ਪਾਵਰਜ ਐਕਟ) ਕਾਨੂੰਨ ਤਹਿਤ ਸੁਰੱਖਿਆ ਦਸਤਿਆਂ ਨੂੰ ਖਾਸ ਸਥਿਤੀ ਵਿੱਚ ਸਪੈਸ਼ਲ ਸ਼ਕਤੀਆਂ ਵਰਤਣ ਦਾ ਸਵੈਅਧਿਕਾਰ ਦਿੱਤਾ ਜਾਦਾ ਹੈ ਤਾਂ ਜੋ ਉਸ ਜਗ੍ਹਾ 'ਤੇ ਗੜਬੜੀ ਫੈਲਾ ਕੇ ਦੇਸ਼ ਦੀ ਏਕਤਾ ਅਖੰਡਤਾ ਨੂੰ ਢਾਹ ਲਾਉਣ ਵਾਲੇ ਅਨਸਰਾਂ ਨੂੰ ਕਾਬੂ ਕੀਤਾ ਜਾ ਸਕੇ। ਇਹ ਕਾਨੂੰਨ ਬ੍ਰਿਟਿਸ਼ ਰਾਜ ਸਮੇਂ 1942 ਵਿੱਚ ਭਾਰਤ ਛੱਡੋ ਅੰਦੋਲਨ ਨੂੰ ਦਬਾਉਣ ਲਈ ਸਾਹਮਣੇ ਆਇਆ ਸੀ ਜੋ ਜਰਾਇਮ ਪੇਸ਼ਾ ਲੋਕਾਂ ਨੂੰ ਨੱਥ ਪਾਉਣ ਲਈ ਵਰਤਿਆ ਜਾਦਾ ਸੀ।ਅਜਾਦੀ ਤੋਂ ਬਾਅਦ ਸੰਸਦ ਨੇ ਵੀ ਇਸ ਕਾਨੂੰਨ ਦਾ ਪਿੱਛਾ ਨਹੀਂ ਛੱਡਿਆ ਅਤੇ 11 ਸਤੰਬਰ 1958 ਨੂੰ ਇਹ ਪਾਸ ਕਰਕੇ ਏਕਤਾ ਆਖੰਡਤਾ ਦੇ ਜਾਨੀ ਦੁਸ਼ਮਣਾਂ ਨੂੰ ਖਤਮ ਕਰਨ ਦੇ ਨਾਲ ਆਮ ਲੋਕਾਂ ਦੇ ਖੂਨ ਨਾਲ ਹੋਲੀ ਖੇਡਣ ਦਾ ਵੀ ਅਧਿਕਾਰ ਸੈਨਿਕ ਅਤੇ ਨੀਮ ਸੈਨਿਕ ਬਲਾਂ ਨੂੰ ਦੇ ਦਿੱਤਾ ਗਿਆ ਸੀ। ਇਸ ਕਾਨੂੰਨ ਦੇ ਤਹਿਤ ਸੁਰੱਖਿਆਂ ਦਸਤਿਆਂ ਨੂੰ ਆਪਣੇ ਬਲ ਦਾ ਪ੍ਰਯੋਗ ਕਰਨ ਦਾ ਅਧਿਕਾਰ ਸਭ ਤੋਂ ਪਹਿਲਾਂ ਇਨ੍ਹਾਂ ਉੱਤਰੀ ਰਾਜਾਂ 'ਚ ਹੀ ਪ੍ਰਾਪਤ ਹੋਇਆ ਸੀ ਜੋ ਹੁਣ ਵੀ ਜਾਰੀ ਹੈ।ਦੇਸ 'ਚ ਜਦੋਂ ਵੀ ਕਦੇ ਕਾਨੂੰਨ ਦੀ ਸਥਿਤੀ ਗੰਭੀਰ ਬਣੀ ਤਾਂ ਸਰਕਾਰਾਂ ਨੇ ਫੌਜੀ ਬਲਾਂ ਨੂੰ ਇਹ ਰਾਮਬਾਣ ਵਰਤਣ ਦੇ ਅਧਿਕਾਰ ਨਾਲ ਨਿਵਾਜਿਆ ਹੈ। ਉਹ ਚਾਹੇ ਪੰਜਾਬ 'ਚ ਅੱਤਵਾਦ ਦਾ ਕਾਲਾ ਦੌਰ ਹੋਵੇ ਜਾਂ ਫਿਰ ਜੰਮੂ ਕਸ਼ਮੀਰ ਵਿੱਚ ਅੱਤਵਾਦੀਆਂ ਵਿਰੁੱਧ ਕਾਰਵਾਈਆਂ ਹੋਣ। ਪੰਜਾਬ 'ਚ ਇਹ ਕਾਨੂੰਨ 1984 ਤੋਂ 1995 ਤੱਕ ਲਾਗੂ ਰਿਹਾ ਅੱਤਵਾਦੀਆਂ ਦੇ ਖਾਤਮੇ ਨਾਲ ਆਮ ਲੋਕਾਂ ਦੇ ਖੂਨ ਨਾਲ ਪੁਲਿਸ ਅਫਸਰਾਂ ਨੇ ਤਰੱਕੀਆਂ ਖਾਤਰ ਹੱਥ ਰੰਗੇ ਸਨ। ਜੰਮੂ ਕਸ਼ਮੀਰ 'ਚ 1990 ਤੋਂ ਹੁਣ ਤੱਕ ਲਾਗੂ ਹੈ ਅਤੇ ਉੱਥੇ ਵੀ ਅੱਤਵਾਦੀਆਂ ਦੀ ਦਹਿਸ਼ਤ ਦੇ ਨਾਲ ਨਾਲ ਲੋਕ ਸੁਰੱਖਿਆ ਅਮਲਿਆਂ ਦੇ ਤਸ਼ੱਦਦਾਂ ਤੋਂ ਵੀ ਪ੍ਰੇਸ਼ਾਨ ਹਨ।

ਦਰਅਸਲ ਇਸ ਕਾਨੂੰਨ ਦੀ ਲੋੜ ਉੱਤਰ ਪੂਰਬੀ ਰਾਜਾਂ 'ਚ ਤਾਂ ਪਈ ਕਿਉਂਕਿ ਨਾਗਾ ਨੈਸ਼ਨਲ ਕੌਂਸਲ ਦੇ ਨੇਤਾ ਏ.ਜੈਡ.ਫਿਜ਼ੋ ਨੇ 1947 'ਚ ਭਾਰਤ ਤੋਂ ਅਲੱਗ ਨਾਗਾ ਰਾਜ ਦੀ ਮੰਗ ਕੀਤੀ ਸੀ। ਸੰਨ 1951 'ਚ ਉਨ੍ਹਾਂ ਨੇ ਅਜ਼ਾਦ ਰਹਿਣ ਦਾ ਫੈਸਲਾ ਕੀਤਾ ਅਤੇ 99 ਫੀਸਦੀ ਨਾਗਾ ਲੋਕਾਂ ਨੇ ਇਸਦੀ ਸਹਿਮਤੀ ਪ੍ਰਗਟਾਈ ਸੀ ਅਤੇ ਭਾਰਤੀ ਸੰਵਿਧਾਨ 'ਚ ਅਵਿਸ਼ਵਾਸ਼ ਪ੍ਰਗਟ ਕੀਤਾ ਸੀ। 1952 ਦੀਆਂ ਆਮ ਚੋਣਾਂ ਦੇ ਨਾਲ ਨਾਲ ਸਰਕਾਰੀ ਅਦਾਰਿਆਂ ਦਾ ਬਾਈਕਾਟ ਕੀਤਾ ਸੀ। 1955 'ਚ ਨਾਗਾ ਨੈਸ਼ਨਲ ਕੌਂਸਲ ਨੇ ਨਾਗਾ ਪਹਾੜੀਆਂ ਤੋਂ ਹਥਿਆਰਬੰਦ ਕ੍ਰਾਂਤੀ ਕਰਨ ਦਾ ਫੈਸਲਾ ਕੀਤਾ। ਇਸ ਸਥਿਤੀ ਨਾਲ ਨਜਿੱਠਣ ਲਈ ਅਸਮ ਪੁਲਿਸ ਦੇ ਨਾਲ ਅਸਮ ਰਾਈਫਲਜ ਨੂੰ ਲੋਕਾਂ ਦੇ ਇਸ ਹਥਿਆਰਬੰਦ ਵਿਦਰੋਹ ਨੂੰ ਦਬਾਉਣ ਲਈ ਬੁਲਾਇਆ ਗਿਆ।ਸਥਿਤੀ ਹੋਰ ਗੰਭੀਰ ਹੁੰਦੀ ਦੇਖ ਆਖਿਰ ਸਰਕਾਰ ਨੇ 'ਅਫਸਪਾ' ਕਾਨੂੰਨ ਲਾਗੂ ਕਰ ਦਿੱਤਾ ਗਿਆ ਕਿਉਂਕਿ ਨਾਗਾ ਨੈਸ਼ਨਲ ਕੌਂਸਲ ਦੇ ਨੇਤਾਵਾਂ ਨੇ ਜਪਾਨ, ਚੀਨ ਆਦਿ ਦੇਸ਼ਾਂ ਨਾਲ ਹੱਥ ਮਿਲਾਉਣਾ ਸ਼ੁਰੂ ਕਰ ਦਿੱਤਾ ਸੀ ਜਿਸ ਕਾਰਨ ਪੂਰੇ ਦੇਸ਼ 'ਚ ਅਰਾਜਕਤਾ ਫੈਲ ਸਕਦੀ ਸੀ। ਇਸ ਦੌਰ 'ਚ ਫੌਜੀ ਬਲਾਂ ਨੂੰ ਖੁਦਮੁਖਤਿਆਰ ਕਰਕੇ ਹਰ ਹੀਲੇ ਇਸ ਸੰਕਟ 'ਚੋਂ ਨਿਕਲਣਾ ਸਰਕਾਰ ਦੀ ਪਹਿਲ ਬਣ ਗਿਆ ਸੀ।

ਉੱਤਰ ਪੂਰਬੀ ਰਾਜਾਂ 'ਚ ਖਾਸ ਕਰਕੇ ਅਸਮ, ਨਾਗਾਲੈਂਡ ਅਤੇ ਮਨੀਪੁਰ ਵਿੱਚ ਇਸ ਕਾਨੂੰਨ ਨੂੰ ਛੇ ਦਹਾਕੇ ਹੋਣ ਵਾਲੇ ਹਨ ਜਿਸ ਵਿੱਚ ਫੌਜੀ ਬਲਾਂ ਅਤੇ ਗੜਬੜੀ ਫੈਲਾਉਣ ਅਨਸਰਾਂ ਵਿਚਕਾਰ ਆਮ ਲੋਕ ਪਿਸ ਰਹੇ ਹਨ। ਕਾਨੂੰਨ ਲੋਕਾਂ ਦੀ ਭਲਾਈ ਲਈ ਹੁੰਦੇ ਹਨ ਪਰ ਉਸਦੀ ਨਾਜਾਇਜ਼ ਵਰਤੋਂ ਲੋਕਾਂ ਲਈ ਸਰਾਪ ਹੋ ਨਿੱਬੜਦੀ ਹੈ। ਜਦ ਕਿਸੇ ਚੀਜ ਦੀ ਅਤੀ ਹੁੰਦੀ ਹੈ ਤਾਂ ਇਸਦਾ ਖਾਮਿਆਜ਼ਾ ਮਾਨਵਤਾ ਨੂੰ ਹੀ ਚੁਕਾਉਣਾ ਪੈਂਦਾ ਹੈ। ਇਹ ਸੱਚ ਹੈ ਕਿ ਉਸ ਸਮੇਂ ਦੇਸ਼ ਦੇ ਟੋਟੇ ਹੋਣੋਂ ਬਚਾਉਣ ਅਤੇ ਗੜਬੜੀ ਅਨਸਰਾਂ ਨੂੰ ਖਦੇੜਨ ਲਈ ਠੋਸ ਕਾਰਵਾਈ ਦੀ ਲੋੜ ਸੀ ਪਰ ਬਾਅਦ 'ਚ ਸਾਰਾ ਕੁਝ ਸੈਨਿਕ ਬਲਾਂ 'ਤੇ ਸੁੱਟ ਕੇ ਸਰਕਾਰਾਂ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖਣ 'ਚ ਬਿਹਤਰੀ ਸਮਝਣ ਲੱਗੀਆਂ ਜਿਸਨੇ ਲੋਕਾਂ 'ਚ ਅਸੰਤੋਸ਼ ਪੈਦਾ ਕੀਤਾ ਹੈ ਜਿਸਦਾ ਕਾਰਨ ਸੁਰੱਖਿਆ ਦਸਤਿਆਂ ਵੱਲੋਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾਕੇ ਆਮ ਲੋਕਾਂ ਨਾਲ ਵਧੀਕੀਆਂ ਕਰਨਾ ਹੈ। ਸੁਰੱਖਿਆ ਦੇ ਨਾਂਅ 'ਤੇ ਨਿਰਦੋਸ਼ ਲੋਕਾਂ ਦੀ ਹਿਰਾਸਤੀ ਹਿੰਸਾ ਅਤੇ ਝੂਠੇ ਮੁਕਾਬਲੇ ਬਣਾ ਕੇ ਮਾਰਨਾ ਆਦਿ ਦੇ ਨਾਲ ਔਰਤਾਂ ਦੀ ਇੱਜ਼ਤ ਆਬਰੂ ਨਾਲ ਸ਼ਰੇਆਮ ਖਿਲਵਾੜ ਕੀਤਾ ਜਾ ਰਿਹਾ ਹੈ।

ਸੰਨ 2004 'ਚ ਮੀਡੀਆ ਦੁਆਰਾ ਨਸ਼ਰ ਇਸ ਖਬਰ ਨੇ ਲੋਕਾਂ ਨੂੰ ਹਿਲਾ ਕੇ ਰੱਖ ਦਿੱਤਾ ਸੀ ਕਿ ਅਸਮ ਰਾਈਫਲਜ ਦੇ



ਜਵਾਨਾਂ ਵੱਲੋਂ ਇੱਕ 34 ਸਾਲਾ ਔਰਤ ਨਾਲ ਦੁਸ਼ਕਰਮ ਕਰਕੇ ਕਤਲ ਕਰ ਦਿੱਤਾ ਗਿਆ ਸੀ। ਇਸ ਮੰਦਭਾਗੀ ਘਟਨਾ ਦੇ ਵਿਰੋਧ 'ਚ 14 ਜੁਲਾਈ 2004 ਵਿੱਚ ਇੱਕ ਦਰਜਨ ਔਰਤਾਂ ਤੋਂ ਜ਼ਿਆਦਾ ਨੰਗੇ ਹੋਕੇ ਅਸਮ ਰਾਈਫਲਜ ਦੇ ਹੈੱਡਕਵਾਰਟਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਗਿਆ ਸੀ। ਅਜਿਹੀਆਂ ਘਟਨਾਵਾਂ ਉੱਥੇ ਆਮ ਹੁੰਦੀਆਂ ਹਨ ਪਰ ਜਗ ਜ਼ਾਹਿਰ ਹੋਣ ਦੀ ਜਗ੍ਹਾ ਉੱਥੇ ਹੀ ਦਮ ਤੋੜ ਜਾਂਦੀਆਂ ਹਨ। ਪਿਛਲੇ ਪੰਜ ਸਾਲਾਂ ਦੌਰਾਨ ਆਵਾਮ ਨੇ ਹਿੰਮਤ ਕਰਕੇ ਅਸਮ ਰਾਈਫਲਜ ਦੇ ਖਿਲਾਫ 66 ਕੀਤੀਆਂ ਹਨ ਜਿਨ੍ਹਾਂ 'ਚੋਂ ਸਿਰਫ ਤਿੰਨ ਨੂੰ ਹੀ ਅੰਦਰਖਾਤੇ ਹੱਲ ਕਰਨ ਦਾ ਦਾਅਵਾ ਕੀਤਾ ਗਿਆ ਹੈ।

ਮਨੀਪੁਰ ਵਿੱਚ ਸਾਲ 2002 ਤੋਂ 2012 ਤੱਕ ਸੁਰੱਖਿਆ ਅਮਲੇ ਅਤੇ ਪੁਲਿਸ ਵੱਲੋਂ ਨਿਆਂ ਹੱਦ ਤੋਂ ਬਾਹਰ ਜਾਕੇ ਕਥਿਤ 1528 ਹੱਤਿਆਂਵਾਂ ਕੀਤੀਆਂ ਗਈਆਂ ਹਨ। ਅਸਮ ਰਾਈਫਲਜ ਦੁਆਰਾ ਹੋਈਆਂ 62 ਮੌਤਾਂ ਦੇ ਮਾਮਲੇ 'ਚ ਕੋਈ ਐੱਫ. ਆਈ. ਆਰ. ਦਰਜ ਨਹੀਂ ਕੀਤੀ ਗਈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅਨੁਸਾਰ 1993 ਤੋਂ 2008 ਤੱਕ 2560 ਲੋਕਾਂ ਦੀ ਮੌਤ ਹੋਈ ਜਿਨ੍ਹਾਂ 'ਚੋਂ 1224 ਮੌਤਾਂ ਦਾ ਕਾਰਨ ਫਰਜੀ ਮੁਕਾਬਲੇ ਹਨ। ਪਿਛਲੇ ਤੀਹ ਸਾਲਾਂ ਦੌਰਾਨ ਆਮ ਲੋਕਾਂ 'ਤੇ ਬੜਾ ਕਹਿਰ ਢਾਹਿਆ ਜਾ ਰਿਹਾ ਹੈ। ਨੌਜਵਾਨ ਮੁੰਡੇ ਕੁੜੀਆਂ ਨੂੰ ਸਿਰਫ ਸ਼ੱਕ ਦੇ ਅਧਾਰ 'ਤੇ ਝੂਠੇ ਮੁਕਾਬਲੇ ਬਣਾ ਕੇ ਮਾਰਿਆ ਜਾ ਰਿਹਾ ਹੈ। ਅਜੋਕੀ ਸਥਿਤੀ ਬੜੀ ਗੰਭੀਰ ਬਣੀ ਹੋਈ ਹੈ ਤੇ ਇੱਕ ਅਨੁਮਾਨ ਅਨੁਸਾਰ ਪਿਛਲੇ ਦਸ ਸਾਲਾਂ ਤੋਂ ਮਨੀਪੁਰ 'ਚ ਔਸਤਨ ਹਰ ਹਫਤੇ ਦੋ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ। ਸਿੱਧੇ ਅਸਿੱਧੇ ਤੌਰ 'ਤੇ 40 ਹਜ਼ਾਰ ਤੋਂ ਜ਼ਿਆਦਾ ਲੋਕ ਪੁਲਿਸ ਅਤੇ ਫੌਜੀ ਬਲਾਂ ਦੇ ਤਸ਼ੱਦਦ ਦਾ ਸ਼ਿਕਾਰ ਹੋ ਕੇ ਝੂਠੇ ਮੁਕਾਬਲਿਆਂ ਰਾਹੀਂ ਮਾਰੇ ਜਾ ਚੁੱਕੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਮਰਨ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜਾ ਤਾਂ ਦਿੱਤਾ ਗਿਆ ਹੈ ਪਰ ਸਰਕਾਰ ਉਨ੍ਹਾਂ ਦੇ ਫਰਜ਼ੀ ਮੁਕਾਬਲਿਆਂ ਦੀ ਗੱਲ ਨਹੀਂ ਮੰਨ ਰਹੀ ਹੈ।

ਇਸ ਮੰਦਭਾਗੀ ਤ੍ਰਾਸਦੀ ਦੀ 1991 ਵਿੱਚ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਨੇ ਭਾਰਤ ਸਰਕਾਰ ਕੋਲੋਂ ਇਸ ਕਾਨੂੰਨ ਸਬੰਧੀ ਜਾਣਕਾਰੀ ਮੰਗੀ ਸੀ। ਮਨੀਪੁਰ ਦੀ ਲੋਹ ਔਰਤ ਸ਼ਰਮੀਲਾ ਅਫਸਪਾ ਕਾਨੂੰਨ ਨੂੰ ਰੱਦ ਕਰਵਾਉਣ ਲਈ ਪਿਛਲੇ ਪੰਦਰਾਂ ਸਾਲਾਂ ਤੋਂ ਭੁੱਖ ਹੜਤਾਲ 'ਤੇ ਹੈ ਤਾਂ ਜੋ ਇਸ ਕਾਨੂੰਨ ਤਹਿਤ ਲੋਕਾਂ ਨਾਲ ਹੋ ਰਹੀਆਂ ਵਧੀਕੀਆਂ ਖਤਮ ਹੋ ਸਕਣ। ਵਾਕਿਆ ਹੀ ਇਹ ਵਧੀਕੀਆਂ ਖਤਮ ਹੋਣੀਆਂ ਚਾਹੀਦੀਆਂ ਹਨ ਕਿਉਂਕਿ ਚੰਦ ਸਿਰਫਿਰੇ ਲੋਕਾਂ ਦੇ ਗੁਨਾਹਾਂ ਦੀ ਸਜ਼ਾ ਆਵਾਮ ਨੂੰ ਨਹੀਂ ਦਿੱਤੀ ਜਾ ਸਕਦੀ। ਸੰਨ 2014 ਦੀਆਂ ਆਮ ਚੋਣਾਂ 'ਚ ਇਨ੍ਹਾਂ ਰਾਜਾਂ ਵਿੱਚ 80 ਫੀਸਦੀ ਮਤਦਾਨ ਹੋਇਆ ਸੀ ਜੋ ਇੱਥੋਂ ਦੇ ਲੋਕਾਂ ਦੀ ਲੋਕਤੰਤਰ 'ਚ ਸ਼ਮੂਲੀਅਤ ਨੂੰ ਦਰਸਾਉਂਦਾ ਹੈ। ਇਹ ਠੀਕ ਹੈ ਕਿ ਸਰਹੱਦੀ ਤੇ ਸੰਵੇਦਨਸ਼ੀਲ ਇਲਾਕਾ ਹੋਣ ਕਾਰਨ ਸੁਰੱਖਿਆ ਏਜੰਸੀਆਂ ਨੂੰ ਇੱਥੇ ਸਖਤ ਹੋਣ ਦੀ ਬਹੁਤ ਲੋੜ ਹੈ ਪਰ ਇਹ ਗੱਲ ਵੀ ਸਮਝਣ ਦੀ ਲੋੜ ਹੈ ਕਿ ਪਿਛਲੇ ਸੱਠ ਸਾਲਾਂ ਦੌਰਾਨ ਕਾਨੂੰਨ ਦੀ ਦੁਰਵਰਤੋਂ ਨੇ ਇੱਥੇ ਦੇ ਬਾਸ਼ਿੰਦਿਆਂ ਦੀਆਂ ਦੋ ਪੀੜ੍ਹੀਆਂ ਨੂੰ ਨਰਕ ਭੋਗਣ ਲਈ ਮਜਬੂਰ ਕੀਤਾ ਹੈ। ਇਸ ਮੁਸ਼ਕਿਲ ਦੇ ਹੱਲ ਲਈ ਹੋਰ ਤਰੀਕੇ ਵਰਤਣੇ ਚਾਹੀਦੇ ਹਨ। ਇਹ ਬੇਹੱਦ ਜ਼ਰੂਰੀ ਹੈ ਕਿ ਸੁਰੱਖਿਆ ਏਜੰਸੀਆਂ ਦੇ 'ਤੇ ਵੀ ਨਜ਼ਰਸਾਨੀ ਲਾਜ਼ਮੀ ਹੈ ਕਿਤੇ ਉਹ ਆਮ ਲੋਕਾਂ ਲਈ ਮੁਸ਼ਕਿਲਾਂ ਦੇ ਪਹਾੜ ਤਾਂ ਨਹੀਂ ਖੜੇ ਕਰ ਰਹੇ ਹਨ।

gurtejsingh72783@gmail.com
(ਲੇਖਕ ਮੈਡੀਕਲ ਦੇ ਵਿਦਿਆਰਥੀ ਹਨ)

## ਦੇਸੀ ਵਿਦੇਸ਼ੀ ਕੰਪਨੀਆਂ ਦੇ ਦਬਾਅ ਹੇਠ ਮੋਦੀ ਸਰਕਾਰ ਠੇਕਾ ਮਜ਼ਦੂਰਾਂ ਦੀ ਤਨਖਾਹ ਵਧਾਉਣ ਤੋਂ ਮੁਕਰੀ

ਕੇਂਦਰੀ ਕਿਰਤ ਵਿਭਾਗ, ਠੇਕਾ ਮਜ਼ਦੂਰਾਂ ਦੀ ਤਨਖਾਹ ਵਧਾ ਕੇ ਘੱਟੋ ਘੱਟ 10000 ਰੁਪੈ ਕਰਨ ਦੇ ਵਾਅਦੇ ਤੋਂ ਭਜ ਗਿਆ ਹੈ? ਕਿਰਤ ਮੰਤਰੀ ਬੰਡਾਰੂ ਦੱਤਾਤਰੇ ਨੇ ਇਸ ਦਾ ਕਾਰਨ ਵੱਡੀਆਂ ਦੇਸੀ ਵਿਦੇਸ਼ੀ ਕੰਪਨੀਆਂ ਵੱਲੋਂ ਜ਼ੋਰਦਾਰ ਵਿਰੋਧ ਦੱਸਿਆ ਹੈ? ਠੇਕਾ ਮਜ਼ਦੂਰਾਂ ਦੀ ਤਨਖਾਹ ਵਧਾਉਣ ਦੇ ਵਿਰੁੱਧ ਵੱਖ-ਵੱਖ ਸਨਅਤੀ ਗਰੁੱਪਾਂ ਅਤੇ ਕੰਪਨੀਆਂ ਨੇ 40 ਤੋਂ ਵੱਧ ਇਤਰਾਜ਼ ਪੱਤਰ ਭੇਜੇ ਹਨ? ਇਸ ਸਾਲ ਬਜਟ ਸੈਸ਼ਨ ਦੌਰਾਨ ਕਿਰਤ ਮੰਤਰੀ ਨੇ ਰਾਜ ਸਭਾ ਨੂੰ ਦੱਸਿਆ ਸੀ ਕਿ ਭਾਰਤ ਚ ਠੇਕਾ ਮਜ਼ਦੂਰਾਂ ਦੀ ਤਨਖਾਹ ਵੱਖ...ਵੱਖ ਰਾਜਾਂ 'ਚ 3500 ਤੋਂ 10000 ਰੁਪੈ ਦੇ ਵਿਚਕਾਰ ਹੈ?

ਦੂਜੇ ਪਾਸੇ ਵੱਖ ਵੱਖ ਟਰੇਡ ਯੂਨੀਅਨਾਂ ਨੇ ਠੇਕਾ ਮਜ਼ਦੂਰਾਂ ਲਈ ਘੱਟੋ ਘੱਟ 15000 ਤੋਂ 18000 ਰੁਪੈ ਮਹੀਨਾ ਤਨਖਾਹ ਦੀ ਮੰਗ ਕੀਤੀ ਹੈ?



Aditya Birla Fashion and Retail ਕੰਪਨੀ ਅਤੇ Federation of Indian Chamber of Commerce and Industries (FICCI) ਨੇ ਇਹ ਕਹਿ ਕੇ ਇਸ ਵਾਧੇ ਦਾ ਵਿਰੋਧ ਕੀਤਾ ਹੈ ਕਿ ਇਸ ਨਾਲ ਕਾਰਖਾਨੇਦਾਰਾਂ ਤੇ ਭਾਰੀ ਬੋਝ ਪਵੇਗਾ ਅਤੇ ਭਾਰਤ ਚ ਬਣੀਆਂ ਚੀਜਾਂ ਬੰਗਲਾ ਦੇਸ਼, ਪਾਕਿਸਤਾਨ ਅਤੇ ਵੀਤਨਾਮ ਦੇ ਮੁਕਾਬਲੇ ਮਹਿੰਗੀਆਂ ਹੋ ਜਾਣਗੀਆਂ? Apparel Exporters and Manufacturers Association ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਇਸ ਨਾਲ 10000 ਕਰੋੜ ਰੁਪੈ ਤੋਂ ਵੱਧ ਦਾ ਐਕਸਪੋਰਟ ਦਾ ਨੁਕਸਾਨ ਹੋ ਜਾਵੇਗਾ?

ਅਸਲ ਚ ਵਿਦੇਸ਼ੀ ਪੂੰਜੀ ਨਿਵੇਸ਼ ਅਤੇ ਨਿਰਯਾਤ ਤੇ ਅਧਾਰਤ ਸਨਅਤੀ ਵਿਕਾਸ ਦਾ ਜੋ ਮਾਡਲ ਭਾਰਤੀ ਹਾਕਮ ਲਾਗੂ ਕਰ ਰਹੇ ਹਨ ਉਸ ਦੇ ਤਹਿਤ ਦੇਸੀ ਵਿਦੇਸ਼ੀ ਕੰਪਨੀਆਂ ਨੂੰ "ਵਿਸ਼ੇਸ਼ ਆਰਥਿਕ ਖੇਤਰ" (SEZ), ਮੇਕ ਇਨ ਇੰਡੀਆ (MAKE IN INDIA) ਅਤੇ ਅਜਿਹੀਆਂ ਹੋਰ ਸਕੀਮਾਂ ਤਹਿਤ ਭਾਰੀ ਰਿਆਇਤਾਂ ਅਤੇ ਟੈਕਸ ਛੋਟਾਂ ਦਿੱਤੀਆਂ ਜਾ ਰਹੀਆਂ ਹਨ? ਮੁਲਕ ਦੇ ਬੇਸ਼-ਕੀਮਤੀ ਮਾਲ ਖਜ਼ਾਨੇ-ਜਲ, ਜੰਗਲ, ਜ਼ਮੀਨ ਅਤੇ ਖਣਿਜ, ਕੌਡੀਆਂ ਦੇ ਭਾਅ ਦਿੱਤੇ ਜਾ ਰਹੇ ਹਨ ਅਤੇ ਭਾਰਤੀ ਲੋਕਾਂ ਦੀ ਕਿਰਤ ਸ਼ਕਤੀ ਦੀ ਬੇਕਿਰਕ ਲੁੱਟ ਕਰਣ ਦੀ ਇਜ਼ਾਜ਼ਤ ਦਿੱਤੀ ਜਾ ਰਹੀ ਹੈ? ਭਾਰਤੀ ਵਸਤਾਂ ਦੇ ਨਿਰਯਾਤ ਨੂੰ competitive ਬਣਾਈ ਰੱਖਣ ਦੇ ਬਹਾਨੇ ਹੇਠ ਮਜ਼ਦੂਰਾਂ ਦੀਆਂ ਉਜਰਤਾਂ ਦਾ ਪੱਧਰ ਅੱਤ ਨੀਵਾਂ ਰੱਖਿਆ ਜਾ ਰਿਹਾ ਹੈ ਅਤੇ ਪੱਕੀਆਂ ਨੌਕਰੀਆਂ ਦੀ ਥਾਂ ਠੇਕਾ ਮਜ਼ਦੂਰੀ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ? ਦੂਜੇ ਸ਼ਬਦਾਂ 'ਚ ਭਾਰਤੀ ਲੋਕਾਂ ਅਤੇ ਕਿਰਤੀਆਂ ਦੇ ਹਿੱਤਾਂ ਨੂੰ ਨਜ਼ਰ ਅੰਦਾਜ਼ ਕਰਕੇ, ਦੇਸੀ ਵਿਦੇਸ਼ੀ ਕੰਪਨੀਆਂ ਨੂੰ ਮਾਲੋ ਮਾਲ ਕੀਤਾ ਜਾ ਰਿਹਾ ਹੈ?

ਸਾਰੇ ਮਜ਼ਦੂਰ ਹਿਤੈਸ਼ੀਆਂ ਨੂੰ ਸਾਡੇ ਦੇਸ਼ ਦੇ ਮਾਲ ਖਜਾਨਿਆਂ ਅਤੇ ਠੇਕਾ ਮਜ਼ਦੂਰਾਂ ਦੀ ਇਸ ਲੁੱਟ ਦੇ ਵਿਰੋਧ ਵਿਚ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਮੋਦੀ ਸਰਕਾਰ ਨੂੰ ਫਿੱਟ ਲਾਹਨਤਾਂ ਪਾਉਣੀਆਂ ਚਾਹੀਦੀਆਂ ਹਨ ।

- ਨਰਿੰਦਰ ਕੁਮਾਰ ਜੀਤ

# ਓਰਲੈਂਡੋ ਦੁਖਾਂਤ ਦੇ ਅਮਰੀਕੀ ਸਾਮਰਾਜ ਤੇ ਮਾਰੂ ਪ੍ਰਭਾਵ



ਦਰਬਾਰਾ ਸਿੰਘ ਕਾਹਲੋਂ

ਅਫਗਾਨਿਸਤਾਨ ਦੇ ਪਿਛੋਕੜ ਵਾਲੇ ਅਮਰੀਕਾ ਅੰਦਰ ਜੰਮੇ-ਪਲੇ 29 ਸਾਲਾ ਮੁਸਲਿਮ ਨੌਜਵਾਨ ਉਮਰ ਮਾਤੀਨ ਨੇ ਅਤਿ ਆਧੁਨਿਕ ਹਥਿਆਰਾਂ ਨਾਲ ਓਰਲੈਂਡੋ (ਫਲੋਰੀਡਾ) ਨਾਈਟ ਗੇਅ-ਕਲੱਬ ਅੰਦਰ ਜੂਨ 12, 2016 ਨੂੰ ਹਮਲਾ ਕਰਕੇ ਕਰੀਬ 50 ਵਿਅਕਤੀ ਮਾਰ ਦਿਤੇ ਅਤੇ 53 ਜ਼ਖ਼ਮੀ ਕਰ ਦਿਤੇ। ਇਸ ਗੋਲੀਬਾਰੀ ਨੇ ਪੂਰੇ ਅਮਰੀਕੀ ਸਮਾਜ, ਤਾਕਤਵਰ ਸਾਮਰਾਜ ਨੂੰ ਹੀ ਨਹੀਂ ਬਲਕਿ ਪੂਰੇ ਵਿਸ਼ਵ ਨੂੰ ਹਿਲਾ ਕੇ ਰਖ ਦਿਤਾ। ਅਮਰੀਕਾ ਸਮੇਤ ਪੱਛਮੀ ਜਗਤ ਦੀਆਂ ਚਿੰਤਾਵਾਂ ਵਿਚ ਵੱਡਾ ਵਾਧਾ ਕਰ ਦਿਤਾ।

ਇਸ ਘਟਨਾ ਨੇ ਅਮਰੀਕੀ ਸਮਾਜ ਅੰਦਰ ਘਰੋਗੀ ਅੱਤਵਾਦੀ ਹਿੰਸਾ ਦੇ ਸਭਿਆਚਾਰ ਨੂੰ ਉਜਾਗਰ ਕਰ ਦਿਤਾ ਜਿਸਦਾ ਇਹ ਪਿਛਲੀਆਂ ਕਈ ਸਦੀਆਂ ਤੋਂ ਸ਼ਿਕਾਰ ਹੈ ਅਤੇ ਜਿਸ ਨੂੰ ਰੋਕਣ ਲਈ ਅਮਰੀਕੀ ਸਮਾਜ, ਪ੍ਰਸ਼ਾਸ਼ਨ, ਸਰਕਾਰਾਂ ਨੇ ਕਦੇ ਸੰਜੀਦਾ ਯਤਨ ਨਹੀਂ ਕੀਤਾ। ਇਹ ਗੋਲੀਬਾਰੀ ਅਤੇ ਬੇਗੁਨਾਹ ਅਮਰੀਕੀਆਂ ਦਾ ਕਤੱਲ-ਏ-ਆਮ ਕੋਈ ਅਲੋਕਾਰ ਵਰਤਾਰਾ ਨਹੀਂ। ਪਿਛਲੇ ਕੁਝ ਸਾਲਾਂ ਵਿਚ ਚਾਰਲੈਸਟਨ, ਅਰੋਗ, ਨਿਊਟਨ, ਸਾਨਬਰਨਾਰਡੀਨੋ, ਓਕ ਕਰੀਕ, ਚੈਟਾਨੂਗਾ, ਵਰਜੀਨੀਆ, ਫੋਰਟ ਹੁੱਡ ਆਦਿ ਕਤੱਲ-ਏ-ਆਮ ਲੋਕਾਂ ਨੂੰ ਭੁੱਲੇ ਨਹੀਂ ਹਨ।

ਅਮਰੀਕੀ ਸਮਾਜ ਅੰਦਰ ਹਿੰਸਕ ਸਭਿਆਚਾਰ ਦਾ ਇਤਿਹਾਸ ਬਹੁਤ ਪੁਰਾਣਾ ਅਤੇ ਸ਼ਾਂਤੀ ਪਸੰਦ ਸਮਾਜਾਂ ਲਈ ਰੌਂਗਟੇ ਖੜ੍ਹੇ ਕਰਨ ਵਾਲਾ ਹੈ। ਅਮਰੀਕੀ ਅਜ਼ਾਦੀ ਤੋਂ ਪਹਿਲਾਂ ਦਾ 100 ਸਾਲ ਦਾ ਇਤਿਹਾਸ ਐਸਾ ਹੀ ਹੈ। ਕਰੀਬ 100 ਸਾਲ ਦੀ 'ਗੁਲਾਮ ਆਰਥਿਕਤਾ' ਦਾ ਇਤਿਹਾਸ ਲਹੂ ਭਿੱਜਾ ਹੈ। ਅਮਰੀਕੀ ਇਨਕਲਾਬ ਦਾ ਪੂਰਾ ਇਤਿਹਾਸ ਲਹੂ-ਭਿੱਜੀਆਂ ਘਟਨਾਵਾਂ ਨਾਲ ਲੱਥ-ਪੱਥ ਹੈ। ਅਮਰੀਕਾ ਦਾ ਬਦਨਾਮ 'ਨੱਸਲੀ ਵਿਤਕਰੇ (Apartheid) ਦਾ ਅਤਿ ਮਾਰੂ ਭੇਦ-ਭਾਵ ਅਤੇ ਹਿੰਸਕ ਇਤਿਹਾਸ ਰਿਹਾ ਹੈ ਜਿਸ ਲਈ ਮਾਰਟਿਨ ਲੂਥਰ ਕਿੰਗ ਵਰਗਿਆਂ ਆਪਣੀਆਂ ਕੁਰਬਾਨੀਆਂ ਦਿਤੀਆਂ। ਅਮਰੀਕੀ ਲੋਕਾਂ ਕੋਲ ਇਸ ਵੇਲੇ 300 ਮਿਲੀਅਨ ਬੰਦੂਕਾਂ ਅਤੇ ਪਿਸਤੌਲਾਂ ਵਾਲਾ ਮਾਰੂ ਅਸਲਾ ਹੈ। ਹੈਰਾਨਗੀ ਤਾਂ ਇਸ ਗੱਲ ਦੀ ਹੈ ਕਿ ਐਸੇ ਮਾਰੂ ਹਿੰਸਕ ਸਭਿਆਚਾਰ ਦੇ ਲੰਬੇ ਇਤਿਹਾਸ ਤੋਂ ਅਮਰੀਕੀ ਸਮਾਜ ਸਬਕ ਸਿੱਖਣ ਲਈ ਤਿਆਰ ਨਹੀਂ। ਲਗਾਤਾਰ 'ਗੰਨ ਕੰਟਰੋਲ' ਦੇ ਸੁਝਾਵਾਂ ਨੂੰ ਨਕਾਰਿਆ ਜਾ ਰਿਹਾ ਹੈ।

ਅਜੋਕੀ ਭਿਆਨਕ ਘਟਨਾ ਨੂੰ ਘਰੋਗੀ ਅਤਿਵਾਦੀ ਘਟਨਾ ਨਹੀਂ ਮੰਨਿਆ ਜਾ ਰਿਹਾ ਅਤੇ ਨਾ ਹੀ ਇਸ ਦਾ 'ਗੰਨ ਕੰਟਰੋਲ' ਨਾਲ ਕੋਈ ਲੈਣਾ-ਦੇਣਾ ਨਹੀਂ ਮੰਨਿਆ ਜਾ ਰਿਹਾ।

ਨਵੰਬਰ ਵਿਚ ਅਮਰੀਕੀ ਰਾਸ਼ਟਰਪਤੀ ਪਦ ਲਈ ਚੋਣਾਂ ਹੋਣ ਕਰਕੇ ਇਹ ਕਤੱਲ-ਏ-ਆਮ ਰਾਜਨੀਤਕ ਤੂਲ ਪਕੜ ਰਿਹਾ ਹੈ। ਇਸ ਕਰਕੇ ਅਮਰੀਕੀ ਸਮਾਜ ਅਤੇ ਰਾਜਨੀਤੀ ਬੁਰੀ ਤਰ੍ਹਾਂ ਨਾਲ ਵੰਡੀ ਗਈ ਹੈ।

ਅਮਰੀਕੀ ਪ੍ਰਧਾਨ ਬਰਾਕ ਓਬਾਮਾ ਨੇ ਇਸ ਹਮਲੇ ਨੂੰ ਇਕ ਅਤਿਵਾਦੀ ਅਤੇ ਇਕ ਨਫਰਤ ਭਰਿਆ ਕਾਰਾ ਦਰਸਾਇਆ। ਉਨ੍ਹਾਂ ਕਿਹਾ ਕਿ ਇਸ ਦੀ ਜਾਂਚ ਐੱਫ.ਬੀ.ਆਈ (ਅਮਰੀਕੀ ਸਰਵਉੱਚ ਜਾਂਚ ਏਜੰਸੀ) ਕਰ ਰਹੀ ਹੈ ਜਿਥੋਂ ਤੱਕ ਵੀ ਤੱਥ ਸਾਨੂੰ ਲਿਜਾਣਗੇ ਅਸੀਂ ਉਥੋਂ ਤਕ ਉਨ੍ਹਾਂ ਦਾ ਪਿੱਛਾ ਕਰਾਂਗੇ।

ਪ੍ਰਧਾਨਗੀ ਪੱਦ ਲਈ ਡੈਮੋਕ੍ਰੈਟਿਕ ਪਾਰਟੀ ਦੀ ਸੰਭਾਵੀ ਉਮੀਦਵਾਰ ਬੀਬੀ ਹਿਲੇਰੀ ਕਲਿੰਟਨ ਨੇ ਕਿਹਾ ਕਿ ਮੇਰੀਆਂ ਸੰਵੇਂਦਨਸ਼ੀਲ ਮਨੋਭਾਵਨਾਵਾਂ ਪੀੜਤ ਪਰਿਵਾਰਾਂ ਨਾਲ ਹਨ ਉਨ੍ਹਾਂ ਦੇ ਅਸਹਿ ਦੁੱਖ ਦੀ ਘੜੀ ਵਿਚ।

ਉਸਦੇ ਮੁਕਾਬਲੇ ਵਿਚ ਡੈਮੋਕ੍ਰੈਟਿਕ ਪਾਰਟੀ ਦੇ ਹੀ ਡੱਟੇ ਹੋਏ ਪ੍ਰਬੁੱਧ ਉਮੀਦਵਾਰ ਬਰਨੀ ਸੈਂਡਰਜ਼ ਨੇ ਦੇਸ਼ ਅੰਦਰ ਮਾਰੂ ਬੰਦੂਕ ਸਭਿਆਚਾਰ ਤੇ ਪਾਬੰਦੀ ਲਾਉਣ ਦਾ ਮੁਦਾਅ ਉਭਾਰਦੇ ਕਿਹਾ ਕਿ ਸਾਨੂੰ ਉਹ ਸਭ ਕੁਝ ਕਰਨਾ ਪਵੇਗਾ ਅਤੇ ਨਾਲ ਹੀ ਇਹ ਯਕੀਨੀ ਬਣਾਉਣਾ ਪਵੇਗਾ ਕਿ ਬੰਦੂਕਾਂ ਉਨ੍ਹਾਂ ਹੱਥਾਂ ਵਿਚ ਨਾ ਜਾਣ ਜਿੰਨਾਂ ਵਿਚ ਨਹੀਂ ਜਾਣੀਆਂ ਚਾਹੀਦੀਆਂ ਭਾਵ ਜਰਾਇਮ ਪੇਸ਼ਾ, ਮਾਨਸਿਕ ਤੌਰ 'ਤੇ ਬੀਮਾਰ ਅਤੇ ਮੂਰਖਾਂ ਹੱਥ।

ਪਰ ਉਲਟ ਪ੍ਰਧਾਨਗੀ ਪਦ ਲਈ ਸਾਮ, ਦਾਮ, ਢੰਡ, ਭੇਦ ਦੀ ਨੀਤੀ ਤੇ ਕੰਮ ਕਰ ਰਹੇ ਅਤੇ ਇਸ ਵਾਰ ਇਸ ਨੂੰ ਹਰ ਹੀਲੇ ਹਥਿਆਉਣ ਲਈ ਹਮਲਾਵਰ ਨੀਤੀ ਬਲਬੂਤੇ ਬਜ਼ਿਦ ਨਜ਼ਰ ਆ ਰਹੇ ਰਿਪਬਲੀਕਨ ਪਾਰਟੀ ਦੇ ਸਰਮਾਏਦਾਰ ਉਮੀਦਵਾਰ ਡੋਨਾਲਡ ਟਰੰਪ ਨੇ ਇਸ ਸਬੰਧੀ ਮੁਸਲਿਮ ਰੈਡੀਕਲ ਅੱਤਵਾਦ ਨੂੰ ਨਿਸ਼ਾਨਾ ਬਣਾਉਂਦੇ ਕਿਹਾ ਕਿ ਉਹ ਦੇਸ਼ ਦੇ ਪ੍ਰਧਾਨ ਚੁਣੇ ਜਾਂਦੇ ਹਨ ਤਾਂ ਉਹ ਵਿਸ਼ਵ ਅੰਦਰ ਜਿੱਥੋਂ-ਜਿੱਥੋਂ ਵੀ ਅਮਰੀਕਾ ਵਿਰੁੱਧ ਅੱਤਵਾਦ ਸਿਰ ਚੁੱਕਦਾ ਪ੍ਰਮਾਣਿਤ ਹੋਵੇਗਾ ਅਸੀਂ ਉਨ੍ਹਾਂ ਦੇਸ਼ਾਂ ਦੇ ਜਾਂ ਇਲਾਕਿਆਂ ਦੇ ਲੋਕਾਂ ਲਈ ਅਮਰੀਕਾ ਅੰਦਰ ਪ੍ਰਵਾਸ ਬੰਦ ਕਰ ਦੇਵਾਂਗੇ। ਉਨ੍ਹਾਂ ਓਰਲੈਂਡੋ ਗੋਲੀਬਾਰੀ ਲਈ ਜੁੰਮੇਵਾਰ ਪੁਲਿਸ ਹੱਥੋਂ ਮਾਰੇ ਗਏ ਉਮਰ ਮਤੀਨ ਨੂੰ ਅਮਰੀਕੀ ਜਨਤਾ ਨੂੰ ਗੁੰਮਰਾਹ ਕਰਦੇ ਅਫਗਾਨਿਸਤਾਨ ਵਿਚ ਪੈਦਾ ਹੋਇਆ ਵਿਅਕਤੀ ਦਰਸਾਇਆ। ਹਕੀਕਤ ਵਿਚ ਉਸਦੇ ਮਾਪੇ ਅਫਗਾਨਿਸਤਾਨ ਨਾਲ ਸਬੰਧਿਤ ਸਨ ਜਦਕਿ ਉਸਦਾ ਜਨਮ ਨਿਊਯਾਰਕ (ਅਮਰੀਕਾ) ਵਿਚ ਹੋਇਆ ਅਤੇ ਅੱਜਕਲ੍ਹ ਉਹ ਫਲੋਰੀਡਾ ਪ੍ਰਾਂਤ ਵਿਚ ਰਹਿੰਦਾ ਸੀ। ਸ਼੍ਰੀ ਟਰੰਪ ਨੇ ਤਾਂ ਪ੍ਰਧਾਨ ਓਬਾਮਾ ਦੀ ਨੀਯਤ ਤੇ ਸ਼ੱਕ ਕਰਦਿਆਂ ਕਿਹਾ ਕਿ ਜੇ ਉਹ ਇਸ ਘਿਨਾਉਣੇ ਕਾਰਨਾਮੇ ਨੂੰ ਰੈਡੀਕਲ ਮੁਸਲਿਮ ਅੱਤਵਾਦੀਆਂ ਦਾ ਕਾਰਨਾਮਾ ਨਹੀਂ ਕਹਿੰਦਾ ਤਾਂ ਉਸ ਨੂੰ ਬੇਸ਼ਰਮੀ ਭਰੇ ਢੰਗ ਨਾਲ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ।

ਇਸ ਗੋਲੀਬਾਰੀ ਨੇ ਪ੍ਰਧਾਨਗੀ ਪਦ ਦੀਆਂ ਚੋਣਾਂ ਇਸੇ ਵਰ੍ਹੇ ਨਵੰਬਰ 'ਚ ਹੋਣ ਕਰਕੇ ਅਮਰੀਕੀ ਰਾਜਨੀਤੀ, ਸਮਾਜ ਅਤੇ ਜਨਤਾ ਮੁੱਖ ਤੌਰ 'ਤੇ ਦੋ ਭਾਗਾਂ ਵਿਚ ਵੰਡ ਦਿੱਤੀ ਹੈ। ਸਾਮਰਾਜਵਾਦੀ, ਨਸਲਵਾਦੀ, ਸੰਕੁਚਿਤ ਸੋਚ ਅਤੇ ਨਫ਼ਰਤਵਾਦੀ ਖੇਮਾ ਇਸ ਕਾਰਨਾਮੇ ਲਈ ਬਦਨਾਮ ਅੱਤਵਾਦੀ ਕੌਮਾਂਤਰੀ ਤਨਜ਼ੀਮ ਆਈ. ਐੱਸ. ਆਈ. ਐੱਸ, ਅੱਲ-ਕਾਇਦਾ ਅਤੇ ਤਾਲਿਬਾਨ ਆਦਿ ਨੂੰ ਜੁਮੇਂਵਾਰ ਮੰਨਦੇ ਹਨ। ਅਮਰੀਕਾ, ਯੂਰਪ ਅਤੇ ਵਿਸ਼ਵ ਦੇ ਅਨੇਕ ਭਾਗਾਂ ਵਿਚ ਇੰਨਾਂ ਮੁਸਲਿਮ ਜੁਝਾਰੂ ਅੱਤਵਾਦੀ ਤਨਜ਼ੀਮਾਂ ਤੋਂ ਪ੍ਰਭਾਵਿਤ ਨੌਜਵਾਨਾਂ ਵਾਂਗ ਉਮਰ ਮਤੀਨ ਨੂੰ ਵੀ ਪ੍ਰਭਾਵਿਤ ਸਮਝਦੇ ਹਨ। ਪਿਛਲੇ ਸਮੇਂ ਵਿਚ ਹਜ਼ਾਰਾਂ ਨੌਜਵਾਨ ਲੜਕੇ-ਲੜਕੀਆਂ ਇੰਨਾਂ ਦੇ ਵਿਸ਼ੈਲੇ ਧਾਰਮਿਕ, ਅੱਤਵਾਦੀ ਅਤੇ ਨਾਇਕਵਾਦੀ ਪ੍ਰਚਾਰ ਤੋਂ ਪ੍ਰਭਾਵਿਤ ਹੋ ਕੇ ਇਰਾਕ, ਸੀਰੀਆ ਅਤੇ ਹੋਰ ਮੱਧ ਏਸ਼ੀਆਈ ਮੁਸਲਿਮ ਦੇਸ਼ਾਂ ਵਿਚ ਲੜਨ ਲਈ ਜਾਂਦੇ ਪਾਏ ਗਏ।





ਇਹ ਖੇਮਾ ਅਮਰੀਕਾ ਦੇ ਗੋਰੇ ਨਸਲਵਾਦੀ ਲੋਕਾਂ ਅਤੇ ਨੌਜਵਾਨਾਂ ਨੂੰ ਗੈਰ-ਅਮਰੀਕੀ ਲੋਕਾਂ ਖਾਸ ਕਰਕੇ ਮੁਸਲਿਮ ਭਾਈਚਾਰੇ ਵਿਰੁੱਧ ਉਕਸਾਉਂਦਾ ਨਜ਼ਰ ਆਇਆ। ਇੰਨਾਂ ਦਾ ਵੱਡਾ ਆਗੂ ਰਿਪਬਲੀਕਨ ਪਾਰਟੀ ਦਾ ਅਜੋਕਾ ਉਮੀਦਵਾਰ ਡੋਨਾਲਡ ਟਰੰਪ ਹੀ ਨਜ਼ਰ ਆਉਂਦਾ ਹੈ। ਇਸ ਨਸਲਵਾਦੀ ਅਤੇ ਧਾਰਮਿਕ ਨਫ਼ਰਤ ਸਭਿਆਚਾਰ ਨੂੰ ਉਕਸਾਉਂਦੀਆਂ ਪਲੀਤੀਆਂ ਤੋਂ ਸਿੱਖ ਭਾਈਚਾਰਾ ਵੀ ਸਹਿਮਿਆ ਨਜ਼ਰ ਆਉਂਦਾ ਹੈ ਜੋ ਅਕਸਰ ਅਮਰੀਕਾ ਅੰਦਰ ਬੇਇਜ਼ਤੀ ਭਰੇ ਪ੍ਰਸ਼ਾਸ਼ਨਿਕ ਅਤੇ ਸਮਾਜਿਕ ਵਤੀਰੇ ਅਤੇ ਮਾਰੂ ਨਸਲੀ ਹਮਲਿਆਂ ਦਾ ਸ਼ਿਕਾਰ ਹੁੰਦਾ ਹੈ ਜੋ 9/11 ਦੇ ਹਮਲਿਆਂ ਬਾਅਦ ਤੇਜ਼ੀ ਪਕੜ ਗਏ ਸਨ। ਜਦੋਂ ਅਮਰੀਕਾ ਕਿਸੇ ਮੁਸਲਿਮ ਅੱਤਵਾਦੀ ਜਾਂ ਮਾਨਸਿਕ ਤੌਰ 'ਤੇ ਬੀਮਾਰ ਮੁਸਲਿਮ ਭਾਈਚਾਰੇ ਨਾਲ ਸਬੰਧਿਤ ਵਿਅਕਤੀ ਦੇ ਐਸੇ ਮਾਰੂ ਹਮਲੇ ਦਾ ਸ਼ਿਕਾਰ ਹੁੰਦਾ ਹੈ ਤਾਂ ਅਮਰੀਕੀ ਨਸਲਵਾਦੀ ਬਦਲਾਖੋਰ ਕਾਰਵਾਈਆਂ ਤੇਜ਼ ਹੋਣ ਕਰਕੇ ਸਿੱਖ ਭਾਈਚਾਰੇ ਦੇ ਸਾਹ, ਸ਼ਰੀਫ ਅਤੇ ਸ਼ਾਂਤੀ ਪਸੰਦ ਮੁਸਲਿਮ ਭਾਈਚਾਰੇ ਵਾਂਗ ਸੂਤੇ ਜਾਂਦੇ ਹਨ।

ਇਹ ਖੇਮਾ ਅਮਰੀਕਾ ਦੇ ਬੰਦੂਕ ਸਭਿਆਚਾਰ ਨੂੰ ਐਸੇ ਬੁੱਝ ਦਿਲਾਨਾ ਅਤੇ ਅਣਮਨੁੱਖੀ ਕਾਰਨਾਮਿਆਂ ਲਈ ਜੁਮੇਂਵਾਰ ਨਹੀਂ ਮੰਨਦਾ। ਉਸਦੀ ਸੂਈ ਅਸੱਭਯ ਅਤੇ ਨਫ਼ਰਤਵਾਦ ਕਰਕੇ ਰੈਡੀਕਲ ਮੁਸਲਿਮ ਅਤਿਵਾਦੀ ਸੰਗਠਨਾਂ, ਕਾਲੇ ਲੋਕਾਂ ਜਾਂ ਹੋਰ ਅਮਰੀਕਾ ਵਿਰੋਧੀਆਂ ਵਿਰੁੱਧ ਘੁੰਮਦੀ ਹੈ।

ਅਮਰੀਕਾ ਅੰਦਰ ਵਿਰੋਧੀ ਦੇਸ਼ਾਂ ਵਿਰੁੱਧ ਹਮਲਿਆਂ ਦਾ ਦਬਾਅ ਵੱਧ ਜਾਂਦਾ ਹੈ।

ਇਹ ਨਫ਼ਰਤ ਅਤੇ ਨਸਲਵਾਦ ਦੂਸਰੇ ਹਾਂ-ਪੱਖੀ ਨੁਕਤਿਆਂ ਨੂੰ ਵੀ ਮਧੋਲ ਦਿੰਦਾ ਹੈ। ਇਸ ਘਟਨਾ ਤੋਂ 48 ਘੰਟੇ ਪਹਿਲਾਂ ਹੀ ਅਮਰੀਕੀ ਕੌਮ ਨੇ ਆਪਣੇ ਪ੍ਰਸਿੱਧ ਮੁਸਲਿਮ ਭਾਈਚਾਰੇ ਸਬੰਧਿਤ ਨਾਇਕ ਮਹਾਂ-ਮੁੱਕੇਬਾਜ਼ ਮੁਹੰਮਦ ਅਲੀ ਨੂੰ ਕੌਮ ਦਾ ਮਾਣ ਸਮਝਦੇ ਅਲਵਿਦਾ ਕਿਹਾ ਸੀ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਵੱਖ-ਵੱਖ ਵਰਗਾਂ, ਮਜ਼ਬਾਂ, ਰੰਗਾਂ, ਇਲਾਕਿਆਂ ਦੇ ਅਮਰੀਕੀ ਸ਼ਾਮਲ ਹੋਏ ਸਨ। ਲੇਖਕ ਖ਼ੂਬਸੂਰਤ ਦੇਸ਼ ਕੈਨੇਡਾ ਦੇ ਦਿਹਾਤੀ ਇਲਾਕੇ ਵਿਚ ਸਮੁੱਚੇ ਗੋਰੇ ਭਾਈਚਾਰੇ ਵਿਚ ਰਹਿੰਦਾ ਹੈ। ਭਾਵੇਂ ਇੱਥੇ ਕੋਈ ਡਰ ਨਹੀਂ। ਲੋਕ ਬਹੁਤ ਮਿਲਣਸਾਰ ਅਤੇ ਸ਼ਰੀਫ ਹਨ। ਪਰ ਸਾਵਧਾਨੀ ਵਜੋਂ ਕਦੇ ਸਿਰ ਤੇ ਸਾਫ਼ਾ ਜਾਂ ਪੱਗੜੀ ਬੰਨ ਕੇ ਸੈਰ ਜਾਂ ਕਾਰੋਬਾਰੀ ਸਥਾਨ ਤੇ ਨਹੀਂ ਜਾਂਦਾ। ਹਮੇਸ਼ਾ ਕੇਸਕੀ ਤੇ ਟੋਪੀ ਦੀ ਵਰਤੋਂ ਕਰਦਾ ਹੈ।

ਦੂਸਰਾ ਖੇਮਾ ਅਮਰੀਕਾ ਅੰਦਰ ਨਿੱਤ ਦੀ ਗੋਲੀਬਾਰੀ (ਪਿਛਲੇ ਸਾਲ 331 ਗੋਲੀਬਾਰੀ ਘਟਨਾਵਾਂ ਵਾਪਰੀਆਂ) ਨੂੰ ਬਦਨਾਮ 'ਬਦੂੰਕ ਸਭਿਆਚਾਰ' ਨੂੰ ਮੰਨਦਾ ਹੈ। ਉਹ ਚਾਹੁੰਦਾ ਹੈ ਕਿ ਅਮਰੀਕਾ ਅੰਦਰ ਮਾਰੂ ਹਥਿਆਰਾਂ ਦੀ ਖੁੱਲ੍ਹੀ ਅਤੇ ਸੁਖਾਲੀ ਖਰੀਦ ਦਾ ਸਿਲਸਿਲਾ ਬੰਦ ਕਰਕੇ ਫਰਾਂਸ ਜਾਂ ਹੋਰ ਯੂਰਪੀ ਦੇਸ਼ਾਂ ਵਾਂਗ ਔਖਾ ਅਤੇ ਤੱਥਾਂ ਅਧਾਰਤ ਘੋਖ ਕੇ ਸਖ਼ਤ ਲਸੰਸ ਕਾਨੂੰਨ ਬਣਾਉਣਾ ਚਾਹੀਦਾ ਹੈ। ਇਵੇਂ ਮਿੰਟਾਂ-ਸਕਿੰਟਾਂ ਵਿਚ ਅਮਰੀਕੀਆਂ ਦੀ ਮੌਤ ਸੱਥਰ ਵਿਛੱਣੇ ਰੋਕੇ ਜਾ ਸਕਦੇ ਹਨ।

ਕਾਨੂੰਨ ਘਾੜਿਆਂ ਨੂੰ ਰਾਜਾਂ ਅਤੇ ਫੈਡਰਲ ਪੱਧਰ 'ਤੇ ਦੇਸ਼ ਅੰਦਰ ਸ਼ਕਤੀਸ਼ਾਲੀ ਬਦੂੰਕ ਉਤਪਾਦਨ ਲਾਬੀ ਦਾ ਦਬਾਅ ਨਹੀਂ ਮੰਨਣਾ ਚਾਹੀਦਾ। ਸਕੂਲਾਂ ਵਿਚ ਨੰਨ੍ਹੇ ਬੱਚਿਆਂ ਦੇ ਵਿੱਛਦੇ ਸੱਥਰਾਂ ਤੇ ਰਹਿਮ ਖਾਣਾ ਚਾਹੀਦਾ ਹੈ।

ਅਮਰੀਕਾ ਅੰਦਰ ਬੰਦੂਕ ਹਿੰਸਾ ਰਾਸ਼ਟਰੀ ਜਨਤਕ ਹੈਲਥ ਸੰਕਟ ਬਣ ਚੁੱਕਾ ਹੈ। ਇਸ ਬਾਰੇ ਖੋਜ ਕਰਨ ਅਤੇ ਇਸ ਦੀ ਰੋਕਥਾਮ ਦੀ ਲੋੜ ਹੈ। ਰਿਪਬਲੀਕਨਾਂ ਕਈ ਵਾਰ ਐਸੀ ਖੋਜ ਲਈ ਲੋੜੀਂਦੇ ਫੰਡ 'ਤੇ ਅਮਰੀਕੀ ਕਾਂਗਰਸ (ਪਾਰਲੀਮੈਂਟ) ਵਿਚ ਰੋਕ ਪਾਈ ਹੈ।

ਜਨਤਕ ਜਾਗ੍ਰਿਤੀ, ਸ਼ੱਕੀ ਵਿਅਕਤੀਆਂ ਤੇ ਨਜ਼ਰ ਰਖਣੀ ਅਤੇ ਅਥਾਰਟੀ ਨੂੰ ਸੂਚਿਤ ਕਰਨਾ ਚਾਹੀਦਾ ਹੈ। ਅਮਰੀਕਾ ਅੰਦਰ 95 ਪ੍ਰਤੀਸ਼ਤ ਮੌਤਾਂ ਘਰੋਗੀ ਅੱਤਵਾਦੀਆਂ ਵਲੋਂ ਕੀਤੀਆਂ ਗਈਆਂ।

ਉਮਰ ਮਤੀਨ ਅਮਰੀਕੀ ਸਮਾਜ, ਸਿਖਿਆ, ਸਭਿਆਚਾਰ ਦੀ ਉਪਜ ਸੀ। ਸੋ ਇੰਨਾਂ ਵਿਚ ਕਿੱਥੇ ਕਮੀ ਰਹਿ ਜਾਂਦੀ ਹੈ, ਦੂਰ ਕਰਨ ਦੀ ਲੋੜ ਹੈ।

ਅਮਰੀਕਾ ਅਤੇ ਅਮਰੀਕੀਆਂ ਦੀ ਇਹ ਬਦਕਿਸਮਤੀ ਹੈ ਕਿ ਇਸ ਸੋਚ ਵਾਲੇ ਖੇਮੇ ਨੂੰ ਸਾਮਰਾਜਵਾਦੀ, ਕਾਰਪੋਰੇਟਵਾਦੀ, ਨਸਲੀ ਵਿੱਤਕਰੇ ਵਾਲਾ ਜੰਗਬਾਜ਼ ਹਿੰਸਾਵਾਦੀ ਖੇਮਾ ਨਹੀਂ ਉਭਰਨ ਦੇਣਾ ਚਾਹੁੰਦਾ। ਇਸ ਸਬੰਧੀ ਪ੍ਰਧਾਨ ਓਬਾਮਾ ਦੇ ਅਮਰੀਕੀ ਕੌਮ ਨੂੰ ਹਲੂਣਨ ਵਾਲੇ ਬੋਲ ਬਹੁਤ ਹੀ ਮਹੱਤਵਪੂਰਨ ਹਨ, "ਅਮਰੀਕੀ ਕਿਉਂ ਨਹੀਂ ਸੋਚਦੇ ਕਿ ਅਸੀਂ ਅਮਰੀਕਾ ਨੂੰ ਕਿਹੋ ਜਿਹਾ ਦੇਸ਼ ਬਣਾਉਣਾ ਚਾਹੁੰਦੇ ਹਾਂ?"

001-905-910-1124

## ਪਿਸ਼ਾਬ ਕਰਨ ਦਾ ਹੱਕ ਲੈਣ ਲਈ ਮਜ਼ਦੂਰਾਂ ਨੂੰ ਸਾਢੇ ਤਿੰਨ ਘੰਟੇ ਹੜਤਾਲ ਕਰਨੀ ਪਈ







ਰਾਜਸਥਾਨ ਦੇ ਨੀਮਰਾਣਾ 'ਚ ਦੁਨੀਆਂ ਦੀ ਸਭ ਤੋਂ ਵੱਡੀ ਏਅਰਕੰਡੀਸ਼ਨਰ ਬਣਾਉਣ ਵਾਲੀ ਕੰਪਨੀ DAIKIN ਦੀ ਫੈਕਟਰੀ ਲੱਗੀ ਹੈ, ਜਿਸ ਵਿਚ ਹਰ 25 ਸਕਿੰਟ 'ਚ ਇੱਕ ਏ.ਸੀ. ਤਿਆਰ ਕੀਤਾ ਜਾਂਦਾ ਹੈ। 8 ਘੰਟੇ ਦੀ ਡਿਊਟੀ ਦੌਰਾਨ ਅੱਧੇ ਘੰਟੇ ਦੀ ਰੋਟੀ ਖਾਣ ਲਈ ਛੁੱਟੀ ਤੋਂ ਬਿਨਾ ਮਜ਼ਦੂਰਾਂ ਨੂੰ ਕਿਤੇ ਹਿੱਲਣ ਵੀ ਨਹੀਂ ਦਿੱਤਾ ਜਾਂਦਾ। ਇਸ ਸਾਲ 3 ਫਰਵਰੀ ਨੂੰ ਸਾਢੇ ਗਿਆਰਾਂ ਵਜੇ ਦੁਪਹਿਰੇ, ਇੱਕ ਮਜ਼ਦੂਰ ਨੂੰ ਬੜੇ ਜ਼ੋਰ ਨਾਲ ਪਿਸ਼ਾਬ ਆਇਆ ਅਤੇ ਉਹ ਕੰਮ ਤੋਂ ਪਿਸ਼ਾਬ ਕਰਨ ਚਲਾ ਗਿਆ, ਜਿਸ ਨਾਲ ਕੁਝ ਮਿੰਟਾਂ ਲਈ ਕੰਮ ਰੁਕ ਗਿਆ। ਜਦੋਂ ਉਹ ਵਾਪਸ ਆਇਆ ਤਾਂ ਪ੍ਰਬੰਧਕਾਂ ਨੇ ਨਾ ਸਿਰਫ ਉਸ ਦੀ ਲਾਹ ਪਾਹ ਕੀਤੀ ਸਗੋਂ ਨੌਕਰੀ ਤੋਂ ਮੁਅੱਤਲ ਕੀਤੇ ਜਾਣ ਦਾ ਹੁਕਮ ਵੀ ਤੁਰੰਤ ਹੱਥ 'ਚ ਫੜਾ ਦਿੱਤਾ? ਪ੍ਰਬੰਧਕਾਂ ਦਾ ਫ਼ੁਰਮਾਨ ਸੀ ਕਿ ਮਜ਼ਦੂਰਾਂ ਕੋਲ ਡਿਊਟੀ ਦੌਰਾਨ ਪਿਸ਼ਾਬ ਕਰਨ ਜਾਣ ਦਾ ਕੋਈ ਹੱਕ ਨਹੀਂ।

ਪ੍ਰਬੰਧਕਾਂ ਦੀਆਂ ਜਾਬਰ ਕਾਰਵਾਈਆਂ ਤੋਂ ਪਹਿਲਾਂ ਹੀ ਭਰੇ ਪੀਤੇ ਮਜ਼ਦੂਰਾਂ 'ਚ ਇਸ ਅਣ-ਮਨੁੱਖੀ ਵਿਹਾਰ ਨੇ ਗੁੱਸੇ ਦੇ ਭਾਂਬੜ ਬਾਲ ਦਿੱਤੇ। ਸਾਰੇ ਮਜ਼ਦੂਰਾਂ ਨੇ ਇੱਕ-ਦਮ ਕੰਮ ਬੰਦ ਕਰਕੇ ਹੜਤਾਲ ਕਰ ਦਿੱਤੀ। ਸਾਢੇ ਤਿੰਨ ਘੰਟੇ ਚੱਲੀ ਇਸ ਹੜਤਾਲ ਦੇ ਦਬਾਅ ਹੇਠ ਆਖਿਰ ਮਾਲਕਾਂ ਨੂੰ ਮਜ਼ਦੂਰਾਂ ਨਾਲ ਸਮਝੌਤਾ ਕਰ ਕੇ ਮੁਅੱਤਲ ਕੀਤੇ ਕਿਰਤੀ ਨੂੰ ਵਾਪਸ ਡਿਊਟੀ 'ਤੇ ਲੈਣਾ ਪਿਆ। ਇਸ ਹੜਤਾਲ ਨਾਲ ਮਾਲਕਾਂ ਦੇ 430 ਏ.ਸੀ. ਬਣਨ ਤੋਂ ਖੁਣੋਂ ਰਹਿ ਗਏ, ਕਰੋੜਾਂ ਦਾ ਨੁਕਸਾਨ ਹੋ ਗਿਆ, ਉਧਰ ਮਜ਼ਦੂਰਾਂ ਨੇ ਇਸ ਸਾਂਝੇ ਸੰਘਰਸ਼ ਰਾਹੀਂ ਆਵਦਾ ਪਿਸ਼ਾਬ ਕਰਨ ਦਾ ਹੱਕ, ਮਿਲ ਕੇ ਨਾਅਰੇ ਲਗਾਉਣ ਦਾ ਹੱਕ, ਸੁਖ ਦਾ ਸਾਹ ਲੈਣ ਦਾ ਹੱਕ ਅਤੇ ਕਿਰਤੀਆਂ ਦੀ ਰੱਤ ਨਿਚੋੜੂ ਲੁੱਟ ਰਾਹੀਂ ਮੁਨਾਫ਼ਾ ਵਧਾਉਣ ਦੀ ਅੰਨ੍ਹੀਂ ਦੌੜ ਨੂੰ ਲਗਾਮ ਦੇਣ ਦਾ ਹੱਕ ਮੁੜ ਹਾਸਲ ਕੀਤਾ ਹੈ।

## ਲੈ ਚੱਲੋ ਸਾਥੀਓ !

ਲੈ ਚੱਲੋ ਸਾਥੀਓ!
ਮੈਨੂੰ ਇਸ ਕਾਫ਼ਲੇ ਸੰਗ

ਕਿ ਮੈਂ ਨਹੀਂ ਬਣ ਸਕਿਆ
ਬੁੱਢੇ ਬਾਪ ਦੀ ਡੰਗੋਰੀ
ਕਿ ਮੈਂ ਨਹੀਂ ਮੁੜਵਾ ਸਕਿਆ
ਗਹਿਣੇ ਪਈਆਂ ਮਾਂ ਦੀਆਂ ਮੁਰਕੀਆਂ
ਮੇਰੇ ਸਿਰ ਅਜੇ ਤੱਕ ਬਾਕੀ ਹੈ
ਭੈਣ ਦੀਆਂ ਰੱਖੜੀਆਂ ਦਾ ਉਧਾਰ
ਵਿਅਰਥ ਢੋਂਦਾ ਰਿਹਾ ਹਾਂ
ਇਹਨਾਂ ਡਿਗਰੀਆਂ ਦਾ ਭਾਰ
ਘਸ ਗਏ ਹਨ ਤਲੇ
ਰੁਜ਼ਗਾਰ ਦਫ਼ਤਰ ਦੇ ਬੂਹੇ 'ਤੇ
ਪਰ ਅੱਜ
ਸੰਘੀ ਘੁੱਟ ਕੇ ਮਾਰ ਆਇਆ ਹਾਂ
ਚਿਰਾਂ ਤੋਂ ਸਹਿਕਦੀ ਹੋਈ ਆਸ
ਤੇ ਹੁਣ ਸਾਥੀਓ!
ਲੈ ਚੱਲੋ ਮੈਨੂੰ ਇਸ ਕਾਲੇ ਸੰਗ

ਬਚਪਨ ਤੋਂ ਚੱਲ ਕੇ
ਸਿੱਧਾ ਮੁਕਾ ਲਿਆ ਹੈ
ਬੁਢਾਪੇ ਤੱਕ ਦਾ ਸਫ਼ਰ
ਪਤਾ ਨਹੀਂ ਲੰਘ ਗਈ ਹੈ
ਜਾਂ ਫਿਰ ਅਜੇ ਆਉਣੀ ਹੈ
ਜਵਾਨੀ ਨਾਂ ਦੀ ਮੰਜ਼ਲ
ਮੈਂ ਤਾਂ ਏਨਾ ਹੀ ਜਾਣਦਾ ਹਾਂ
ਕਿ ਸਮੇਂ ਦੀ ਲੋਅ ਵਿਚ
ਸਾਂਭਦਿਆਂ ਵੀ ਤਿੜਕ ਗਿਆ ਹੈ
ਮੇਰਾ ਮਹਿਬੂਬ ਦਾ ਸੁਪਨਾ

ਪਰ ਹੁਣ ਸਾਂਭ ਕੇ ਲੈ ਤੁਰਿਆ ਹਾਂ
ਦਿਲ ਵਿਚ ਬਦਲੇ ਦੀ ਅੱਗ
ਤੇ ਹੁਣ ਸਾਥੀਓ!
ਲੈ ਚੱਲੋ ਮੈਨੂੰ ਇਸ ਕਾਫ਼ਲੇ ਸੰਗ

ਖੁਦ ਤਾਂ ਵਸਦਿਆਂ 'ਚ ਵੀ ਦਾਖਲ ਨਹੀਂ
ਪਰ ਅਜੇ ਕਿਓਟਣੀ ਬਾਕੀ ਹੈ
ਕਬੀਲਦਾਰੀ ਬਾਪੂ ਦੀ

ਇਕ ਮਿਹਣਾ ਬਣ ਗਈ ਹੈ ਯਾਰੋ!
ਬੂਹੇ ਤੇ ਬੈਠੀ ਭਰ ਜਵਾਨੀ ਮਾਂ ਜਾਈ
ਬੈਂਕ ਦੀ ਜਾੜ੍ਹ ਥੱਲੇ ਆ ਗਿਆ ਹੈ
ਭੋਇੰ ਦਾ ਇਕ ਇਕ ਓਰਾ
ਤੇ ਹੁਣ ਤਾਂ ਚੱਲ ਵੀ ਪਿਆ ਹੈ
ਘਰਾਂ ਦੀ ਕੁਰਕੀ ਦਾ ਦੌਰ
ਮੇਰੀਆਂ ਅੱਖਾਂ ਦਾ ਸਾਹਵੇਂ ਹੀ
ਖੋਹਲੇ ਜਾ ਰਹੇ ਨੇ
ਬਾਪੂ ਦੇ ਲਾਡਲੇ ਵਹਿੜੇ

ਇਸ ਜੀਣ ਨੂੰ ਵੀ
ਕੀ ਜੀਣਾ ਹੀ ਕਹੀਏ ਦੋਸਤੋ
ਕਿ ਖੜ੍ਹੇ ਵੇਖੀ ਜਾਣਾ
ਚੌਧਰੀਆਂ ਦੇ ਪੈਰਾਂ 'ਚ ਰੁਲਦੀ
ਬਾਪੂ ਦੀ ਪੱਗ
ਤੇ ਮਾਂ ਦੀ ਚੁੰਨੀ
ਸਬਰ ਦੀ ਵੀ ਕੋਈ ਹੱਦ ਹੁੰਦੀ ਹੈ
ਦੋਸਤੋ!
ਕਿ ਲੈ ਚੱਲੋ ਮੈਨੂੰ ਇਸ ਕਾਫ਼ਲੇ ਸੰਗ।

- ਓਮ ਪ੍ਰਕਾਸ਼ ਸ਼ਰਮਾ

---

ਬਾਂਸੁਰੀ
ਕਦੇ ਵੀ ਬੇਸੁਰੀ ਨਹੀਂ ਸੀ ਹੁੰਦੀ।

ਪਾਣੀ
ਗੰਧਲੇ ਨਹੀਂ ਸੀ ਹੋਇਆ ਕਰਦੇ।

ਹਵਾ
ਜ਼ਹਿਰੀਲੀ ਨਹੀਂ ਸੀ ਹੁੰਦੀ।

ਹਥਿਆਰ
ਘਾਤਕ ਨਹੀਂ ਸੀ ਹੁੰਦੇ।

ਦਾਰੂ
ਨਸ਼ਾ ਨਹੀਂ ਸੀ ਹੋਇਆ ਕਰਦੀ।

ਚਿੜੀਆਂ
ਕਦੇ ਬਗ਼ਾਵਤ ਨਹੀਂ ਸੀ ਕੀਤੀ।

ਮੌਸਮ
ਕਦੇ ਪ੍ਰਵਾਹ ਨਹੀਂ ਸੀ ਕਰਿਆ ਕਰਦੇ।

ਪੈਸਾ
ਭੁੱਖ ਨਹੀਂ ਸੀ ਹੋਇਆ ਕਰਦਾ।

ਭੁੱਖ
ਮਾਰੂ ਨਹੀਂ ਸੀ ਹੋਇਆ ਕਰਦੀ।

ਸਰਮਾਏ ਦੀ ਚਕਾਚੌਂਧ ਨੇ
ਸਭ ਕੁੱਝ ਹੀ
ਅਪਣੇ ਵੱਸ ਵਿੱਚ ਕਰ ਲਿਆ ਹੈ।

ਬਾਂਸੁਰੀ
ਬੇਸੁਰੀ ਹੋ ਗਈ ਹੈ।

ਚਿੜੀਆਂ
ਬਗ਼ਾਵਤ ਤੇ ਉੱਤਰ ਆਈਆਂ ਹਨ।

ਹਵਾ, ਪਾਣੀ, ਮੌਸਮ
ਬਣਾ ਰਹੇ ਨੇ
ਦਵਾਈਆਂ ਦੀਆਂ ਫੈਕਟਰੀਆਂ
ਹਸਪਤਾਲਾਂ ਦੇ ਨਕਸ਼ੇ
ਜੇਲ੍ਹਾਂ ਅਤੇ ਤਿਜੌਰੀਆਂ ਦੇ ਬਲਿਊ ਪ੍ਰਿੰਟ।

ਬਾਪੂ ਠੀਕ ਹੀ ਕਹਿੰਦਾ ਸੀ
ਪੁੱਤਰਾ
ਦੁਨੀਆਂ ਅਜੇ ਹੋਰ ਗਰਕੇ ਗੀ
ਪੰਜਾਬ
"ਕੈਲੇਫੋਰਨੀਆ" ਬਣ ਕੇ ਹੀ ਰਹੇਗਾ।

- ਸੁਰਜੀਤ ਗੱਗ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ
ਤਰਕਸ਼ੀਲ ਵਿਗਿਆਨਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦਵਿੰਦਰ ਤੂਰ 416-902-9372

## ਰਾਜਿਆ ਰਾਜ ਕਰੇਂਦਿਆਂ/- ਪ੍ਰੋ. ਬਾਵਾ ਸਿੰਘ

ਰਾਜਿਆ ਰਾਜ ਕਰੇਂਦਿਆਂ
ਖੂਬ ਤੇਰੀ ਤਕਰੀਰ
ਸੁਣ ਕੇ ਝੂਠ ਪੁਲੰਦਾ
ਮਨ ਹੋਇਆ ਦਿਲਗੀਰ
'ਅਬ ਅੱਛੇ ਦਿਨ ਆਏ ਹੈਂ'
ਵਾਹ! ਤੇਰਾ ਪੈਗ਼ਾਮ
ਨਮੇ ਨਮੇ ਦੇ ਪਾਠ ਨੇ
ਛਲਿਆ ਹਿੰਦੋਸਤਾਨ।

ਰਾਜਿਆ ਰਾਜ ਕਰੇਂਦਿਆਂ
ਕੀ ਤੇਰਾ ਦਸਤੂਰ
ਡੈਮ ਲਾਰਜੀ ਖਾ ਗਿਆ
ਗੱਭਰੂਆਂ ਦਾ ਪੂਰ
ਦੇਸ ਮੇਰੇ ਦੇ ਰਾਜਿਆ
ਕੀ ਤੇਰਾ ਦਸਤੂਰ
ਕਿਉਂ ਨਾ ਸੁਪਨੇ ਮੌਲਦੇ
ਕਿਉਂ ਨਾ ਫਲਦਾ ਬੂਰ?

ਰਾਜਿਆ ਰਾਜ ਕਰੇਂਦਿਆ
ਕੀ ਤੇਰਾ ਇਨਸਾਫ਼
ਅਜੇ ਤੱਕ ਨਾ ਟੁੱਟਿਆ
ਦਰਜਾ ਜਾਤ-ਬ-ਜਾਤ।

ਰਾਜਿਆਂ ਰਾਜ ਕਰੇਂਦਿਆਂ
ਇਕ ਅਬਲਾ ਕਰੇ ਪੁਕਾਰ
ਖੇਤੀ ਕਰਜਾ ਖਾ ਗਏ
ਕੰਤ 'ਤੇ ਬਰਖੁਰਦਾਰ

ਰਾਜਿਆ ਰਾਜ ਕਰੇਂਦਿਆਂ
ਅਰਜ ਕਰੇ ਕਿਰਸਾਨ
ਡਾਕੂ ਫਸਲਾਂ ਲੈ ਗਏ
ਕਰਜਾ ਪੁੱਤ ਜੁਆਨ।
ਪੱਕੀ ਖੇਤੀ ਵੇਖ ਕੇ
ਗਰਵ ਕਰੇ ਕਿਰਸਾਨ
ਬੈਂਕਾਂ ਆੜਤੀਆਂ ਤੋਂ
ਘਰ ਆਵੇ ਤਾਂ ਜਾਣ
ਨਾ ਬਣਨੀਆਂ ਝਾਂਜਰਾਂ
ਨਾ ਮੁੰਦੀ ਨਾ ਨੱਥ
ਖੇਤ ਨੇ ਭਾਵੇਂ ਆਪਣੇ
(ਪਰ) ਫਸਲ ਬੇਗਾਨੇ ਹੱਥ।

ਰਾਜਿਆ ਰਾਜ ਕਰੇਂਦਿਆਂ
ਕੁਝ ਤਾਂ ਸੋਚ ਵੀਚਾਰ
ਨਿਤ ਦਿਹਾੜੇ ਕਾਹਤੋਂ
ਮਰਦਾ ਹੈ ਕਿਰਸਾਨ
ਰੱਤੀ ਭਰ ਨਾ ਘਟ ਰਿਹਾ
ਕਿਉਂ ਕਰਜ਼ੇ ਦਾ ਭਾਰ?

ਰਾਜਿਆ ਰਾਜ ਕਰੇਂਦਿਆਂ
ਚਰਚਾ ਸ਼ਰੇ ਬਾਜ਼ਾਰ
ਰੇਤਾ ਬਜਰੀ ਖਾ ਗਏ
ਵਜ਼ੀਰ ਤੇ ਅਹਿਲਕਾਰ

ਬਾਦਲਾ ਰਾਜ ਕਰੇਂਦਿਆ
ਓਠ ਤੱਕ ਆਪਣਾ ਪੰਜਾਬ
ਖੂਹਾਂ ਪਾਣੀ ਮੁੱਕਿਆ
ਸੁੱਕਿਆ ਫੁੱਲ ਗੁਲਾਬ
ਵਿਚ ਦਰਿਆਵਾਂ ਵਹਿ ਰਿਹਾ
ਜਾਨਲੇਵਾ ਤੇਜ਼ਾਬ
ਸੁੱਕੇ ਕੱਸੀਆ ਖਾਲ੍ਹ ਨੇ
ਸੁੱਕੇ ਟੋਭੇ ਢਾਬ।

ਬਾਂਗਰ, ਮਾਝਾ, ਮਾਲਵਾ
ਨਾਲੇ ਦੇਸ਼ ਦੁਆਬ
ਨਸ਼ਾ-ਤਸਕਰੇਬਾਜ਼ਾਂ
ਕੀਤਾ ਸਭ ਬਰਬਾਦ

ਰਾਜਿਆ ਰਾਜ ਕਰੇਂਦਿਆ
ਗਰਦ ਚੜ੍ਹੀ ਅਸਮਾਨ
ਜੇ ਨਾ ਵੇਲਾ ਸਾਂਭਿਆ
ਯੁੱਧ ਹੋਣਾ ਘਮਸਾਨ
ਰਾਜਿਆ ਯੁੱਧ ਹੋਣਾ ਘਮਸਾਨ॥

## ਕੌਮ ਨੂੰ ਅੱਜ ਫਿਰ

- ਬਲਬੀਰ ਜਲਾਲਾਬਾਦੀ

ਕੌਮ ਨੂੰ ਅੱਜ ਫਿਰ
ਇਕ ਮਰਦ-ਏ-ਕਾਮਿਲ ਦੀ ਲੋੜ ਹੈ
ਜੋ ਇਕ ਵਾਰੀ ਫਿਰ
ਤੰਬੂ 'ਚੋਂ ਨਿਕਲ ਕੇ
ਬਲਦੀਆਂ ਹੋਈਆਂ ਅੱਖਾਂ ਨਾਲ
ਇਹ ਹੁਕਮਨਾਮਾ ਜਾਰੀ ਕਰੇ
ਕਿ ਹੁਣ
ਇਕੱਲੇ ਸਿਰਾਂ ਦੀ ਨਹੀਂ
ਤੁਗਲਕੀ ਸੋਚਾਂ ਅਤੇ ਮਸਨੂਈ ਧੜਾਂ ਦੀ
ਬਲੀ ਦੀ ਲੋੜ ਹੈ
ਕੌਮ ਨੂੰ ਅੱਜ ਫਿਰ....

ਕੌਣ ਵਾਰਸ ਹੈ
ਇਹਨਾਂ ਹਾਰੇ ਤੇ ਹੰਭੇ ਹੋਏ ਧੜਾਂ ਦਾ
ਜਿਨ੍ਹਾਂ ਦੀਆਂ ਧਮਣੀਆਂ 'ਚ
ਉਲਬਦੇ ਹੋਏ ਲਹੂ ਦੀ ਥਾਂ
ਕਿਰਲੀਆਂ ਦੀਆਂ ਪੂਛਾਂ ਦਾ ਨਸ਼ਾ
ਸਰਸਰਾਉਂਦਾ ਹੈ
ਮੱਥਿਆਂ 'ਚ
ਸ੍ਵੈ-ਚਿਤਨ ਦੀ ਥਾਂ
ਕੁਕਰਮ ਅਤੇ ਕੁਰਹਿਤਾਂ ਦਾ ਪਾਰਾ
ਥਰ-ਥਰਾਉਂਦਾ ਹੈ
ਜਿਉਂਦੀਆਂ ਲਾਸ਼ਾਂ ਨੇ, ਨਾ ਜਾਣੇ
ਇਹਨਾਂ ਤੇ
ਕਿਸ ਵਲੀ ਦੀ ਰਹਿਮਤ ਦੀ ਥੋੜ ਹੈ

ਕੌਮ ਨੂੰ ਅੱਜ ਫਿਰ...

ਅਖ਼ਲਾਕ ਦੀ ਬਰਬਰਤਾ ਹੈ ਕਿ
ਵਿਦੇਸ਼ਾਂ ਦੇ ਲਾਲਚ ਨੇ
ਸਿਰਲੱਥ ਕੌਮ ਦੇ ਪਾਕ ਦਾਮਨ ਨੂੰ
ਦਾਗ਼ਦਾਰ ਕੀਤਾ ਹੈ
ਭਾਈਆਂ ਦੀ ਖੁਦਗਰਜ਼ੀ ਹੈ
ਕੱਚੇ ਅਨੰਦ-ਕਾਰਜਾਂ ਨੇ
ਭੈਣ-ਭਾਈ ਦੇ ਲਹੂ ਰਿਸ਼ਤੇ ਨੂੰ
ਤਾਰ-ਤਾਰ ਕੀਤਾ ਹੈ
ਹੋਰ ਕਿੱਥੋਂ ਤੱਕ ਗਿਰੇਂਗੀ ਤੂੰ, ਐ ਤਹਿਜ਼ੀਬ!
ਤੈਨੂੰ ਸੱਥ 'ਚ ਖੜ੍ਹਾ, ਪੁੱਛਦਾ
ਬਾਬਾ ਬੋਹੜ ਹੈ
ਕੌਮ ਨੂੰ ਅੱਜ ਫਿਰ...

ਫਿਜ਼ਾ ਉਦਾਸ ਹੈ ਜਿਥੇ
ਵਿਕਦੀ ਹੈ
ਕੁੱਖ ਅਤੇ ਭੁੱਖ ਦੀ ਆਬਰੂ
ਇਹ ਕੇਹਾ ਬਜ਼ਾਰ ਹੈ
ਮਨੁੱਖਤਾ ਦੀ ਸਿਰਜਕ ਤਾਂ ਹੈ
ਸਮੁੱਚੀ ਧਰਤ ਦੀ ਇਹ ਨਾਰੀ
ਮਨੁੱਖ ਹੱਥੋਂ ਹੀ ਕਿਉਂ
ਹੋ ਰਹੀ ਸ਼ਰਮਸਾਰ ਹੈ
ਇਹ ਦੇਵੀ ਹੈ ਜਾਂ ਦਾਸੀ
ਔਰਤ ਦੇ ਰੂਪ 'ਚ, ਇਹਦਾ ਹਾਰ ਰਿਸ਼ਤਾ
ਤਪੱਸਵੀ ਹੈ, ਨਿਰਛਲ ਹੈ, ਬੇਜੋੜ ਹੈ
ਕੌਮ ਨੂੰ ਅੱਜ ਫਿਰ....

96461-02122

## ਕੋਲੰਬਸ ਦੇ ਪਦ-ਚਿੰਨ !

ਦਸੰਬਰ ਦਾ ਮਹੀਨਾ
ਕ੍ਰਿਸਮਿਸ ਦੇ ਦਿਨ
ਇਹ ਉਤਰੀ ਅਮਰੀਕਾ ਦੇ ਦੇਸ਼
ਕੈਨੇਡਾ ਹੈ,
ਬੜਾ ਹੀ ਵਿਸ਼ਾਲ
ਉੱਤਰੀ ਧਰੁਵ ਤੱਕ ਫੈਲਿਆ ਹੋਇਆ
ਜਾਂ ਮੰਦਰ ਦੇ ਟੱਲ ਵਾਂਗ
ਉਤਰੀ ਧਰੁੱਵ ਨਾਲ ਲਟਕਦਾ ਹੋਇਆ
ਉਤਰੀ ਧਰੁੱਵ
ਜੋ ਬਰਫ਼ ਦੀ ਸਿਲ ਹੈ
ਠੰਡੀ-ਜਖ਼ ਜੰਮੀ ਹੋਈ।

ਘਰ ਦੇ ਨਿੱਘੇ ਦਲਾਨ ਵਿਚ
ਕ੍ਰਿਸਮਿਸ ਦੇ ਬੂਟੇ ਕੋਲ ਬੈਠਾ
ਮੈਂ ਸਾਮਣੀ ਤਾਕੀ 'ਚੀਂ
ਬਾਹਰ, ਪੈਂਦੀ ਬਰਫ਼ ਤੱਕ ਰਿਹਾ ਹਾਂ
ਉਫ਼! ਕਿੰਨੀ ਠੰਢ ਹੈ,
ਪਰ ਮੈਂ
ਇਥੋਂ ਦੇ ਅਸਲ ਵਸਨੀਕਾਂ ਦੇ
ਅੰਦਰਲੀ ਠੰਢ ਨੂੰ ਮਹਿਸੂਸ ਕਰਦਿਆਂ
ਲਰਜ਼ਾ ਜਾਂਦਾ ਹਾਂ!
ਇਕ ਝੁਣ-ਝੁਣੀ ਜਿਹੀ
ਸਾਰੇ ਸਰੀਰ ਵਿਚ
ਕੰਬਣੀ ਛੇੜ ਦਿੰਦੀ ਹੈ :
'ਬੇਚਾਰੇ, ਆਪਣੇ ਘਰ ਵਿਚ ਹੀ
ਬੇਘਰੇ ਲੋਕ',
ਇਨ੍ਹਾਂ ਲੋਕਾਂ ਨੂੰ
ਅੰਗਰੇਜ਼ੀ, ਫਰੈਂਚ ਜਾਂ ਸਪੈਨਿਸ਼ ਬੋਲਦਿਆਂ
ਤੱਕ-ਸੁਣ, ਮੈਂ ਸੋਚਦਾ ਹਾਂ
ਮੈਂ ਬੋਲੀ ਤਾਂ ਮਾਂ ਹੁੰਦੀ ਹੈ
ਇਹ ਜੋ ਮਜਬੂਰੀ ਵੱਸ
ਦੂਜਿਆਂ ਦੀਆਂ ਮਾਂਵਾਂ ਦੀਆਂ
ਗੋਦਾਂ ਵਿਚ ਡਿੱਗੇ ਪਏ ਹਨ
ਇਨ੍ਹਾਂ ਦੀ ਮਾਂ
ਉਮਰ ਹੰਢਾ ਨਹੀਂ ਮਰੀ ਸੀ
ਸਗੋਂ ਕਤਲ ਕੀਤੀ ਗਈ ਸੀ।
ਬਾਹਰ, ਬਰਫ਼ ਲਾਲੋ-ਲਾਲ
ਹੋਈ ਪਈ ਹੈ
ਘਰਾਂ ਦੀਆਂ ਤਿਰਛੀਆਂ ਛੱਤਾਂ ਤੋਂ ਵੀ
ਖ਼ੂਨ ਚੋਂਦਾ ਹੈ

ਇਸ ਖ਼ੂਨ, ਮਿੱਝ ਅਤੇ
ਬਰਫ਼ ਦੇ ਗਾਰੇ ਵਿਚ
ਮੈਂ ਕੋਲੰਬਸ ਦੇ ਪਦ-ਚਿੰਨ ਦੇਖਦਾ ਹਾਂ
ਡਾਇਨਾਸੋਰ ਦੇ ਪਦ-ਚਿੰਨਾਂ ਜਿਹੇ
ਦੈਂਤੀ ਪਦ-ਚਿੰਨ।

- ਇਕਬਾਲ ਖਾਨ

## ਧਰਤੀ ਮਾਂ ਦੀ ਦੁਰਦਸ਼ਾ/- ਦਲਵੀਰ ਸਿੰਘ

ਮੈਂ ਧਰਤੀ ਮਾਂ
ਬੋਲੀ ਉੱਠੀ
ਥੱਕ ਹਾਰ ਕੇ

ਮੇਰੀਆਂ ਅੱਖਾਂ ਅੱਗੇ
ਕਤਲ ਹੁੰਦੇ ਨੇ
ਕੁੱਖਾਂ
ਘਰਾਂ
ਥਾਣੇ
ਅਤੇ ਕਚਹਿਰੀਆਂ ਵਿਚ

ਖੇਡ ਨੀ ਸਕਦੇ ਬਾਲ
ਬੇਫਿਕਰ ਹੋ ਕੇ
ਡਰ ਲੱਗਦੈ
ਸ਼ੈਤਾਨ ਨਿਗਲ ਨਾ ਜਾਵੇ
ਅਸਮਾਨ ਚੁਰਾ ਨਾ ਲਵੇ

ਹੁਣ ਲੋਕ ਕਹਿੰਦੇ ਨੇ
ਮਾਂ ਗੁਲਾਮ ਐ
ਰਾਖੀ ਨੀ ਕਰ ਸਕਦੀ
ਸੱਚ ਮੁੱਚ ਮੈਨੂੰ
ਸ਼ਰਮ ਆਉਂਦੀ ਐ

ਕੁਝ ਸਾਲਾਂ ਤੋਂ
ਭੁੱਖ ਮੈਂ
ਰੱਜ ਨੀ ਖਾਦਾ
ਖਾਣਾ ਕਦੇ
ਅੱਗ ਲਈ ਲੱਕੜ ਨੀ
ਪਾਣੀ ਗੰਦਾ ਏ
ਜੀਅ ਨੀ ਕਰਦਾ
ਕੁਝ ਖਾਣ ਲਈ
ਜਾ ਪੀਣ ਲਈ

ਧਨਾਢ ਲੋਕ
ਮਰਜ਼ੀ ਕਰਦੇ ਨੇ
ਮੇਰਾ ਜਿਸਮ ਚੀਰ ਕੇ
ਮੁਸ਼ਕਣ ਲਈ ਛੱਡਦੇ
ਐ
ਮੇਰਾ ਸਰੀਰ

ਝੱਲਿਆ ਨੀ ਜਾਂਦਾ
ਦੁੱਖਾਂ ਦਾ ਭਾਰ
ਬੁੱਢੀ ਉਮਰੇ
ਮੈਂ ਧਰਤੀ ਮਾਂ
ਬੋਲ ਉੱਠੀ
ਥੱਕ ਹਾਰ ਕੇ

95010-13036

12 ਅਗਸਤ ਬਰਸੀ 'ਤੇ

# ਕਿਰਨਜੀਤ ਕੌਰ ਮਹਿਲਕਲਾਂ ਦੀ ਸ਼ਹਾਦਤ ਜਬਰ ਖਿਲਾਫ ਟੱਕਰ ਦੀ ਪ੍ਰਤੀਕ

ਕਿਰਨਜੀਤ ਕੌਰ ਮਹਿਲਕਲਾਂ ਦੀ ਸ਼ਹਾਦਤ ਨੂੰ ਉਨ੍ਹੀ ਵਰ੍ਹੇ ਬੀਤ ਚੱਲੇ ਹਨ। ਅੱਜ ਤੋਂ ਉਨ੍ਹੀ ਵਰ੍ਹੇ ਪਹਿਲਾਂ 29 ਜੁਲਾਈ 1997 ਨੂੰ ਇਸ ਵਿਦਿਆਰਥਣ ਨਾਲ ਕਾਲਜ ਤੋਂ ਵਾਪਸ ਪਰਤਦਿਆਂ ਦਿਨ ਦਿਹਾੜੇ ਸਮੂਹਿਕ ਜਬਰ-ਜਿਨਾਹ ਕਰਨ ਉਪਰੰਤ ਉਸ ਨੂੰ ਕਤਲ ਕਰ ਕੇ ਲਾਸ਼ ਨੂੰ ਖੇਤਾਂ ਵਿੱਚ ਦੱਬ ਦਿੱਤਾ ਗਿਆ ਸੀ। ਇਸ ਵਹਿਸ਼ੀ ਕਾਰੇ ਨੂੰ ਅੰਜ਼ਾਮ ਦੇਣ ਵਾਲੇ ਅਪਰਾਧੀ ਮਹਿਲਕਲਾਂ ਇਲਾਕੇ ਦੇ ਸਿਆਸੀ ਅਸਰ ਰਸੂਖ ਰੱਖਣ ਵਾਲੇ ਘਰਾਣੇ ਦੇ 'ਗੁੰਡੇ' ਸਨ ਜਿਨ੍ਹਾਂ ਨੂੰ ਹਾਕਮ ਜਮਾਤਾਂ ਦੇ ਵੱਡੇ ਸਿਆਸੀ ਆਗੂਆਂ ਅਤੇ ਪੁਲਿਸ ਦੀ ਸਰਪ੍ਰਸਤੀ ਹਾਸਿਲ ਸੀ। ਅਜਿਹੇ ਕੇਸ ਵਿੱਚ ਕਿਸੇ ਨੂੰ ਵੀ ਇਨਸਾਫ ਦੀ ਆਸ ਨਹੀਂ ਸੀ। ਭਾਵੇਂ ਕਿ ਪਰਿਵਾਰ ਨੇ ਭਰ ਜੁਆਨ ਧੀ ਦਾ ਥਹੁ ਪਤਾ ਜਾਣਨ ਹਰ ਹੀਲਾ ਵਰਤਿਆ ਪਰ ਹਰ ਪਾਸੇ ਤੋਂ ਨਿਰਾਸ਼ਤਾ ਹੀ ਪੱਲੇ ਪਈ। ਇਸ ਹਾਲਤ ਵਿੱਚ ਪਰਿਵਾਰ ਨੇ ਇਹ ਕੇਸ ਇਲਾਕਾ ਮਹਿਲਕਲਾਂ ਵਿੱਚ ਸਰਗਰਮ ਇਨਕਲਾਬੀ ਜਨਤਕ ਜਮਹੂਰੀ ਜਥੇਬੰਦੀਆਂ ਕੋਲ ਰੱਖਿਆ ਜਿਨ੍ਹਾਂ ਨੇ ਗੰਭੀਰਤਾ ਨਾਲ ਮਾਮਲੇ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕੀਤੀ। ਹਾਸਲ ਹੋਏ ਤੱਥਾਂ ਤੋਂ ਇਹ ਗੱਲ ਸਾਫ਼ ਹੋ ਗਈ ਕਿ ਇਸ ਵਾਰਦਾਤ ਨੂੰ ਅੰਜ਼ਾਮ ਦੇਣ ਵਾਲੇ ਕੌਣ ਹਨ? ਕਿਰਨਜੀਤ ਕੌਰ ਦੀਆ ਕਿਤਾਬਾਂ, ਸਾਈਕਲ, ਅੰਦਰੂਨੀ ਬਸਤਰ ਤੱਕ ਵੱਡੇ ਘਰਾਣਿਆਂ ਦੇ ਕਾਕਿਆਂ ਦੇ ਖੇਤ ਵਿੱਚੋਂ ਮਿਲ ਚੁੱਕੇ ਸਨ। ਲੋਕਪੱਖੀ ਇਨਕਲਾਬੀ ਤਾਕਤਾਂ ਦੀ ਸੁਚੱਜੀ ਅਗਵਾਈ 'ਚ ਬਣੀ ਐਕਸ਼ਨ ਕਮੇਟੀ ਨੇ ਇਸ ਵੱਡੇ ਚੈਲਿੰਜ ਨੂੰ ਸਵੀਕਾਰ ਕਰਦਿਆਂ ਲੋਕਾਂ ਨੂੰ ਅੱਗੇ ਆਉਣ ਲਈ ਸੱਦਾ ਦਿੱਤਾ। ਸ਼ੁਰੂਆਤੀ ਦਾਬੇ ਤੋਂ ਬਾਅਦ ਜਿਉਂ ਜਿਉਂ ਲੋਕ ਸੰਘਰਸ਼ ਦਾ ਦਬਾਅ ਵਧਦਾ ਗਿਆ ਗੁੰਡਾ ਢਾਣੀ ਉੱਪਰ ਪੁਲਿਸ ਅਤੇ ਸਿਆਸਤਦਾਨਾਂ ਦੀ ਛੱਤਰੀ ਦਾ ਦਬਾਅ ਉੱਡਦਾ ਗਿਆ। ਅਖੀਰ 11 ਅਗਸਤ ਨੂੰ ਕਿਰਨਜੀਤ ਕੌਰ ਦੀ ਨਗਨ ਹਾਲਤ ਵਿੱਚ ਲਾਸ਼ ਵੱਡੇ ਘਰਾਣੇ ਦੇ ਉਕਾਕਿਆਂ" ਤੋਂ ਉਨ੍ਹਾਂ ਦੇ ਹੀ ਖੇਤ ਵਿੱਚੋਂ ਬਰਾਮਦ ਕਰਵਾਈ। 12 ਅਗਸਤ ਨੂੰ ਹਜਾਰਾਂ ਲੋਕਾਂ ਨੇ ਰੋਹਲੇ ਨਾਹਰਿਆਂ ਨਾਲ ਕਿਰਨਜੀਤ ਕੌਰ ਨੂੰ ਅੰਤਿਮ ਵਿਦਾਇਗੀ ਦਿੱਤੀ। ਮਹਿਲਕਲਾਂ ਦੀ ਧਰਤੀ ਪੰਜਾਹ ਦਿਨ ਸੰਘਰਸ਼ ਦਾ ਅਖਾੜਾ ਬਣੀ ਰਹੀ। ਇਸ ਸ਼ਾਨਾ ਮੱਤੇ ਸੰਘਰਸ਼ ਕਰਕੇ ਜਿੱਥੇ ਕਿਰਨਜੀਤ ਕੌਰ ਦੇ ਬਲਾਤਕਾਰੀ ਕਾਤਲਾਂ ਨੂੰ ਗ੍ਰਿਫ਼ਤਾਰ ਕਰਵਾਕੇ ਉਮਰ ਕੈਦ ਵਰਗੀਆਂ ਮਿਸਾਲੀ ਸਜ਼ਾਵਾਂ ਦਿਵਾਈਆਂ ਗਈਆਂ ਉੱਥੇ ਪੰਜਾਬ ਅੰਦਰ ਜਬਰ ਜੁਲਮ ਖਿਲਾਫ ਲੜਨ ਦੀ ਸ਼ਾਨਦਾਰ ਪਿਰਤ ਨੂੰ ਵੀ ਹੋਰ ਵੱਧ ਬੁਲੰਦ ਕੀਤਾ ਗਿਆ।

ਨਿਰੰਤਰ ਉਨ੍ਹੀ ਵਰ੍ਹੇ ਤੋਂ ਪੰਜਾਬ ਭਰ ਦੇ ਲੋਕ ਕਿਰਨਜੀਤ ਕੌਰ ਦੀ ਯਾਦ 'ਚ ਅੱਜ ਵੀ ਮਹਿਲਕਲਾਂ ਦੀ ਧਰਤੀ ਤੇ ਇਕੱਠੇ ਹੁੰਦੇ ਹਨ। ਉਹ ਵਰਤਮਾਨ ਸਮੇਂ 'ਚ ਸਮਾਜ ਦੇ ਸਭ ਤੋਂ ਵੱਧ ਪੀੜਤ ਔਰਤ ਵਰਗ ਦੀ ਦੁਰਦਸ਼ਾ ਅਤੇ ਔਰਤ ਮੁਕਤੀ ਦੇ ਗੰਭੀਰ ਸਵਾਲ ਉੱਤੇ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਵਿਚਾਰ-ਚਰਚਾ ਕਰਨ ਆਉਂਦੇ ਹਨ।



ਮਹਿਲਕਲਾਂ ਦੀ ਧਰਤੀ ਨੇ ਇਕ ਮਾਸੂਮ ਬੱਚੀ ਦੇ ਸਮੂਹਿਕ ਬਲਾਤਕਾਰ ਤੇ ਕਤਲ ਖਿਲਾਫ਼ ਅਗਸਤ 1997 ਤੋਂ ਲੈ ਕੇ ਹੁਣ ਤੱਕ ਇਕ ਇਤਿਹਾਸ ਸਿਰਜਿਆ ਹੈ। ਕਾਤਲਾਂ, ਬਲਾਤਕਾਰੀਆਂ ਨੂੰ ਸਜ਼ਾਵਾਂ ਦਿਵਾਉਣ, ਭ੍ਰਿਸ਼ਟ ਅਫ਼ਸਰਾਂ ਨੂੰ ਘਰ ਦਾ ਰਾਹ ਵਿਖਾਉਣ, ਗੁੰਡਾ, ਪੁਲਿਸ, ਸਿਆਸੀ ਤੇ ਅਦਾਲਤੀ ਗਠਜੋੜ ਦਾ ਚਿਹਰਾ ਲੀਰੋਲੀਰ ਕਰਨ, ਸਮੇਂ ਦੇ ਹਾਕਮਾਂ ਦਾ ਇਸ ਗੱਠਜੋੜ ਪੱਖੀ ਰਵੱਈਆ ਨੰਗਾ ਕਰਨ 'ਚ ਵਿਦਿਆਰਥਣ ਕਿਰਨਜੀਤ ਕੌਰ ਦੇ ਬਲਾਤਕਾਰ/ਅਗਵਾ/ਕਤਲ ਕਾਂਡ ਵਿਰੋਧੀ ਘੋਲ ਨੇ ਲੋਕ ਸੰਘਰਸ਼ਾਂ ਦਾ ਇਕ ਨਵਾਂ ਮੀਲ ਪੱਥਰ ਗੱਡਿਆ ਹੈ। ਇਸ ਦਰਦਨਾਕ ਘਟਨਾ ਖਿਲਾਫ਼ ਐਕਸ਼ਨ ਕਮੇਟੀ ਵੱਲੋਂ ਕੇਸ ਦੀ ਨਿਰੰਤਰ ਜਨਤਕ ਅਤੇ ਕਾਨੂੰਨੀ ਪੈਰਵਾਈ ਨੇ ਮਹਿਲ ਕਲਾਂ ਬਰਨਾਲਾ ਇਲਾਕੇ ਦੇ ਲੋਕਾਂ 'ਚ ਇਸ ਸੁਚੱਜੀ ਦਲੇਰ ਅਗਵਾਈ ਨੇ ਆਪਣੀਆਂ ਅਮਿੱਟ ਪੈੜਾਂ ਛੱਡੀਆਂ ਹਨ। ਇਹੀ ਕਾਰਨ ਕਿ ਇਸ ਐਕਸ਼ਨ ਕਮੇਟੀ ਦੇ ਤਿੰਨ ਲੋਕ ਆਗੂਆਂ (ਨਰਾਇਣ ਦੱਤ, ਮਨਜੀਤ ਧਨੇਰ, ਪ੍ਰੇਮ ਕੁਮਾਰ) ਨੂੰ ਬਲਾਤਕਾਰੀ ਅਤੇ ਕਾਤਲ ਧਿਰ ਵੱਲੋਂ ਪੁਲਿਸ ਨਾਲ ਮਿਲਕੇ ਇਕ ਡੂੰਘੀ ਸਾਜਿਸ਼ ਤਹਿਤ ਝੂਠੇ ਕਤਲ ਕੇਸ 'ਚ ਫਸਾਉਣ ਤੇ 28/30 ਮਾਰਚ 2005 ਨੂੰ ਝੂਠੀਆਂ ਗਵਾਹੀਆਂ ਦੇ ਅਧਾਰ 'ਤੇ ਬਰਨਾਲਾ ਸ਼ੈਸ਼ਨ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਤਹਿਤ ਬਠਿੰਡਾ ਜੇਲ੍ਹ 'ਚ ਡੱਕ ਦੇਣ ਦੇ ਬਾਵਜੂਦ, ਮਹਿਲ ਕਲਾਂ ਦੀ ਧਰਤੀ ਝੁਕੀ ਨਹੀਂ। ਪੰਜਾਬ ਦੇ ਲੋਕਾਂ ਖ਼ੌਫ ਨਹੀਂ ਖਾਧਾ, ਲੋਕਾਂ ਈਨ ਨਹੀਂ ਮੰਨੀ ਸਗੋਂ ਪਹਿਲਾਂ ਨਾਲੋਂ ਵੀ ਵੱਧ ਦਲੇਰੀ ਤੇ ਜੋਸ਼ ਨਾਲ ਤਿੰਨ ਲੋਕ ਆਗੂਆਂ ਦੀ ਸਜ਼ਾ ਰੱਦ ਕਰਵਾਉਣ ਲਈ ਪੰਜਾਬ ਦੀਆਂ 19 ਕਿਸਾਨ, ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੀ ਸਾਂਝੀ ਸੰਘਰਸ਼ ਕਮੇਟੀ ਬਣਾ ਕੇ ਪੰਜਾਬ ਦੇ ਹਾਕਮਾਂ ਨੂੰ ਵਖ਼ਤ ਪਾਈ ਰੱਖਿਆ।

ਇਨ੍ਹਾਂ ਸੰਘਰਸ਼ਸ਼ੀਲ ਜੱਥੇਬੰਦੀਆਂ ਅਤੇ ਲੋਕਾਂ ਲਈ ਕਿਰਨਜੀਤ ਕੌਰ ਦੀ ਬਰਸੀ ਮਨਾਉਣਾ ਮਹਿਜ ਇਕ ਰਸਮ ਪੂਰਤੀ ਨਹੀਂ ਬਲਕਿ ਦੇਸ਼-ਦੁਨੀਆ 'ਚ ਔਰਤ ਉੱਤੇ ਹੁੰਦੇ ਜਬਰ-ਜ਼ੁਲਮ ਖ਼ਿਲਾਫ਼ ਜੱਥੇਬੰਦਕ ਲੋਕ ਰੋਹ ਦੀ ਅਵਾਜ਼ ਖੜੀ ਕਰਨ ਦਾ ਬਲ ਤੇ ਪ੍ਰੇਰਨਾ ਪੈਦਾ ਕਰਨ ਦਾ ਪ੍ਰਤੀਕ ਹੈ। ਦੂਜੇ ਪਾਸੇ ਹਾਕਮ ਜਮਾਤਾਂ ਵੱਲੋਂ ਲੋਕ ਲਹਿਰਾਂ ਦੀ ਅਗਵਾਈ ਕਰਨ ਵਾਲੇ ਆਗੂਆਂ ਨੂੰ 'ਸਬਕ' ਸਿਖਾਉਣ ਤੇ ਲੋਕ ਲਹਿਰ ਨੂੰ ਆਗੂ ਰਹਿਤ ਕਰਨ ਲਈ ਖੜੇ ਕੀਤੇ ਚੈਲੰਜ ਨੂੰ ਵੰਗਾਰਨ ਲਈ ਕਿਰਨਜੀਤ ਦੀ ਯਾਦ ਮਨਾਉਣਾ ਜਰੂਰੀ ਹੈ।ਅਜਿਹਾ ਕਰਨਾ ਲੋਕ ਲਹਿਰ ਦੀ ਤਾਕਤ ਦੇ ਸ਼ਾਨਦਾਰ ਝਲਕਾਰਿਆਂ ਦਾ ਮਾਡਲ ਉਸਾਰਨ ਲਈ ਵੀ ਲਾਜ਼ਮੀ ਹੈ ਤੇ ਜਬਰ ਖ਼ਿਲਾਫ਼ ਟੱਕਰ ਦੀ ਅਮੀਰ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਲਿਜਾਣ ਲਈ ਵੀ ਲਾਜ਼ਮੀ ਹੈ ।

ਦੇਸ਼ ਤੇ ਦੁਨੀਆਂ ਭਰ 'ਚ ਔਰਤਾਂ ਉਪਰ ਹੋ ਰਹੇ ਅੱਤਿਆਚਾਰਾਂ ਖਿਲਾਫ ਅਜਿਹੀ ਲੋਕ ਲਹਿਰ ਖੜੀ ਕਰਨਾ ਇਸ ਲਈ ਵੀ ਜਰੂਰੀ ਹੈ ਕਿਉਂਕਿ ਅੱਜ ਵੀ ਦੇਸ਼-ਦੁਨੀਆ ਪੱਧਰ 'ਤੇ ਔਰਤ ਅੱਤਿਆਚਾਰ, ਛੇੜਛਾੜ, ਬਲਾਤਕਾਰ, ਘਰੇਲੂ ਹਿੰਸਾ, ਯੌਨ ਹਿੰਸਾ, ਕੁੱਟਮਾਰ, ਗਾਲੀ-ਗਲੋਚ, ਕਤਲ, ਬਾਲ ਵਿਆਹ, ਕੁਪੋਸ਼ਣ, ਅਗਵਾ, ਲਿੰਗਕ ਵਖਰੇਵੇਂ, ਨਸਲੀ ਭੇਦਭਾਵ, ਜਾਤੀ-ਪਾਤੀ ਵਿਤਕਰਾ, ਭਰੂਣ ਹੱਤਿਆ, ਦਾਜ, ਤੇਜ਼ਾਬੀ ਹਮਲਿਆਂ, ਵੇਸ਼ਵਾਗਮਨੀ, 'ਅਣਖ' ਲਈ ਕਤਲ, ਪ੍ਰੇਮ ਵਿਆਹ ਦੀ ਮਨਾਹੀ, ਭੋਗ-ਵਿਲਾਸ ਦੀ ਵਸਤੂ ਸਮਝਣ ਆਦਿ ਦੇ ਅੱਤ ਦੇ ਦਾਬੂ ਮਹੌਲ ਹੇਠ ਸਹਿਕ ਰਹੀ ਹੈ। ਪਿਤਾਪੁਰਖੀ ਦਾਬਾ ਤੇ ਮਰਦ ਪ੍ਰਧਾਨਤਾ ਵਰਗੇ ਮੱਧਯੁੱਗੀ 'ਪ੍ਰੇਤ' ਅੱਜ ਵੀ ਉਸਦੇ ਪਿੱਛੇ ਪਏ ਹੋਏ ਹਨ। ਅੱਜ ਵੀ ਔਰਤ ਨੂੰ ਸਮਾਜਿਕ ਪੈਦਾਵਾਰੀ ਸਾਧਨਾਂ ਤੋਂ ਵਿਹੂਣੇ ਕਰਕੇ ਘਰੇਲੂ ਚਾਕਰੀ, ਬੱਚੇ ਪੈਦਾ ਕਰਨ ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਰਗੇ ਦਾਬੂ ਤੇ ਬੇਇਜਤੀ ਭਰੇ ਮਾਹੌਲ ਨਾਲ ਬੰਨ ਕੇ ਰੱਖਿਆ ਜਾ ਰਿਹਾ ਹੈ। ਸਮਾਜ ਵਿਚ ਪਰਿਵਾਰ ਤੇ ਵਿਆਹ ਵਰਗੀਆਂ ਸੰਸਥਾਵਾਂ ਅੰਦਰ ਰੂੜ੍ਹੀਵਾਦੀ ਪਰੰਪਰਾਵਾਂ ਵੀ ਉਨ੍ਹਾਂ ਦੀ ਗੁਲਾਮੀ ਦਾ ਕਾਰਨ ਬਣ ਰਹੀਆਂ ਹਨ। ਸਦੀਆਂ ਤੋਂ ਪ੍ਰਚਲਿਤ ਲੋਕਦੋਖੀ ਲੋਟੂ ਪ੍ਰਣਾਲੀਆਂ ਨੇ ਧਰਮ, ਜਾਤ, ਮੀਡੀਆ, ਸਾਹਿਤ, ਕਲਾ, ਸਿੱਖਿਆ ਤੇ ਸੱਭਿਆਚਾਰ ਨੂੰ ਵੀ ਉਨ੍ਹਾਂ ਦੀ ਅਜ਼ਾਦੀ ਉੱਪਰ ਬੰਦਸ਼ਾਂ ਲਾਉਣ ਲਈ ਵਰਤਿਆ ਹੈ।ਇਹ ਪੁਰਾਤਨ ਪ੍ਰਣਾਲੀਆਂ ਔਰਤ ਦੀ ਗੁਲਾਮੀ ਦੇ ਨਵੇਂ-ਨਵੇਂ ਰੂਪ ਘੜਣ ਤੇ ਉਸਨੂੰ ਸਲਾਮਤ ਰੱਖਣ 'ਚ ਮੌਜੂਦਾ ਰਾਜ ਪ੍ਰਬੰਧ ਦੀਆਂ ਸਹਾਇਕ ਬਣੀਆਂ ਹੋਈਆਂ ਹਨ। ਮੌਜੂਦਾ ਸਾਮਰਾਜੀ-ਸਰਮਾਏਦਾਰਾ ਵਰਗ ਵੱਲੋਂ ਆਧੁਨਿਕਤਾ ਤੇ ਔਰਤ ਦੀ ਅਜ਼ਾਦੀ ਦੇ ਨਾਂ ਹੇਠ ਫ਼ੈਸ਼ਨਪ੍ਰਸਤੀ, ਸੁੰਦਰਤਾ ਮੁਕਾਬਲੇ, ਸੈਕਸ ਟੂਰਿਸਟ ਕੇਂਦਰ, ਚੰਦ ਕੁ ਅਮੀਰ ਔਰਤਾਂ ਦੀ ਤਰੱਕੀ, ਫਿਲਮਾਂ, ਗੀਤਾਂ ਤੇ ਮਸ਼ਹੂਰੀਆਂ ਰਾਹੀਂ ਨੰਗੇਜ਼ਵਾਦ ਪਰੋਸਿਆ ਜਾ ਰਿਹਾ ਹੈ। ਔਰਤਾਂ ਦੀ ਸਸਤੀ ਸਰੀਰਕ ਤੇ ਮਾਨਸਿਕ ਕਿਰਤ ਸ਼ਕਤੀ ਇਕ ਜਿਣਸ ਵਾਂਗ ਲੁੱਟਣ ਲਈ ਉਨ੍ਹਾਂ ਨੂੰ ਘਰ ਦੀ ਚਾਰਦੀਵਾਰੀ ਤੋਂ ਬਾਹਰ ਖਿੱਚਿਆ ਜਾ ਰਿਹਾ ਹੈ। ਮੰਡੀ 'ਚ ਮਾਲ ਵੇਚਣ ਲਈ ਉਸਨੂੰ ਲਗਾਤਾਰ ਇਕ ਨੁਮਾਇਸ਼ ਦੀ ਵਸਤੂ ਬਣਾਇਆ ਜਾ ਰਿਹਾ ਹੈ। ਅਜਿਹੀ ਹਾਲਤ 'ਚ ਔਰਤ ਦੀ ਸੁਰੱਖਿਆ ਦੇ ਕਾਨੂੰਨ ਤੇ ਹੋਰ ਐਲਾਨ ਮਹਿਜ ਡਰਾਮੇਬਾਜ਼ੀ ਸਾਬਤ ਹੋ ਰਹੇ ਹਨ।

ਮਹਿਲ ਕਲਾਂ ਦੇ ਇਸ ਸ਼ਾਨਾਮੱਤੇ ਸੰਘਰਸ਼ ਦੀ ਦਾਸਤਾਨ ਨੂੰ ਫ਼ਿਲਮਸਾਜ਼ ਦਲਜੀਤ ਅਮੀ ਨੇ ਆਪਣੀ ਜਾਨਦਾਰ ਕਲਾ ਤੇ ਵਿਲੱਖਣ ਅੱਖ ਨਾਲ ਸਮੁੱਚੀਆਂ ਘਟਨਾਵਾਂ ਨੂੰ ਕੈਮਰੇ 'ਚ ਬੰਦ ਕਰਦਿਆਂ 'ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ' ਨਾਂ ਦੀ ਦਸਤਾਵੇਜ਼ੀ ਫ਼ਿਲਮ ਬਣਾਈ। ਕਿਰਨਜੀਤ ਕੌਰ ਜਿਸ ਦਲੇਰੀ ਤੇ ਸੂਝਮਗਤੀ ਨਾਲ ਇਕੱਲੀ ਗੁੰਡਿਆਂ ਨਾਲ ਭਿੜਦੀ ਕੁਰਬਾਨ ਹੋ ਗਈ, ਔਰਤ ਪ੍ਰਤੀ, ਰਾਜਨੀਤਿਕ ਸਮਾਜਕ ਰਵੱਈਏ ਦੇ ਜਿਸ ਤਰ੍ਹਾਂ ਉਸ ਦੀ ਕੁਰਬਾਨੀ ਨੇ ਪਰਖਚੇ ਉਡਾਏ, ਜਿਵੇਂ ਕਿਰਨਜੀਤ ਔਰਤ ਮੁਕਤੀ ਲਈ ਲੋਕ ਸੰਘਰਸ਼ ਦੀ ਪ੍ਰਤੀਕ ਬਣ ਗਈ, ਇਨ੍ਹਾਂ ਸਾਰੇ ਪੱਖਾਂ ਨੂੰ ਫਿਲਮਸਾਜ ਨੇ ਬਾਖੂਬੀ ਉਘਾੜਿਆ। ਸਾਰੀਆਂ ਹੀ ਜਥੇਬੰਦੀਆਂ/ਧਿਰਾਂ ਵੱਲੋਂ ਲੋਕ ਲਹਿਰ 'ਤੇ ਹੋਏ ਇਸ ਹਮਲੇ ਦਾ ਜਿਵੇਂ ਟਾਕਰਾ ਕੀਤਾ ਜਾ ਰਿਹਾ ਹੈ ਇਹ ਪੰਜਾਬ 'ਚ ਭੱਵਿਖ ਦੇ ਸੰਘਰਸ਼ਾਂ ਲਈ ਮਾਰਗ ਦਰਸ਼ਕ ਬਣੇਗਾ।

ਡੇਢ ਦਹਾਕਾ ਬੀਤ ਜਾਣ 'ਤੇ ਵੀ ਇਹ ਸੰਘਰਸ਼ ਬਾਦਸਤੂਰ ਜਾਰੀ ਹੈ। ਇਹ ਜਬਰ ਤੇ ਇਨਸਾਫ਼ ਵਿਚਕਾਰ ਲਕੀਰ ਖਿੱਚਵੀਂ ਲੜਾਈ ਹੈ। ਜਿਥੇ ਇਸ ਸੰਘਰਸ਼ ਨੇ ਕਈ ਅਹਿਮ ਸਬਕ ਦਿੱਤੇ ਹਨ ਉਥੇ ਇਸ ਨੂੰ ਹਾਲੇ ਵੀ ਚੁਣੌਤੀਆਂ ਦਰਪੇਸ਼ ਹਨ। ਇਸ ਦੇ ਜਰੂਰੀ ਸਬਕਾਂ ਵਿਚੋਂ ਸਿਰਕੱਢ ਇਹ ਕਿ ਜਿੱਥੇ ਜਬਰ ਹੈ ਉੱਥੇ ਟੱਕਰ ਵੀ ਹੈ। ਜਬਰ ਖ਼ਿਲਾਫ ਵਿਸ਼ਾਲ ਲੋਕ ਲਾਮਬੰਦੀ, ਸਾਰੀਆਂ ਲੋਕ ਪੱਖੀ ਜਥੇਬੰਦੀਆਂ/ਧਿਰਾਂ ਦੀ ਸਾਂਝੀ ਸਰਗਰਮੀ, ਅਠਾਰਾਂ ਵਰ੍ਹਿਆਂ ਦੀ ਲਗਾਤਾਰ ਲੋਕ ਜੱਦੋਜਹਿਦ ਆਦਿ ਇਸ ਘੋਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਹਨ। ਕਿਰਨਜੀਤ ਸਵੈਮਾਨੀ ਔਰਤਾਂ ਲਈ ਲੁੱਟ ਜਬਰ ਖਿਲਾਫ਼ 'ਸੰਘਰਸ਼ ਦਾ ਪ੍ਰਤੀਕ' ਬਣ ਜਿਉਂ ਰਹੀ ਹੈ। ਅੱਜ ਵੀ ਅਣਖ-ਆਬਰੂ ਤੇ ਸਵੈਮਾਣ ਦੇ ਰਖਵਾਲੇ ਹਜ਼ਾਰਾਂ ਮੇਹਨਤਕਸ਼ ਲੋਕ ਪੰਜਾਬ ਭਰ 'ਚੋਂ ਕਾਫ਼ਲੇ ਬੰਨ੍ਹਕੇ, ਲੁੱਟ-ਜਬਰ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਨ ਲਈ ਹਰ ਸਾਲ 12 ਅਗਸਤ ਨੂੰ ਮਹਿਲਕਲਾਂ ਦੀ ਧਰਤ ਨੂੰ ਸਲਾਮ ਕਰਨ ਆਉਂਦੇ ਹਨ। ਉਨ੍ਹਾਂ ਨੂੰ ਜਾਪਦਾ ਹੈ ਕਿ ਇਹ ਸੁਲੱਖਣੀ ਧਰਤੀ ਕਿਰਤੀ ਲੋਕਾਂ ਤੇ ਉਨ੍ਹਾਂ ਦੀਆਂ ਔਰਤਾਂ ਉੱਤੇ ਹਰ ਤਰ੍ਹਾਂ ਦੇ ਲੁੱਟ ਜਬਰ ਨੂੰ ਵਗਾਹ ਮਾਰਨ ਲਈ, ਉਨ੍ਹਾਂ ਦੀ ਗੈਰਤ ਨੂੰ ਵੰਗਾਰਦੀ ਹੈ।

ਸੰਘਰਸ਼ ਦੀਆਂ ਇਨ੍ਹਾਂ ਅਹਿਮ ਪ੍ਰਾਪਤੀਆਂ ਦੇ ਬਾਵਜੂਦ ਵੀ ਚੁਣੌਤੀਆਂ ਵੱਡੀਆਂ ਵਿਕਰਾਲ ਹਨ। ਲੜਾਈ ਲੰਬੀ ਹੈ ਜੋ ਮੌਜੂਦਾ ਲੋਕ ਦੋਖੀ ਢਾਂਚੇ ਨੂੰ ਮੁੱਢੋਂ ਤਬਦੀਲ ਕਰਨ ਨਾਲ ਜੁੜੀ ਹੋਈ ਹੈ। ਕਿਰਨਜੀਤ ਕਤਲ ਕਾਂਡ ਨਾ ਤਾਂ ਪਹਿਲਾ ਕਤਲ ਕਾਂਡ ਹੈ ਤੇ ਨਾ ਹੀ ਆਖਰੀ। ਪਰੰਤੂ ਸਾਡੇ ਲਈ ਜਾਨਣ ਤੇ ਮਾਣ ਕਰਨ ਵਾਲੀ ਗੱਲ ਇਹ ਹੈ ਕਿ ਕਿਰਨਜੀਤ ਕੌਰ ਵਾਲੀ ਘਟਨਾ ਵਾਪਰਨ ਤੋਂ ਪਹਿਲਾਂ ਆਮ ਲੋਕਾਈ ਅੰਦਰ ਬਹੁਤ ਕਿਸਮ ਦੀਆਂ ਗਲਤ ਪਿਛਾਂਹਖਿੱਚੂ ਧਾਰਨਾਵਾਂ ਸਨ ਜਿਨ੍ਹਾਂ ਨੂੰ ਇਸ ਲੋਕ ਸੰਘਰਸ਼ ਨੇ ਸਿਰੇ ਤੋਂ ਨਾਂ ਸਿਰਫ ਖਾਰਜ ਹੀ ਕੀਤਾ ਸਗੋਂ ਹੁਣ ਤਾਂ ਇਸ ਸੰਘਰਸ਼ ਨੇ ਦਰੁੱਸਤ ਬੁਨਿਆਦ ਰੱਖ ਦਿੱਤੀ ਹੈ। ਇਸ ਤੋਂ ਬਾਅਦ ਬਰੇਟਾ ਦਾ ਪਿੰਕੀ ਕਾਂਡ, ਫਰੀਦਕੋਟ ਦਾ ਸ਼ਰੁਤੀ ਕਾਂਡ, ਦਿੱਲੀ ਦਾ ਦਾਮਨੀ ਕਾਂਡ, ਗੰਧੜ ਬਲਾਤਕਾਰ ਕਾਂਡ ਅਤੇ ਹੁਣ ਮੋਗਾ ਔਰਬਿਟ ਕਾਂਡ ਵਿੱਚ ਲੋਕ ਘਰਾਂ ਦੀਆਂ ਤੰਗ ਵਲਗਣਾਂ ਵਿੱਚੋਂ ਬਾਹਰ ਨਿੱਕਲ ਕੇ ਸਾਂਝੇ ਸੰਘਰਸ਼ਾਂ ਦੇ ਮੈਦਾਨ 'ਚ ਨਿੱਤਰੇ ਹਨ। ਇਸੇ ਤਰ੍ਹਾਂ ਲੋਕ ਦੋਖੀ ਕਾਰਿਆਂ ਤੇ ਨੀਤੀਆਂ ਦਾ ਵਿਰੋਧ ਕਰਨ ਵਾਲਿਆਂ ਉਪਰ ਜਬਰ ਤਸ਼ੱਦਦ ਵੀ ਕੋਈ ਪਹਿਲੀ ਜਾਂ ਆਖਰੀ ਘਟਨਾ ਨਹੀਂ। ਔਰਬਿਟ ਬੱਸ ਕਾਂਡ ਦੀ ਅਗਵਾਈ ਕਰਨ ਵਾਲੇ ਨੌਜਵਾਨ-ਵਿਦਿਆਰਥੀ ਦੋ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਜੇਲ੍ਹ ਦੀਆ ਸੀਖਾਂ ਪਿੱਛੇ ਬੰਦ ਰਹੇ। ਕਿਰਨਜੀਤ ਕਤਲ ਕਾਂਡ ਦੀ ਅਗਵਾਈ ਕਰ ਰਹੇ ਤਿੰਨ ਲੋਕ ਆਗੂਆਂ ਨੂੰ ਝੂਠੇ ਕੇਸਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਇਸ ਦੇ ਖ਼ਿਲਾਫ਼ ਚੱਲੇ ਲੰਬੇ ਸੰਘਰਸ਼ ਤੋਂ ਬਾਅਦ ਹਾਈਕੋਰਟ ਨੇ ਦੋ ਆਗੂਆਂ ਨਰਾਇਣ ਦੱਤ ਤੇ ਪ੍ਰੇਮ ਕੁਮਾਰ ਦੀ ਸਜ਼ਾ ਰੱਦ ਕਰ ਦਿੱਤੀ ਪਰ ਤੀਸਰੇ ਆਗੂ ਮਨਜੀਤ ਧਨੇਰ ਦੀ ਸਜ਼ਾ ਹਾਲੇ ਬਰਕਰਾਰ ਹੈ। ਇਹ ਅਗਾਂਹਵਧੂ, ਲੋਕ ਪੱਖੀ ਤੇ ਜਮਹੂਰੀ ਹਲਕਿਆਂ ਲਈ ਹਾਕਮ ਜਮਾਤਾਂ ਵੱਲੋਂ 'ਸਬਕ' ਸਿਖਾਉਣ ਦੇ ਮਨਸ਼ੇ ਨਾਲ ਖੜਾ ਕੀਤਾ ਗਿਆ ਇਕ ਚੈਲੇਂਜ। ਹਾਕਮਾਂ ਦੇ ਇਸ ਚੈਲੰਜ ਨੂੰ ਭਾਂਜ ਦੇਣੀ ਹੱਕ-ਸੱਚ ਤੇ ਇਨਸਾਫ ਦੀ ਅਵਾਜ਼ ਨੂੰ ਹੋਰ ਉੱਚਾ ਚੁੱਕਣ ਬਰਾਬਰ ਹੈ।

ਮਨਦੀਪ
mandeepsaddowal@gmail.com
9855695905

## ਸਹਿਣਸ਼ੀਲਤਾ

ਅੱਠ-ਦਸ ਮੁੰਡਿਆਂ ਦਾ ਦਲ ਕਾਲਜ ਦੇ ਗਰਾਊਂਡ 'ਚ ਆ ਧਮਕਿਆ। ਗਰਾਊਂਡ ਦੇ ਇਕ ਖੂੰਝੇ ਜਾਲੀਦਾਰ ਗੋਲ ਟੋਪੀਆਂ ਵਾਲੇ ਦੋ ਮੁੰਡਿਆਂ ਨੂੰ ਦੇਖ ਉਹਨਾਂ ਦੇ ਚਿਹਰਿਆਂ ਉੱਪਰ ਰੌਣਕ ਆ ਗਈ। ਉਹ ਸਿੱਧੇ ਉਧਰ ਨੂੰ ਚੱਲ ਪਏ । ਉਹਨਾਂ ਨੂੰ ਆਪਣੇ ਵੱਲ ਆਉਂਦੇ ਦੇਖ ਦੋਵੇਂ ਮੁੰਡੇ ਵੀ ਡਰ ਗਏ । ਦਲ ਦਾ ਪ੍ਰਧਾਨ ਉਹਨਾਂ ਕੋਲ ਆ ਕੇ ਕੜਕ ਕੇ ਪੁੱਛਣ ਲੱਗਾ।

ਕੀ ਕਰਦੇ ਹੋ ਏਥੇ?

ਜੀ ਪੜ੍ਹਾਈ ਕਰਦੇ ਹਾਂ। ਇੱਕ ਮੁੰਡੇ ਨੇ ਡਰਦੇ-ਡਰਦੇ ਕਿਤਾਬ ਦਿਖਾਉਂਦੇ ਹੋਏ ਕਿਹਾ ।

ਕੀ ਪੜ੍ਹਦੇ ਓ ਓਏ??

ਜੀ ਸੰਸਕ੍ਰਿਤ

ਸੰਸਕ੍ਰਿਤ...ਹੂੰ, ਜਰੂਰ ਸਾਡੇ ਦੇਸ਼, ਧਰਮ ਵਿਰੁੱਧ ਕੋਈ ਸਾਜ਼ਿਸ਼ ਰੱਚਦੇ ਹੋਵੋਂਗੇ। ਦਲ ਦਾ ਪ੍ਰਧਾਨ ਕਿਤਾਬ ਖੋਹਦੇ ਹੋਏ ਬੋਲਿਆ।

ਨਹੀਂ... ਨਹੀਂ ਜੀ ਕੁਝ ਦਿਨਾਂ ਤੱਕ ਪੇਪਰ ਨੇ ਉਹੋ ਹੀ ਪੜ੍ਹ ਰਹੇ ਹਾਂ।

ਦੇਖਦੇ ਹਾਂ.. ਕਹਿੰਦਾ ਹੋਇਆ ਪ੍ਰਧਾਨ ਬੇਦਰਦੀ ਨਾਲ ਕਿਤਾਬ ਨੂੰ ਫਰੋਲਣ ਲੱਗਾ । ਉਸ ਵਿੱਚੋਂ ਉਸਨੂੰ ਕੁਝ ਵੀ ਨਾ ਮਿਲਿਆ । ਉਹ ਆਪਣੇ ਸਾਥੀਆਂ ਵੱਲ ਝਾਕਿਆ ਅਤੇ ਇਕ ਨਵਾਂ ਪੈਂਤਰਾ ਅਪਣਾਉਂਦਿਆਂ ਕਿਹਾ :

ਅਸੀਂ ਜਿਹੜਾ ਨਾਹਰਾ ਕਹਾਂਗੇ,ਉਹ ਨਾਹਰਾ ਲਗਾਉਗੇ ?

ਹਾਂ ਜੀ ਹਾਂ

ਚੰਗਾ ਕਹੋ ਫਿਰ

ਦੋਵਾਂ ਮੁੰਡਿਆਂ ਨੇ ਨਾਹਰਾ ਲਗਾ ਦਿੱਤਾ।

ਕਹੋ...। ਉਹਨਾਂ ਨੂੰ ਫਿਰ ਇੱਕ ਭੜਕਾਊ ਨਾਹਰਾ ਲਗਾਉਣ ਲਈ ਕਿਹਾ ਗਿਆ।

ਦੋਵੇਂ ਮੁੰਡੇ ਥੋੜ੍ਹਾ ਹਿਚਕਚਾਏ ਪਰ ਫਿਰ ਨਾਹਰਾ ਲਗਾ ਦਿੱਤਾ।

ਦਲ ਵਾਲੇ ਹੈਰਾਨ ਪ੍ਰੇਸ਼ਾਨ ਹੋ ਗਏ। ਮੁੰਡੇ ਵਿਰੋਧ ਨਹੀਂ ਕਰ ਰਹੇ ਸਨ। ਉਹਨਾਂ ਦੀ ਸਹਿਣਸ਼ੀਲਤਾ ਜਵਾਬ ਦੇਣ ਲੱਗੀ। ਆਖਿਰ ਉਹ ਮੁੰਡਿਆਂ ਦੇ ਸਿਰ ਤੋਂ ਟੋਪੀਆਂ ਉਤਾਰ ਪੈਰਾਂ 'ਚ ਮਧੋਲਦੇ ਹੋਏ ਉੱਚੀ-ਉੱਚੀ ਹੱਸਣ ਲੱਗੇ। ਮੁੰਡੇ ਚੁੱਪ-ਚਾਪ ਖੜ੍ਹੇ ਰਹੇ । ਉਹਨਾਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਪਰ ਦਲ ਵਾਲਿਆਂ ਨੂੰ ਸੰਤੁਸ਼ਟੀ ਨਹੀਂ ਹੋਈ ਸੀ। ਮੁੰਡਿਆਂ ਦੀ ਚੁੱਪ ਉਹਨਾਂ ਨੂੰ ਹੋਰ ਖਿਝਾ ਰਹੀ ਸੀ। ਸਾਰਿਆਂ ਵਿੱਚ ਘੁਸਰ-ਮੁਸਰ ਸ਼ੁਰੂ ਹੋ ਗਈ ; ਕੀ ਕੀਤਾ ਜਾਵੇ ? ਕੋਈ ਚਾਰਾ ਨਾ ਚਲਦਾ ਦੇਖ ਦਲ 'ਚੋ ਇੱਕ ਅਤਿ ਉਤਸਾਹੀ ਨੌਜਵਾਨ ਨੇ ਅੱਗੇ ਵਧ ਦੋਹਾਂ ਨੂੰ ਗਲੋਂ ਫੜ ਲਿਆ:

ਸਾਡੇ ਧਰਮ ਬਾਰੇ ਮੰਦਾ ਬੋਲਦੇ ਸੀ

ਨਹੀਂ ਅਸੀਂ ਤਾਂ ਪੜ੍ਹ ਰਹੇ ਸੀ?

ਮੈਂ ਖੁਦ ਸੁਣਿਆ।ਕਹਿੰਦੇ ਹੋਏ ਉਸਨੇ ਥੱਪੜਾਂ ਦੀ ਝੜੀ ਲਗਾ ਦਿੱਤੀ, ਮੁੰਡਿਆਂ ਨੇ ਵਿਰੋਧ ਲਈ ਹੱਥ ਚੁੱਕਣ ਹੀ ਲੱਗੇ ਸੀ ਕਿ ਸਾਰਾ ਦਲ ਹੀ ਉਹਨਾਂ ਨੂੰ ਕੁੱਟਣ ਪੈ ਗਿਆ

- ਕੁਲਵਿੰਦਰ ਕੌਸ਼ਲ

ਅਰੁਣ ਫਰੇਰਾ, ਵਰਨੋਨ ਗੌਂਸਾਲਵੇਜ਼
ਅਨੁਵਾਦ: ਬੂਟਾ ਸਿੰਘ ਨਵਾਂਸ਼ਹਿਰ

# ਬਸਤਰ : ਲੋਕ ਯੁੱਧ ਨੂੰ ਕੁਚਲਣ ਲਈ ਮਿਸ਼ਨ 2016

*[ ਅਰੁਣ ਫਰੇਰਾ ਅਤੇ ਵਰਨੋਨ ਗੌਂਸਾਲਵੇਜ਼ ਮੁੰਬਈ ਤੋਂ ਲੋਕਹਿਤੈਸ਼ੀ ਸਿਆਸੀ ਕਾਰਕੁਨ ਹਨ ਜਿਨ੍ਹਾਂ ਨੂੰ ਮਾਓਵਾਦੀ ਲਹਿਰ ਦੇ ਹਮਾਇਤੀ ਹੋਣ ਕਾਰਨ ਫਰਜ਼ੀ ਮਾਮਲਿਆਂ ਵਿਚ ਕਈ-ਕਈ ਸਾਲ ਜੇਲ੍ਹਾਂ ਵਿਚ ਸਾੜਿਆ ਗਿਆ। ਅਰੁਨ ਫਰੇਰਾ ਨੇ ਆਪਣੇ ਜੇਲ੍ਹ ਅਨੁਭਵਾਂ ਨੂੰ ਕਲਮਬੰਦ ਕਰਦਿਆਂ 'ਕਲਰਜ਼ ਆਫ ਦ ਕੇਜ਼' ਨਾਂ ਦੀ ਮਸ਼ਹੂਰ ਕਿਤਾਬ ਵੀ ਲਿਖੀ ਹੈ। ]*

ਹਾਲੀਆ ਰਿਪੋਰਟਾਂ ਅਨੁਸਾਰ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਅਤੇ ਸਪੈਸ਼ਲ ਸੁਰੱਖਿਆ ਸਲਾਹਕਾਰ (ਅੰਦਰੂਨੀ ਸੁਰੱਖਿਆ) ਕੇ. ਵਿਜੇ ਕੁਮਾਰ ਦੀ ਛੱਤੀਸਗੜ੍ਹ ਫੇਰੀ ਤੋਂ ਬਾਦ ਅਕਤੂਬਰ 2015 'ਚ ਜੋ ਮਿਸ਼ਨ-2016 ਲਿਆ ਗਿਆ ਉਸ ਵਿਚ ਤੈਅ ਕੀਤਾ ਗਿਆ ਹੈ ਕਿ ਇਸ ਸਾਲ ਦੇ ਅੰਦਰ ਬਸਤਰ ਵਿਚੋਂ ਮਾਓਵਾਦੀਆਂ ਦਾ ਸਫ਼ਾਇਆ ਕਰਨ ਦਾ ਟੀਚਾ ਪੂਰਾ ਕਰ ਲਿਆ ਜਾਵੇਗਾ।

ਮਈ 2016 'ਚ ਸੁਰੱਖਿਆ ਤਾਕਤਾਂ ਵਲੋਂ ਕੀਤੇ ਐਲਾਨ ਅਨੁਸਾਰ ਉਨ੍ਹਾਂ ਨੂੰ ਉਮੀਦ ਹੈ ਕਿ "ਮਾਨਸੂਨ ਰੁੱਤ ਦੇ ਆਉਣ ਤੋਂ ਪਹਿਲਾਂ-ਪਹਿਲਾਂ ਬਸਤਰ ਖੇਤਰ ਵਿੱਚੋਂ ਮਾਓਵਾਦੀਆਂ ਦਾ ਸਫ਼ਾਇਆ ਕਰ ਦਿੱਤਾ ਜਾਵੇਗਾ," ਇਸ ਖ਼ਾਤਰ ਪੁਲਿਸ ਅਤੇ ਨੀਮ-ਫ਼ੌਜਾਂ ਦਲਾਂ ਵਲੋਂ ਕੀਤੇ ਜਾ ਰਹੇ ਵਿਆਪਕ ਕਾਮੁਕ ਹਮਲਿਆਂ ਤੋਂ ਲੈਕੇ ਧਰਾਤਲ ਦੀ ਰੀਅਲ ਟਾਈਮ ਫੋਟੋਗ੍ਰਾਫੀ ਲਈ ਹਿੰਦੁਸਤਾਨੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਪੁਲਾੜ ਸੈਟੇਲਾਈਟ ਯੰਤਰ ਵਰਤੋਂ 'ਚ ਲਿਆਉਣ ਤਕ ਕਈ ਤਰ੍ਹਾਂ ਦੀ ਫ਼ੌਜੀ ਵਿਉਂਤਬੰਦੀ ਇਸਤੇਮਾਲ ਕੀਤੀ ਜਾ ਰਹੀ ਹੈ।

ਐਸੀਆਂ ਉਮੀਦਾਂ ਪਹਿਲਾਂ ਵੀ ਕੀਤੀਆਂ ਜਾਂਦੀਆਂ ਰਹੀਆਂ ਹਨ। 2008 ਦੇ ਅਖ਼ੀਰ 'ਚ ਗ੍ਰਹਿ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਦ, ਕਾਂਗਰਸ ਦੇ ਆਗੂ ਪੀ. ਚਿਦੰਬਰਮ ਨੇ ਆਪਣੀ "ਇਲਾਕਾ ਖਾਲੀ ਕਰਨ-ਕਬਜੇ ਵਿਚ ਲੈਣ-ਉਸਾਰੀ ਕਰਨ" ਦੀ ਨੀਤੀ ਦੀ ਕਾਮਯਾਬੀ ਨੂੰ ਲੈਕੇ ਭਵਿੱਖਬਾਣੀ ਕੀਤੀ ਸੀ ਕਿ ਤਿੰਨ ਸਾਲ ਤਕ ਉਨ੍ਹਾਂ ਕਾਰਪੋਰੇਸ਼ਨਾਂ ਲਈ ਰਾਹ ਪੱਧਰਾ ਕਰ ਦਿੱਤਾ ਜਾਵੇਗਾ ਜਿਨ੍ਹਾਂ ਨੇ ਨਕਸਲੀ ਕੰਟਰੋਲ ਵਾਲੇ ਇਲਾਕਿਆਂ ਦੇ ਜੰਗਲਾਂ ਵਿਚਲੀ ਖਣਿਜ ਦੌਲਤ ਲੁੱਟਣ ਲਈ ਇਕਰਾਰਨਾਮੇ ਕੀਤੇ ਹੋਏ ਹਨ।

ਫਿਰ, ਜੁਲਾਈ 2010 'ਚ ਉਸਨੇ ਤਿੰਨ ਸਾਲ ਦਾ ਨਵਾਂ ਨਿਸ਼ਾਨਾ ਮਿੱਥਿਆ। 2014 'ਚ, ਨਵਾਂ ਗ੍ਰਹਿ ਮੰਤਰੀ ਰਾਜਨਾਥ ਸਿੰਘ ਰਤਾ ਕੁ ਵੱਖਰੇ ਨਾਂ ਤਹਿਤ-ਇਲਾਕਾ ਖਾਲੀ ਕਰਨ-ਕਬਜੇ ਵਿਚ ਲੈਣ-ਵਿਕਾਸ ਕਰਨ-ਉਹੀ ਨੀਤੀ ਅਮਲ ਵਿਚ ਲਿਆ ਰਿਹਾ ਸੀ। ਉਸਨੇ ਵੀ ਛੇਤੀ-ਛੇਤੀ ਨਤੀਜੇ ਦਿਖਾਉਣ ਦਾ ਵਾਅਦਾ ਕੀਤਾ, ਪਰ 2015-16 ਦੀਆਂ ਰਿਪੋਰਟਾਂ ਨੇ ਉਸ ਨੂੰ ਸਹੀ ਸਾਬਤ ਨਹੀਂ ਕੀਤਾ। ਉਮੀਦ ਕੀਤੀ ਜਾ ਸਕਦੀ ਹੈ ਕਿ ਮਿਸ਼ਨ 2016 ਵੀ ਸਿਰੇ ਨਹੀਂ ਲੱਗੇਗਾ।

ਚਸ਼ਮਦੀਦ ਗਵਾਹਾਂ ਤੋਂ ਬਗ਼ੈਰ ਵਹਿਸ਼ੀ ਜੰਗ : ਪਰ, ਇਹ ਦੋਸ਼ ਨਹੀਂ ਲਾਇਆ ਜਾ ਸਕਦਾ ਕਿ ਕਾਮਯਾਬੀ ਇਸ ਕਰਕੇ ਨਹੀਂ ਮਿਲੀ ਕਿ ਯਤਨ ਨਹੀਂ ਗਏ। ਹਕੂਮਤ ਦੇ ਬਿਹਤਰੀਨ ਫ਼ੌਜੀ ਅਤੇ ਸੁਰੱਖਿਆ ਨਾਲ ਬਾਵਸਤਾ ਦਿਮਾਗ ਲਗਾਤਾਰ ਇਸ ਕੰਮ ਵਿਚ ਜੁੱਟੇ ਹੋਏ ਹਨ। ਇਕ ਤੋਂ ਬਾਦ ਇਕ ਕੇਂਦਰ ਸਰਕਾਰਾਂ ਨੇ ਜੰਗੀ ਬਜਟ ਨੂੰ ਬੇਤਹਾਸ਼ਾ ਜ਼ਰਬਾਂ ਦੇ ਕੇ ਹਥਿਆਰਬੰਦ ਤਾਕਤਾਂ ਦੀ ਤਾਦਾਦ ਅਤੇ ਉਨ੍ਹਾਂ ਦੇ ਹਥਿਆਰਾਂ ਦੀ ਗੁਣਵੱਤਾ ਹੈਰਾਨੀਜਨਕ ਤੌਰ 'ਤੇ ਵਧਾ ਲਈ ਹੈ।

ਕਾਨੂੰਨ ਦੇ ਰਾਜ ਦੀ ਉਲੰਘਣਾ ਕਰਨ ਦੇ ਲੰਮੇ ਇਤਿਹਾਸ ਵਾਲੇ ਐੱਸ.ਆਰ.ਪੀ. ਕਲੂਰੀ ਵਰਗੇ ਅਫ਼ਸਰਾਂ ਨੂੰ ਇਸ ਜੰਗ ਦੀ ਅਗਵਾਈ ਲਈ ਚੁਣਿਆ ਗਿਆ ਹੈ। ਸਮੂਹਕ ਜਬਰ-ਜਨਾਹ, ਵਸੀਹ ਪੈਮਾਨੇ 'ਤੇ ਫਰਜ਼ੀ ਮੁਕਾਬਲੇ ਅਤੇ ਜਨਤਕ ਪੈਮਾਨੇ 'ਤੇ ਨਕਲੀ "ਆਤਮ-ਸਮਰਪਣ" ਵਰਗੇ ਬੇਥਾਹ ਜ਼ੁਲਮ ਆਮ ਗੱਲ ਬਣ ਚੁੱਕੇ ਹਨ। ਇਹ ਯਕੀਨੀ ਬਣਾਉਣ ਲਈ ਕਿ "ਯੁੱਧ ਦਾ ਚਸ਼ਮਦੀਦ ਗਵਾਹ ਨਾ ਹੋਵੇ" ਪੱਤਰਕਾਰਾਂ, ਵਕੀਲਾਂ ਅਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਉੱਥੋਂ ਜਬਰੀ ਕੱਢ ਦਿੱਤਾ ਗਿਆ ਹੈ।

ਹਵਾਈ ਫ਼ੌਜ ਅਤੇ ਪੁਲਾੜ ਯੰਤਰਾਂ ਦਾ ਇਸਤੇਮਾਲ

ਬੇਤਹਾਸ਼ਾ ਇਕਤਰਫ਼ਾਪਣ ਦੇ ਬਾਵਜੂਦ, ਹਕੂਮਤ ਨੂੰ ਉਸ ਤਰ੍ਹਾਂ ਦੇ ਨਤੀਜੇ ਨਹੀਂ ਮਿਲ ਰਹੇ ਜੋ ਇਹ ਯੁੱਧ ਵਿਚ ਜ਼ਮੀਨੀ ਪੱਧਰ 'ਤੇ ਹਾਸਲ ਕਰਨਾ ਚਾਹੁੰਦੀ ਹੈ। ਮੋੜਵੇਂ ਤੌਰ 'ਤੇ, ਇਸਨੇ ਅਕਸਰ ਹੀ ਯੋਜਨਾ ਘਾੜਿਆਂ ਨੂੰ ਐਸੇ ਹੱਲ ਲੱਭਣ ਲਈ ਉਕਸਾਇਆ ਹੈ ਜਿਨ੍ਹਾਂ ਵਿਚ ਹਵਾਈ ਫ਼ੌਜ ਦੀ ਅਤੇ ਹੋਰ ਤਕਨਾਲੋਜੀ ਦੇ ਮੁਕੰਮਲ ਕੰਟਰੋਲ ਉੱਪਰ ਟੇਕ ਰੱਖੀ ਜਾਵੇਗੀ ਅਤੇ ਜਿਨ੍ਹਾਂ ਨੂੰ ਦੂਰੋਂ ਚਲਾਇਆ ਜਾ ਸਕਦਾ ਹੈ।

2010 'ਚ ਹੀ ਬਿਨਾ ਚਾਲਕ ਹਵਾਈ ਵਾਹਨ (ਯੂ.ਏ.ਵੀ.) ਵਰਤਣੇ ਸ਼ੁਰੂ ਕਰ ਦਿੱਤੇ ਗਏ ਸਨ। ਇਹ ਹਮੇਸ਼ਾ ਵਿਚਾਰਿਆ ਜਾਂਦਾ ਰਿਹਾ ਹੈ ਕਿ ਇੰਡੀਅਨ ਏਅਰ ਫੋਰਸ (ਆਈ.ਏ.ਐਫ.) ਵਲੋਂ ਬਹੁਤ ਹੀ ਨੀਵੀਂਆਂ ਉਡਾਣਾਂ ਭਰਕੇ ਗੋਲਾਬਾਰੀ ਅਤੇ ਬੰਬਾਂ ਨਾਲ ਹਮਲੇ ਕੀਤੇ ਜਾਣ। ਹੁਣ ਆਈ.ਏ.ਐਫ. ਕੋਲ ਹਵਾਈ ਕਮਾਂਡੋ ਕਮਾਨ ਹੇਠ ਇਥੇ ਇਕ ਐਸੀ ਸਮਰਪਿਤ ਐਂਟੀ ਨਕਸਲ ਟਾਸਕ ਫੋਰਸ ਹੈ ਜਿਸ ਵਲੋਂ ਅਕਤੂਬਰ 2015 ਵਿਚ ਬੀਜਾਪੁਰ ਵਿਚ ਅਤੇ ਅਪ੍ਰੈਲ 2016 'ਚ ਸੁਕਮਾ ਵਿਚ ਐਸੇ ਹਮਲਿਆਂ ਦੀ ਮੁਹਿੰਮ ਚਲਾਈ ਗਈ ਹੈ।

ਮਈ 2016 ਵਿਚ ਰਿਪੋਰਟਾਂ ਆਈਆਂ ਹਨ ਕਿ ਬਸਤਰ ਵਿਚ ਯੁੱਧ ਲਈ ਹਿੰਦੁਸਤਾਨੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਪੁਲਾੜ ਸੈਟੇਲਾਈਟ ਇਸਤੇਮਾਲ ਕੀਤੇ ਜਾ ਰਹੇ ਹਨ।

ਹਵਾਈ ਤਾਕਤ ਦਾ ਇਸਤੇਮਾਲ, ਜਿਸਦਾ ਭਾਵ ਹੁੰਦਾ ਹੈ ਬੇਤਹਾਸ਼ਾ ਤਬਾਹੀ, ਮਨੁੱਖੀ ਜ਼ਿੰਦਗੀ ਲਈ ਆਫ਼ਤ ਅਤੇ ਜਾਨੀ ਨੁਕਸਾਨ ਇਕ ਸਰਕਾਰ ਵਲੋਂ ਆਪਣੀਆਂ ਸਰਹੱਦਾਂ ਦੇ ਅੰਦਰ ਲੋਕਾਂ ਦੇ ਖ਼ਿਲਾਫ਼ ਵਿਰਲੇ-ਟਾਂਵੇਂ ਰੂਪ 'ਚ ਹੀ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਇਹ ਆਪਣੇ ਕਹਿੰਦੀ ਹੈ। ਹੁਣ 50 ਸਾਲ ਤੋਂ ਉੱਪਰ ਹੋ ਗਏ ਹਨ ਜਦੋਂ ਮਾਰਚ 1966 'ਚ ਆਈ.ਏ.ਐਫ. ਵਲੋਂ ਮਿਜ਼ੋਰਮ ਵਿਚ ਐਜ਼ਾਵਲ ਉੱਪਰ ਹਵਾਈ ਬੰਬਾਰੀ ਕੀਤੀ ਗਈ ਸੀ।

ਪਰ ਲਗਦਾ ਹੈ ਕੇਂਦਰ ਸਰਕਾਰ ਬਸਤਰ ਵਿਚ ਇਹੀ ਇਤਿਹਾਸ ਦੁਹਰਾਉਣ ਦੇ ਆਪਣੇ ਫ਼ੈਸਲੇ ਉੱਪਰ ਬਜ਼ਿੱਦ ਹੈ।

ਆਰਥਕ ਅਤੇ ਸਿਆਸੀ ਖਾਈ : ਇਹ ਫ਼ੈਸਲਾ ਸ਼ਾਇਦ ਉਸ ਆਰਥਕ ਹਿੱਤ ਅਤੇ ਸਿਆਸੀ ਪੈਂਤੜੇ ਦੇ ਵਿਰੋਧ ਦੀ ਮਿਸਾਲ ਹੈ ਜੋ ਦਿੱਲੀ ਨੂੰ ਬਸਤਰ ਤੋਂ ਵਖਰਿਆਉਂਦੀ ਹੈ। ਜ਼ਾਹਰਾ ਤੌਰ 'ਤੇ ਦਿੱਲੀ ਉਸ ਜਮਾਤ ਪ੍ਰਤੀ ਆਪਣੀ ਵਚਨਬੱਧਤਾ ਲਈ ਕੁਝ ਵੀ ਕਰ ਗੁਜ਼ਰਨ ਲਈ ਤਿਆਰ ਹੈ ਜੋ ਚਾਹੁੰਦੀ ਹੈ ਕਿ ਉਨ੍ਹਾਂ ਆਦਿਵਾਸੀਆਂ ਤੋਂ ਜੰਗਲ ਖਾਲੀ ਕਰਾਏ ਜਾਣ ਜੋ ਕਾਰਪੋਰੇਟ ਸੁਪਰ ਮੁਨਾਫ਼ਿਆਂ ਵਿਚ ਅੜਿੱਕਾ ਬਣਦੇ ਹਨ।

ਜ਼ਾਹਰਾ ਤੌਰ 'ਤੇ ਦਾਂਤੇਵਾੜਾ ਕੋਲ ਆਪਣੀ ਹੋਂਦ ਬਚਾਉਣ ਖ਼ਾਤਰ ਅਤੇ ਸਫ਼ਾਏ ਦੇ ਖ਼ਿਲਾਫ਼ ਲੜਨ ਤੋਂ ਬਿਨਾ ਹੋਰ ਕੋਈ ਚੋਣ ਨਹੀਂ ਹੈ। ਹੋਰ ਵੀ ਅਹਿਮ ਗੱਲ ਇਹ ਹੈ, ਦਿੱਲੀ ਦਰਬਾਰ ਆਪਣੀ ਤਾਕਤ ਨੂੰ ਉਸ ਬਦਲ ਵਲੋਂ ਦਿੱਤੀ ਜਾ ਰਹੀ ਚੁਣੌਤੀ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਜਿਸਦੀ ਨੁਮਾਇੰਦਗੀ ਦਾਂਤੇਵਾੜਾ ਕਰਦਾ ਹੈ।

ਇਸਤੇਮਾਲ ਵਿਚ ਲਿਆਉਣ ਵਾਲਿਆਂ ਨੂੰ ਲੱਗ ਸਕਦਾ ਹੈ ਕਿ ਹਵਾਈ ਤਾਕਤ ਅਤੇ ਹੋਰ ਆਧੁਨਿਕ ਤਕਨਾਲੋਜੀਆਂ ਬਹੁਤ ਕਾਰਜਕੁਸ਼ਲ ਹਨ, ਪਰ ਇਨ੍ਹਾਂ ਨੇ ਸ਼ਾਇਦ ਹੀ ਕਦੇ ਉਹ ਹੱਲ ਕੱਢੇ ਹੋਣ ਜਿਨ੍ਹਾਂ ਦੀ ਇਨ੍ਹਾਂ ਤੋਂ ਤਵੱਕੋ ਕੀਤੀ ਜਾਂਦੀ ਹੈ। ਦਿੱਲੀ ਨੇ ਜੋ ਉਮੀਦ ਕੀਤੀ ਸੀ ਐਜ਼ਾਵਲ ਉੱਪਰ ਬੰਬਾਰੀ ਮਿਜ਼ੋ ਲੋਕਾਂ ਦੇ ਟਾਕਰੇ ਨੂੰ ਕੁਚਲਣ ਵਿਚ ਕਾਮਯਾਬ ਨਹੀਂ ਹੋਈ।

ਵੀਹ ਸਾਲ ਛਾਪਾਮਾਰ ਯੁੱਧ ਓਦੋਂ ਤਕ ਚਲਦਾ ਰਿਹਾ ਜਦੋਂ ਤਕ 1986 'ਚ ਇਕ ਸਿਆਸੀ ਸਮਝੌਤਾ ਨਹੀਂ ਹੋ ਗਿਆ।

ਹਵਾਈ ਯੁੱਧ ਬਨਾਮ ਲੋਕ-ਯੁੱਧ : ਕੌਮਾਂਤਰੀ ਤਜ਼ਰਬਾ ਤਾਂ ਹੋਰ ਵੀ ਸਬਕਪੂਰਨ ਹੈ। ਅਮਰੀਕਾ, ਜਿਸ ਕੋਲ ਧਰਤੀ ਉਪਰਲੀਆਂ ਸਭ ਤੋਂ ਤਾਕਤਵਰ ਤਕਨਾਲੋਜੀ ਹਨ, ਆਪਣੇ ਵਿਰੋਧੀਆਂ ਦੀਆਂ ਫ਼ੌਜਾਂ ਅਤੇ ਹਵਾਈ ਫ਼ੌਜਾਂ ਵਿਰੁੱਧ ਜ਼ਿਆਦਾਤਰ ਹਵਾਈ ਯੁੱਧਾਂ ਵਿਚ ਕਾਮਯਾਬ ਜ਼ਰੂਰ ਰਿਹਾ ਹੈ, ਪਰ ਜਦੋਂ ਇਸਦਾ ਮੱਥਾ ਆਮ ਲੋਕਾਂ ਦੇ ਟਾਕਰੇ ਨਾਲ ਲੱਗਿਆ ਤਾਂ ਜ਼ਮੀਨੀ ਪੱਧਰ 'ਤੇ ਇਹ ਇਕਦਮ ਨਾਕਾਮ ਰਿਹਾ।

ਇਰਾਕ ਤੇ ਅਫ਼ਗਾਨਿਸਤਾਨ ਇਸ ਦੀਆਂ ਤਾਜ਼ਾ ਮਿਸਾਲਾਂ ਹਨ। ਵੀਅਤਨਾਮ ਵਰਗੀ ਥਾਂ ਉੱਪਰ ਉਨ੍ਹਾਂ ਦੀਆਂ ਤਕਨਾਲੋਜੀ ਨੂੰ ਧੜਵੈਲ ਨਾਕਾਮੀ ਦਾ ਮੂੰਹ ਦੇਖਣਾ ਪਿਆ ਜਿਥੇ ਉਨ੍ਹਾਂ ਦਾ ਮੱਥਾ ਲੋਕ-ਯੁੱਧ ਲੜ ਰਹੀ ਲੋਕ ਫ਼ੌਜ ਨਾਲ ਲੱਗਿਆ ਸੀ।

ਬਸਤਰ ਵਿਚ ਹਕੂਮਤ ਨੂੰ ਜਿਸ ਲੋਕ-ਮੁਕਤੀ ਛਾਪਾਮਾਰ ਫ਼ੌਜ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਹ ਵੀ ਲੋਕ-ਯੁੱਧ ਦੇ ਉੱਚਕੋਟੀ ਦੇ ਅਸੂਲਾਂ ਅਨੁਸਾਰ ਕੰਮ ਕਰ ਰਹੀ ਹੈ। ਭਾਵੇਂ ਉਸਦਾ ਅਜੇ ਚੀਨ ਅਤੇ ਵੀਅਤਨਾਮ ਦੀਆਂ ਲੋਕ-ਮੁਕਤੀ ਫ਼ੌਜਾਂ ਨਾਲ ਕੋਈ ਮੁਕਾਬਲਾ ਨਹੀਂ, ਫਿਰ ਵੀ ਪੀ.ਐੱਲ.ਜੀ.ਏ. ਨੇ ਬਸਤਰ ਵਿਚ 1980 ਤੋਂ ਲੈਕੇ ਵਾਰ-ਵਾਰ ਹਕੂਮਤੀ ਹਮਲਿਆਂ ਦੌਰਾਨ ਡੱਟੇ ਰਹਿਣ ਅਤੇ ਵਧਣ-ਫੁੱਲਣ ਦੇ ਪੱਖੋਂ ਵਾਹਵਾ ਦ੍ਰਿੜਤਾ ਦਿਖਾਈ ਹੈ।

ਬਸਤਰ ਵਿਚ ਇਸਦੀਆਂ ਤਾਕਤਾਂ ਤਕਰੀਬਨ ਪੂਰੀ ਤਰ੍ਹਾਂ ਮੁਕਾਮੀ ਆਦਿਵਾਸੀ ਵਸੋਂ ਨੂੰ ਲੈਕੇ ਬਣਾਈਆਂ ਗਈਆਂ ਹਨ ਅਤੇ ਇਸ ਦੀ ਪੂਰੀ ਟੇਕ ਲੋਕਾਂ ਉੱਪਰ ਹੈ।

ਫਿਰ ਵੀ, ਸੀਮਤ ਤਕਨਾਲੋਜੀ ਨਾਲ ਲੈਸ ਇਸ ਤਾਕਤ ਤੋਂ ਬਹੁਤੀ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਇਹ ਹਵਾਈ ਫ਼ੌਜ ਦੀ ਬੰਬਾਰੀ, ਡਰੋਨਾਂ ਅਤੇ ਇਸਰੋ ਸੈਟੇਲਾਈਟਾਂ ਨਾਲ ਜ਼ਿਆਦਾ ਭਿੜ ਸਕੇਗੀ। ਨੀਵੀਂਆਂ ਹਵਾਈ ਉਡਾਣਾਂ ਨਾਲ ਗੋਲਾਬਾਰੀ ਅਤੇ ਬੰਬਾਰੀ ਸ਼ੁਰੂ ਹੋ ਜਾਣ ਦੀ ਸੂਰਤ 'ਚ ਇਸਦੀ ਯੋਗਤਾ-ਸਮਰੱਥਾ (capability) ਸਵਾਲਾਂ ਦੇ ਘੇਰੇ ਵਿਚ ਹੈ। ਇਨ੍ਹਾਂ ਹਮਲਿਆਂ ਨਾਲ ਜਿਸ ਕਦਰ ਤਬਾਹੀ ਅਤੇ ਮਨੁੱਖੀ ਜ਼ਿੰਦਗੀ ਲਈ ਆਫ਼ਤ ਆਵੇਗੀ ਉਸ ਦੀ ਮਹਿਜ਼ ਕਲਪਨਾ ਹੀ ਕੀਤੀ ਜਾ ਸਕਦੀ ਹੈ।

ਪਰ ਕੀ ਇਸਦਾ ਭਾਵ ਸਰਕਾਰ ਦੀ ਜਿੱਤ ਹੋਵੇਗਾ? ਐਸੇ ਯੁੱਧਾਂ ਦਾ ਇਤਿਹਾਸ ਕੁਝ ਹੋਰ ਵੀ ਦੱਸਦਾ ਹੈ। ਐਸੇ ਜਬਰ-ਜ਼ੁਲਮ ਵਿੱਚੋਂ ਹਮੇਸ਼ਾ ਲੰਮੇ ਦਾਅ ਦਾ ਟਾਕਰਾ ਜਨਮ ਲੈਂਦਾ ਹੈ।

ਅਤੇ ਜੇ ਫਿਰ ਪੀ.ਐੱਲ.ਜੀ.ਏ. ਆਪਣੀਆਂ ਤਾਕਤਾਂ ਨੂੰ ਉਨ੍ਹਾਂ ਇਲਾਕਿਆਂ ਵਿਚ ਖਿੰਡਾਉਣ ਦਾ ਟਕਸਾਲੀ ਛਾਪਾਮਾਰ ਦਾਅਪੇਚ ਅਖ਼ਤਿਆਰ ਕਰ ਲੈਂਦੀ ਹੈ ਜਿਨ੍ਹਾਂ ਨੂੰ ਕਾਰਪੋਰੇਟ-ਚਾਲਕ "ਵਿਕਾਸ" ਦੀਆਂ ਨੀਤੀਆਂ ਦੀ ਮਾਰ ਝੱਲਣੀ ਪੈ ਰਹੀ ਹੈ, ਤਾਂ ਇਸ ਟੱਕਰ ਦਾ ਫੈਲਾਅ ਸੰਭਵ ਹੋ ਜਾਵੇਗਾ।

ਹਕੂਮਤ ਨੂੰ ਫਿਰ ਹਿਸਾਬ ਦੇ ਉਸ ਸਵਾਲ ਦਾ ਸਾਹਮਣਾ ਕਰਨਾ ਪਵੇਗਾ ਜੋ ਇਕ ਵਾਰ ਅਰੁੰਧਤੀ ਰਾਏ ਨੇ ਪੁੱਛਿਆ ਸੀ: "ਕਰੋੜਾਂ ਲੋਕਾਂ ਦੇ ਪ੍ਰਚੰਡ ਹੋ ਰਹੇ ਰੋਹ ਨੂੰ ਕਾਬੂ ਕਰਨ ਲਈ ਕਿੰਨੇ ਫ਼ੌਜੀਆਂ ਦੀ ਲੋੜ ਹੋਵੇਗੀ?"

## ਲਹਿਰਾਂ ਬਣ ਉੱਠੋ ਭੁੱਖਾਂ ਦੇ ਲਤਾੜਿਓ
## ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ








(ਕਿਸਾਨਾਂ ,ਖੇਤ ਮਜਦੂਰਾਂ ਦੇ ਨਾਲ ਹੀ ਲੁਧਿਆਣੇ ਦੇ ਸਨਅਤੀ ਮਜਦੂਰ ਵੀ ਸੰਘਰਸ਼ ਦੇ ਰਾਹ ਪਏ ਹੋਏ ਹਨ। ਜਿਹੜੇ ਅੱਤ ਦੀਆਂ ਭਿਅੰਕਰ ਕੰਮ ਹਾਲਤਾਂ ਚ ਬਹੁਤ ਹੀ ਨਿਗੂਣੀਆਂ ਉਜਰਤਾਂ ਤੇ 12-12,14-14 ਘੰਟੇ ਕੰਮ ਕਰਨ ਲਈ ਮਜਬੂਰ ਹਨ। ਮੁੱਖ ਤੌਰ ਤੇ ਪ੍ਰਵਾਸੀ ਭਾਈਚਾਰੇ ਨਾਲ ਸਬੰਧਿਤ ਇਹਨਾ ਲੁੱਟ ਪੁੱਟੇ ਜਾ ਰਹੇ ਕਿਰਤੀਆਂ ਨੇ ਪਿਛਲੇ ਤੇਰਾਂ ਦਿਨਾਂ ਤੋਂ ਸੰਘਰਸ਼ ਦੀ ਪਿੜ ਮੱਲੇ ਹੋਏ ਹਨ। ਉਹਨਾਂ ਦੀ ਅਗਵਾਈ ਕਰ ਰਹੀ ਜਥੇਬੰਦੀ ਵੱਲੋਂ ਭੇਜਿਆ ਸੁਨੇਹਾ ਤੁਹਾਡੇ ਨਾਲ ਸਾਂਝਾ ਕਰ ਰਹੇ ਹਾਂ)

ਟੈਕਸਟਾਈਲ-ਹੌਜ਼ਰੀ ਕਾਮਗਾਰ ਯੂਨੀਅਨ ਦੀ ਅਗਵਾਈ ਵਿ..ਚ ਜਨਤਾ ਟੈਕਸਟਾਈਲ, ਆਰ.ਐਨ. ਟੈਕਸਟਾਈਲ (ਦੋਨੋਂ ਵਿਜੇ ਨਗਰ, ਨਜ਼ਦੀਕ ਚੀਮਾ ਚੌਂਕ, ਲੁਧਿਆਣਾ) ਅਤੇ ਜਨਤਾ ਉਦਯੋਗ (ਫੇਸ-4, ਫੋਕਲ ਪੁਆਂਇੰਟ, ਲੁਧਿਆਣਾ) ਦੇ ਮਜ਼ਦੂਰਾਂ ਦਾ ਹੱਕੀ ਘੋਲ਼ ਪਿਛਲੇ 13 ਦਿਨਾਂ ਤੋਂ ਜਾਰੀ ਹੈ। ਮਾਲਕ ਵੱਲੋਂ ਕਿਰਤ ਕਨੂੰਨ ਲਾਗੂ ਕਰਨ ਤੋਂ ਜਵਾਬ ਦੇਣ ਤੋਂ ਬਾਅਦ ਮਜ਼ਦੂਰ ਤਨਖਾਹ ਵਾਧੇ, ਈ.ਐਸ.ਆਈ., ਈ.ਪੀ.ਐਫ., ਬੋਨਸ ਆਦਿ ਹੱਕਾਂ ਲਈ ਲਗਾਤਾਰ ਸੜਕਾਂ 'ਤੇ ਹਨ। ਮਾਲਕਾਂ ਨੇ ਮਜ਼ਦੂਰਾਂ ਦੇ ਕੀਤੇ ਕੰਮ ਦੇ ਪੈਸੇ ਵੀ ਨਹੀਂ ਦਿੱਤੇ, ਉਹਨਾਂ ਦਾ ਬੋਨਸ ਤੇ ਛੁੱਟੀਆਂ ਦਾ ਪੈਸਾ ਵੀ ਬਕਾਇਆ ਹੈ। ਮਜ਼ਦੂਰਾਂ ਪਿਛਲੇ ਦੋ ਹਫਤਿਆਂ ਤੋਂ ਆਪਣੇ ਹੱਕਾਂ ਲਈ ਅਵਾਜ਼ ਬੁਲੰਦ ਕਰ ਰਹੇ ਹਨ। ਕਿਰਤ ਵਿਭਾਗ ਨੂੰ ਵੀ ਮਾਲਕਾਂ ਦੀ ਸ਼ਿਕਾਇਤ ਕੀਤੀ ਗਈ ਹੈ। ਪਰ ਕਿਰਤ ਵਿਭਾਗ ਤੇ ਲੁਧਿਆਣਾ ਪ੍ਰਸ਼ਾਸਨ ਮਾਲਕਾਂ ਮੁਕੇਸ਼ ਤੇ ਸੌਰਭ ਖਿਲਾਫ਼ ਕਾਰਵਾਈ ਨਹੀਂ ਕਰ ਰਿਹਾ ਹੈ। ਮਜ਼ਦੂਰਾਂ ਨੇ ਇਹ ਵੀ ਦੋਸ਼ ਲਾਇਆ ਕਿ ਮਾਲਕ ਸਾਰੇ ਮਜ਼ਦੂਰਾਂ ਨੂੰ ਕੰਮ 'ਤੇ ਵਾਪਿਸ ਲੈਣ ਅਤੇ ਹੋਰ ਮੰਗਾਂ ਮੰਨਣ ਨੂੰ ਰਾਜੀ ਹੋ ਗਿਆ ਸੀ ਪਰ ਟੈਕਸਟਾਈਲ ਮਾਲਕਾਂ ਦੀ ਇੱਕ ਜੱਥੇਬੰਦੀ ਦੇ ਪ੍ਰਧਾਨ ਸ਼ਕਤੀ ਜੱਗੀ ਨੇ ਮਾਲਕਾਂ 'ਤੇ ਦਬਾਅ ਪਾ ਕੇ ਸਮਝੌਤਾ ਹੋਣ ਤੋਂ ਰੋਕ ਦਿੱਤਾ ਹੈ। ਲੁਧਿਆਣੇ ਦੇ ਮਾਲਕਾਂ ਦਾ ਭ੍ਰਿਸ਼ਟ ਗਠਜੋੜ ਮਜ਼ਦੂਰਾਂ ਦੇ ਹੱਕਾਂ ਦਾ ਘਾਣ ਕਰ ਰਿਹਾ ਹੈ। ਪਰ ਸਰਕਾਰੀ ਪ੍ਰਬੰਧ ਮਜ਼ਦੂਰਾਂ ਦੇ ਹੱਕ ਦਵਾਉਣ ਦੀ ਥਾਂ ਮਾਲਕਾਂ ਦਾ ਪੱਖ ਪੂਰ ਰਿਹਾ ਹੈ।

ਲੁਧਿਆਣਾ ਹੀ ਨਹੀਂ ਸਗੋਂ ਸਮੁੱਚੇ ਦੇਸ਼ ਵਿੱਚ ਅੱਠ ਘੰਟੇ ਕੰਮ ਦਿਹਾੜੀ, ਘੱਟੋ-ਘੱਟ ਤਨਖਾਹ, ਹਾਜ਼ਰੀ, ਈ.ਐਸ.ਆਈ., ਈ.ਪੀ.ਐਫ., ਬੋਨਸ, ਹਾਦਸਿਆਂ ਤੋਂ ਸੁਰੱਖਿਆ ਦੇ ਪ੍ਰਬੰਧਾਂ, ਮੁਆਵਜੇ, ਰੁਜਗਾਰ ਦੀ ਗਰੰਟੀ ਆਦਿ ਕਿਰਤ ਕਨੂੰਨਾਂ ਦੀ ਵੱਡੇ ਪੱਧਰ ਤੇ ਉਲੰਘਣਾ ਹੋ ਰਹੀ ਹੈ। ਸਮੁੱਚਾ ਸਰਕਾਰੀ ਪ੍ਰਬੰਧ ਸਰਮਾਏਦਾਰਾਂ ਦਾ ਸਾਥ ਦੇ ਰਿਹਾ ਹੈ। ਸਰਕਾਰਾਂ ਕਿਰਤ ਕਨੂੰਨਾਂ ਵਿੱਚ ਸੋਧਾਂ ਕਰਕੇ ਮਜ਼ਦੂਰਾਂ ਦੇ ਕਨੂੰਨੀ ਕਿਰਤ ਹੱਕ ਖੋਹ ਰਹੀਆਂ ਹਨ। ਮੋਦੀ ਸਰਕਾਰ ਨੇ ਇਹ ਹਮਲਾ ਹੋਰ ਤੇਜ਼ ਕਰ ਦਿੱਤਾ ਹੈ। ਦੇਸ਼ ਦੇ ਕੋਨੇ-ਕੋਨੇ ਵਿੱਚ ਸਨਅਤੀ ਮਜਦੂਰ ਕਿਤੇ ਛੋਟੇ ਤੇ ਕਿਤੇ ਵੱਡੇ ਪੱਧਰ 'ਤੇ ਆਪਣੇ ਹੱਕਾਂ ਲਈ ਅਵਾਜ਼ ਉਠਾ ਰਹੇ ਹਨ। ਉਹਨਾਂ ਕਿਹਾ ਕਿ ਜਨਤਾ ਟੈਕਸਟਾਈਲ, ਆਰ.ਐਨ. ਟੈਕਸਟਾਈਲ ਤੇ ਜਨਤਾ ਉਦਯੋਗ ਦੇ ਮਜ਼ਦੂਰਾਂ ਦਾ ਘੋਲ਼ ਵੀ ਇਸ ਘੋਲ਼ ਦਾ ਅੰਗ ਹੈ।

ਟੈਕਸਟਾਈਲ ਹੌਜ਼ਰੀ ਕਾਮਗਾਰ ਯੂਨੀਅਨ ਨੇ ਸਭਨਾਂ ਇਨਸਾਫ਼ ਪਸੰਦ ਲੋਕਾਂ ਨੂੰ, ਮਜ਼ਦੂਰ, ਕਿਸਾਨ, ਨੌਜਵਾਨ, ਵਿਦਿਆਰਥੀ, ਮੁਲਾਜਮ ਜਮਹੂਰੀ ਜੱਥੇਬੰਦੀਆਂ ਨੂੰ ਮਜ਼ਦੂਰਾਂ ਦੀ ਸਰਗਰਮ ਹਿਮਾਇਤ ਲਈ ਅੱਗੇ ਆਉਣ ਦੀ ਅਪੀਲ ਕੀਤੀ ਹੈ।

# ਕਿਤਾਬਾਂ ਤੁਹਾਡੀਆਂ ਅਸਲੀ ਮਿੱਤਰ ਹਨ, ਇਨ੍ਹਾਂ ਨੂੰ ਖਰੀਦੋ ਤੇ ਪੜ੍ਹੋ ! ਪੁਸਤਕ ਪ੍ਰੇਮੀ ਸਭ ਤੋਂ ਵੱਧ ਅਮੀਰ ਤੇ ਸੁਖੀ ਹੁੰਦੇ ਹਨ: ਥੋਰੀਓ

| | | | |
|---|---|---|---|
| ਹੰਸ ਰਾਜ ਰਹਿਬਰ : | ਗਾਂਧੀ ਬੇਨਕਾਬ | ਅਨੁਵਾਦਕ : ਬਲਵੀਰ ਚੰਦ ਲੌਂਗੋਵਾਲ | |
| ” | ਨਹਿਰੂ ਬੇਨਕਾਬ | ” ਮਹਿੰਦਰ ਬੇਦੀ, ਜੈਤੋ | |
| ਲੈਫ.ਜਨ. ਕੇ. ਐਸ : | ਓਪਰੇਸ਼ਨ ਬਲੂ ਸਟਾਰ | | |
| ਬਰਾੜ : | ਅਸਲ ਕਹਾਣੀ | | |
| ਸਰਬਜੀਤ ਸਿੰਘ : | ਓਪਰੇਸ਼ਨ ਬਲੈਕ ਥੰਡਰ | ਪ੍ਰਕਾਸ਼ਕ ਸਿੰਘ ਬ੍ਰਦਰਜ਼ | |
| ਕਰਨੈਲ ਸਿੰਘ ਪਾਰਸ : | ਕਿੱਸਾ ਬਾਗੀ ਸੁਭਾਸ਼ | ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ | |
| ਰਾਮੂਵਾਲੀਆ | | | |
| ਗੁਰਬਖਸ਼ ਸਿੰਘ : | ਚੰਗੇਰੀ ਦੁਨੀਆਂ | | |
| ਬਲਦੇਵ ਸਿੰਘ ਸੜਕਨਾਮਾ: | ਗੰਧਲੇ ਪਾਣੀ | ਦੇਹ ਵਪਾਰ ਬਾਰੇ ਹਿਰਦੇਵਾਦਕ ਗਾਥਾ | |
| ਹਰਬੀਰ ਸਿੰਘ ਭੰਵਰ : | ਡਾਇਰੀ ਦੇ ਪੰਨੇ | ਦਰਬਾਰ ਸਾਹਿਬ ਤੋਂ ਫੌਜੀ ਹਮਲੇ ਬਾਰੇ। | |
| ਨਰਿੰਦਰ ਸਿੰਘ ਕਪੂਰ : | ਮਾਲਾ ਮਣਕੇ | | |

ਸੰਸਾਰ ਪ੍ਰਸਿਧ ਚਰਚਿਤ ਪੁਸਤਕਾਂ ਜੋ ਪੰਜਾਬੀ 'ਚ ਅਨੁਵਾਦਤ ਹਨ

| | | | |
|---|---|---|---|
| ਮੈਕਸਿਮ ਗੋਰਕੀ : | ਮਨੁੱਖ ਦਾ ਜਨਮ | ਪੰਜਾਬੀ ਬੁੱਕ ਸੈਂਟਰ | |
| | ਮੇਰਾ ਬਚਪਨ (ਨਾਵਲ) | ਦਸਤਕ ਪ੍ਰਕਾਸ਼ਨ ਲੁਧਿਆਣਾ | |
| | ਮੇਰੇ ਸ਼ਗਿਰਦੀ ਦੇ ਦਿਨ | ਨਵਯੁਗ ਪਬਲਿਸ਼ਰਜ ਦਿੱਲੀ | |
| | ਮੇਰੇ ਵਿਸ਼ਵ ਵਿਦਿਆਲੇ (ਨਾਵਲ) | ਦਸਤਕ ਪ੍ਰਕਾਸ਼ਨ ਲੁਧਿਆਣਾ | |
| | ਚੋਣਵੀਆਂ ਕਹਾਣੀਆਂ | ਪ੍ਰਗਤੀ ਪ੍ਰਕਾਸ਼ਨ ਮਾਸਕੋ | |
| ਨੈਓਮੀ ਕਲਾਈਨ : | ਸਦਮਾ ਮੱਤ | ਅਨੁਵਾਦ ਬੂਟਾ ਸਿੰਘ , ਬਾਬਾ ਬੂਝਾ ਸਿੰਘ ਪ੍ਰਕਾਸ਼ਨ ਨਵਾਂ ਸ਼ਹਿਰ | |
| ਜੌਹਨ ਪਰਕਿਨਜ਼ : | ਇੱਕ ਆਰਥਿਕ ਹਤਿਆਰੇ ਦਾ ਇਕਬਾਲੀਆ ਬਿਆਨ | ” | |
| ਮਾਇਆ ਰਾਮਨਾਥ : | ਸੁਪਨ ਸੰਸਾਰ ਦਾ ਹੱਜ | ” | |
| ਜਾਨ ਮਿਰਡਲ : | ਭਾਰਤ ਵਿੱਚ ਇਨਕਲਾਬ ਦੀ ਦਸਤਕ | ” | |
| ਅਰੁੰਧਤੀ ਰਾਏ : | ਜਮਹੂਰੀਅਤ ਕਟਹਿਰੇ ਵਿੱਚ | ” | |
| ਰਸੂਲ ਹਮਜ਼ਾਤੋਵ : | ਮੇਰਾ ਦਾਗਿਸਤਾਨ | ਪੰਜਾਬ ਬੁੱਕ ਸੈਂਟਰ | |
| ਬੋਰਿਸ ਪੋਲੇਵੋਈ : | ਅਸਲੀ ਇਨਸਾਨ ਦੀ ਕਹਾਣੀ | ” | |
| ਅਮਰਜੀਤ ਸੂਫ਼ੀ : | ਵੀਅਤਨਾਮ ਦਾ ਮਹਾਨ ਲੋਕ ਨਾਇਕ ਹੋਅ ਚੀ ਮਿੰਨ | ਪ੍ਰਕਾਸ਼ਕ ਪੀਪਲਜ਼ ਫੋਰਮ ਬਰਗਾੜੀ | |
| ਜਗਵਿੰਦਰ ਜੋਧਾ : | ਕ੍ਰਾਂਤੀਕਾਰ ਐਗਨਸ ਸਮੇਡਲੀ | ਪ੍ਰਕਾਸ਼ਨ ਪੰਜ ਆਬ ਜਲੰਧਰ | |
| ਹਰਭਜਨ ਸਿੰਘ ਹੁੰਦਲ | ਚੀ ਗਵੇਰਾ (ਸੰਖੇਪ ਜੀਵਨੀ) | | |
| ਆਈ ਲਵਰੇਤਸਕੀ : | ਅਰਨੈਸਟੋ ਚੀ ਗਵੇਰਾ | ਪੰਜਾਬ ਬੁੱਕ ਸੈਂਟਰ | |
| ਲਿਓ ਹਿਊਬਰਮੈਨ : | ਸਮਾਜਵਾਦ ਬਾਰੇ ਮੁੱਢਲਾ ਗਿਆਨ | ਪੰਜ ਆਬ ਜਲੰਧਰ | |
| ਨਿਕੋਲਾਈ ਈਵਾਨੋਵ : | ਕਾਰਲ ਮਾਰਕਸ (ਸੰਖੇਪ ਜੀਵਨੀ) | ਲੈਨਿਨ ਕਿਤਾਬ ਘਰ ਮਹਿਲ ਕਲਾਂ | |
| ਹਰਭਜਨ ਹੁੰਦਲ : | ਕਾਰਲ ਮਾਰਕਸ (ਸੰਖੇਪ ਜੀਵਨੀ) | ਪੀਪਲਜ਼ ਫੋਰਮ ਬਰਗਾੜੀ | |
| ਡੇਲ ਕਾਰਨੇਗੀ : | ਚਿੰਤਾ ਛੱਡੋ , ਸੁੱਖ ਨਾਲ ਜੀਓ | ਚੇਤਨਾ ਪ੍ਰਕਾਸ਼ਨ | |
| ਹਰਿਸ਼ੰਕਰ ਪਰਸਾਈ : | ਪਰਸਾਈਨਾਮਾ | ਤਰਕ ਭਾਰਤੀ ਪ੍ਰਕਾਸ਼ਨ | |
| ਦੇਸ਼ ਭਗਤ ਪਾਰਟੀ : | ਗਦਰ ਪਾਰਟੀ ਦਾ ਇਤਿਹਾਸ | ਦੇਸ਼ ਭਗਤ ਯਾਦਗਾਰ ਜਲੰਧਰ | |
| ਮਨਦੀਪ, ਰਣਦੀਪ : | ਗਾਥਾ ਗਦਰੀਆਂ ਦੀ (ਸੰਖੇਪ ਜੀਵਨੀਆਂ) | ਤਰਕ ਭਾਰਤੀ | |
| ਵਰਿਆਮ ਸਿੰਘ ਸੰਧੂ : | ਗਦਰ ਲਹਿਰ ਦੀ ਗਾਥਾ | ਸੰਗਮ ਪਬਲੀਕੇਸ਼ਨਜ਼ ਸਮਾਣਾ ਤੇ ਦੇਸ਼ ਭਗਤ ਯਾਦਗਾਰ ਜਲੰਧਰ | |
| ਬੂਟਾ ਸਿੰਘ : | ਗਾਥਾ ਗਦਰ 1945 | ਪੰਜ ਆਬ ਜਲੰਧਰ | |
| ਡਾ. ਪ੍ਰਿਥਵੀ ਰਾਜ ਕਾਲੀਆ : | ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ 1915 ਦੇ ਸ਼ਹੀਦ | ਪ੍ਰੋਗਰੈਸਿਵ ਪੀਪਲਜ਼ ਫਾਊਂਡੇਸ਼ਨ ਐਡਮਿੰਟਨ ਕੈਨੇਡਾ | |
| ਗਦਰ ਸ਼ਤਾਬਦੀ ਕਮੇਟੀ : | ਗਦਰ ਦੀ ਲਾਟ | ਗਦਰ ਸ਼ਤਾਬਦੀ ਕਮੇਟੀ ਵੈਨਕੂਵਰ, ਬੀ.ਸੀ.ਕੈਨੇਡਾ | |
| ਸੁਖਵਿੰਦਰ ਲੀਲ੍ਹ : | ਅਣਗੌਲੇ ਗਦਰੀ ਸੂਰਮੇ | ਗੋਰਕੀ ਪਬਲਿਸ਼ਰਜ਼ | |
| ਭਗਤ ਸਿੰਘ ਬਿਲਗਾ : | ਗਦਰ ਲਹਿਰ ਦੇ ਅਣਫੋਲੇ ਵਰਕੇ | ਪੰਜ ਆਬ ਪ੍ਰਕਾਸ਼ਨ | |
| ਮਲਵਿੰਦਰਜੀਤ ਬੜੈਚ : | ਸਾਕਾ ਕਾਮਾਗਾਟਾਮਾਰੂ | ਲੋਕ ਗੀਤ ਪ੍ਰਕਾਸ਼ਨ | |
| ਮਲਵਿੰਦਰਜੀਤ ਸਿੰਘ ਬੜੈਚ ਅਤੇ ਗੁਰਦੇਵ ਸਿੰਘ ਸਿੱਧੂ : | ਭਗਤ ਸਿੰਘ ਨੂੰ ਫਾਂਸੀ ਅਦਾਲਤੀ ਫੈਸਲੇ | ਤਰਕ ਭਾਰਤੀ ਬਰਨਾਲਾ ਪੰਜਾਬੀ ਅਨੁਵਾਦ ਬਲਵਿੰਦਰ ਕੌਰ | |
| ਮਲਵਿੰਦਰਜੀਤ ਬੜੈਚ : | ਭਗਤ ਸਿੰਘ ਫਾਂਸੀ ਚੋਣਵੀਆਂ ਗਵਾਹੀਆਂ ਭਾਗ 2 ਸੁਖਦੇਵ ਦੀਆਂ ਟਿੱਪਣੀਆਂ ਸਹਿਤ | ” | |
| ਪ੍ਰੋ. ਜਗਮੋਹਨ ਸਿੰਘ : | ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਲਿਖਤਾਂ | | ਚੇਤਨਾ ਪ੍ਰਕਾਸ਼ਨ |
| ਹੰਸ ਰਾਜ ਰਹਿਬਰ : | ਭਗਤ ਸਿੰਘ ਇੱਕ ਮਘਦਾ ਇਤਿਹਾਸ | ਸ਼ਿਲਾਲੇਖ ਦਿੱਲੀ | ਅਨੁਵਾਦ ਮਹਿੰਦਰ ਬੇਦੀ, ਜੈਤੋ |
| ਗੌਤਮ ਨਵਲੱਖਾ : | ਬਗਾਵਤ ਦੇ ਕੇਂਦਰ ਵਿੱਚ | ਤਰਕ ਭਾਰਤੀ ਪ੍ਰਕਾਸ਼ਨ | ਅਨੁਵਾਦ ਬੂਟਾ ਸਿੰਘ |
| ਡਾ. ਸਕੰਦਰ ਸਿੰਘ : | ਭਾਰਤ ਦੀ ਆਜ਼ਾਦੀ ਅਤੇ ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ | ਲੋਕ ਗੀਤ ਪ੍ਰਕਾਸ਼ਨ | |
| ਸ਼ਹੀਦ ਭਗਤ ਸਿੰਘ ਵਿਚਾਰ ਮੰਚ ਲੁਧਿਆਣਾ : | ਸ਼ਹੀਦ ਭਗਤ ਸਿੰਘ ਨੌਜਵਾਨਾਂ ਦੀਆਂ ਨਜ਼ਰਾਂ 'ਚ | ਸ਼ਹੀਦ ਭਗਤ ਸਿੰਘ ਸੈਨੇਟਨਰੀ ਫਾਊਂਡੇਸ਼ਨ | |
| ਅਮੋਲਕ ਸਿੰਘ : | ਸ਼ਹੀਦਾਂ ਦੀ ਵੰਗਾਰ | ਤਰਕ ਭਾਰਤੀ ਬਰਨਾਲਾ | |
| ਜਸਪਾਲ ਜੱਸੀ, ਅਮੋਲਕ ਸਿੰਘ : | ਲਹੂ ਲੁਹਾਨ ਪੰਜਾਬ | ਸੁਰਖ ਲੀਹ ਪ੍ਰਕਾਸ਼ਨ | |
| ਸਤਨਾਮ : | ਜੰਗਲਨਾਮਾ ਮਾਓਵਾਦੀ ਗੁਰੀਲਾ ਜ਼ੋਨ ਅੰਦਰ | ਤਰਕਭਾਰਤੀ ਪ੍ਰਕਾਸ਼ਨ | |
| ਰਾਜਪਾਲ : | ਪੰਜਾਬ ਦੀ ਇਤਿਹਾਸਕ ਗਾਥਾ (1849-2000) | ਪੀਪਲਜ਼ ਫੋਰਮ ਬਰਗਾੜੀ | |
| ਇਕਬਾਲ ਕੌਰ ਉਦਾਸੀ : | ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ | ਰੈਡੀਕਲ ਪ੍ਰਕਾਸ਼ਨ ਮਾਨਸਾ | |
| ਅਵਤਾਰ ਪਾਸ਼ : | ਜਿਥੇ ਕਵਿਤਾ ਖਤਮ ਨਹੀਂ ਹੁੰਦੀ ਸੰਪਾਦਕ ਡਾ.ਦਵਿੰਦਰ ਸਿੰਘ ਬੋਹਾ | ਪੀਪਲਜ਼ ਫੋਰਮ | |
| ” : | ਪਾਸ਼ ਦੀ ਚੋਣਵੀ ਕਵਿਤਾ ਸੰਪਾਦਕ ਅਜਮੇਰ ਸਿਧੂ | ਤਰਕ ਭਾਰਤੀ ਬਰਨਾਲਾ | |
| ” : | ਲੋਹ ਕਥਾ | ਲਹੌਰ ਬੁੱਕ ਸ਼ਾਪ | |
| ” : | ਉੱਡਦੇ ਬਾਜ਼ਾਂ ਮਗਰ | ” | |
| ” : | ਸਾਡੇ ਸਮਿਆਂ ਵਿੱਚ | ” | |
| ਜਗਸੀਰ ਜੀਦਾ : | ਸੋਚਾਂ ਦੇ ਸਿਰਨਾਵੇ | ਤਰਕਸ਼ੀਲ ਸੁਸਾਇਟੀ ਪੰਜਾਬ, ਅੱਪੂ ਆਰਟ ਪ੍ਰੈਸ ਸ਼ਾਹਕੋਟ | |
| ਪ੍ਰੋ. ਰਣਧੀਰ ਸਿੰਘ : | | | |
| ਪ੍ਰਸਿੱਧ ਮਾਰਕਸਵਾਦੀ ਚਿੰਤਕ : | ਰਾਹਾਂ ਦੀ ਧੂੜ ਸੰਪਾਦਕ ਮਾ. ਤ੍ਰਲੋਚਨ ਸਮਰਾਲਾ : | ਪੰਜ ਆਬ ਪ੍ਰਕਾਸ਼ਨ ਜਲੰਧਰ | |
| ਚਾਰਲਸ ਡਾਰਵਿਨ : | ਜੀਵ ਦੀ ਉਤਪਤੀ ਅਨੁਵਾਦਕ ਹਰਜੀਤ ਸਿੰਘ ਮਾਂਗਟ | ਤਰਕ ਭਾਰਤੀ ਪ੍ਰਕਾਸ਼ਨ | |
| ਚਾਰਲਸ ਡਾਰਵਿਨ : | ਸਵੈ ਜੀਵਨੀ ਅਨੁਵਾਦ: ਸੁਖਵੰਤ ਬਰਗਾੜੀ | ਪੀਪਲਜ਼ ਫੋਰਮ | |
| ਨੰਦਿਤਾ ਦਾਸ : | ਚਾਰਲਸ ਡਾਰਵਿਨ (ਜੀਵਨ ਕਥਾ) | ” | |
| ਆਈਨਸਟਾਈਨ : | ਆਈਨਸਟਾਈਨ ਦੇ ਸਮਾਜਿਕ ਸਰੋਕਾਰ | ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ (ਲੁਧਿਆਣਾ) | |

| | | | |
|---|---|---|---|
| ਮੈਰੀ ਜੋਸਫ਼ : | ਐਲਫਰੈਡ ਨੋਬੈਲ | ਪੀਪਲਜ਼ ਫੋਰਮ | |
| ਰੁਚੀ ਰਾਮ ਸਾਹਨੀ : | ਵਿਗਿਆਨ ਪਾਸਾਰ ਦਾ ਮੋਹਰੀ | ਪੰਜਾਬੀ ਅਨੁਵਾਦ: ਖੁਸ਼ਵੰਤ ਬਰਗਾੜੀ | |
| ਫੀਦਲ ਕਾਸਟਰੋ : | ਸੰਖੇਪ ਜੀਵਨੀ (ਹਰਭਜਨ ਸਿੰਘ ਹੁੰਦਲ) | ਨਵੀਂ ਦੁਨੀਆਂ ਪਬਲੀਕੇਸ਼ਨਜ | |
| ਸੋਹਣ ਸਿੰਘ ਭਕਨਾ : | ਮੇਰੀ ਆਪ ਬੀਤੀ | ਕੌਪਰ ਕੌਇਨ ਪਬਲਿਸਿੰਗ | |
| ਸ਼ਹੀਦ ਭਗਵਾਨ ਸਿੰਘ ਲੌਂਗੋਵਾਲੀਆ : | ਜੀਵਨੀ (ਬਲਵੀਰ ਚੰਦ ਲੌਂਗੋਵਾਲ) | ਤਰਕ ਭਾਰਤੀ | |
| ਬਾਬਾ ਹਰੀ ਸਿੰਘ ਉਸਮਾਨ : | ਡਾਇਰੀ (ਪ੍ਰੋ. ਮਲਵਿੰਦਰਜੀਤ ਬੜੈਚ) | ” | |
| ਦੇਸ਼ ਭਗਤ ਕਾਮਰੇਡ : | ਜੀਵਨੀ ਅਤੇ ਰਚਨਾ | | |
| ਹਰਨਾਮ ਸਿੰਘ ਚਮਕ : | ਬਲਵੀਰ ਚੰਦ ਲੌਂਗੋਵਾਲ | ” | |
| ਕਾ. ਚੰਨਣ ਸਿੰਘ ਧੂਤ : | ਜੀਵਨ ਗਾਥਾ (ਜਗਦੀਸ਼ ਸਿੰਘ ਚੋਹਕਾ ਅਤੇ ਰਜਿੰਦਰ ਕੌਰ ਚੋਹਕਾ) | | ਪੰਕਜ ਆਰਟ ਪ੍ਰੈਸ |
| ਪ੍ਰਿੰਸੀਪਲ ਸਰਵਣ ਸਿੰਘ ਢੁੱਡੀਕੇ : | ਹਸੰਦਿਆਂ ਖੇਲੰਦਿਆਂ (ਸਵੈ ਜੀਵਨੀ) | ਚੇਤਨਾ ਪ੍ਰਕਾਸ਼ਨ | |
| ਬਲਵੀਰ ਪਰਵਾਨਾ : | ਪੰਜਾਬ ਦੀ ਕਮਿਊਨਿਸਟ ਲਹਿਰ ਦਾ ਭਵਿੱਖ | ਪੰਜ ਆਬ ਪ੍ਰਕਾਸ਼ਨ | |
| ਡਾ. ਭੀਮ ਰਾਓ ਅੰਬੇਦਕਰ : | ਜਾਤ ਪਾਤ ਦਾ ਫਸਤਾ ਵੱਡੋ | ਤਰਕ ਭਾਰਤੀ | |
| ਗੁਰਸ਼ਰਨ ਸਿੰਘ ਭਾਅ ਜੀ : | ਬਾਬਾ ਬੋਲਦੇ | ਦਿਲਦੀਪ ਪ੍ਰਕਾਸ਼ਨ | |
| ਬਲਵੀਰ ਪਰਵਾਨਾ : | ਕਾਰਪੋਰੇਟ ਵਿਕਾਸ ਮਾਡਲ ਅਤੇ ਖਪਤ ਸੱਭਿਆਚਾਰ | ਪੰਜ ਆਬ ਪ੍ਰਕਾਸ਼ਨ | |
| ਬਲਭਦਰ ਠਾਕੁਰ : | ਗਾਥਾ ਮਹਾਂ ਮਨੁੱਖ ਦੀ | ਸ਼ਹੀਦ ਭਗਤ ਸਿੰਘ ਵਿਚਾਰ ਮੰਚ ਲੁਧਿਆਣਾ | |
| ਵਰਿੰਦਰ ਦੀਵਾਨਾ, ਮਨਦੀਪ | ਫਿਰਕੂ ਫਾਸ਼ੀਵਾਦ ਤੇ ਕਾਰਪੋਰੇਟ ਪੱਖੀ ਨੀਤੀਆਂ | ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ | |

**ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਪ੍ਰਕਾਸ਼ਤ ਕਿਤਾਬਾਂ ਦੀ ਸੂਚੀ**

| | | |
|---|---|---|
| ਦੇਵ ਪੁਰਸ਼ ਹਾਰ ਗਏ | ਡਾ.ਅਬਰਾਹਮ ਟੀ. ਕਵੂਰ | ਅੱਪੂ ਆਰਟ ਪ੍ਰੈਸ ਸ਼ਾਹਕੋਟ |
| ਦੇਵ ਦੈਂਤ ਤੇ ਰੂਹਾਂ | ” | ” |
| ਤੇ ਫਿਰ ਅੱਗ ਲੱਗਣੋ ਬੰਦ ਹੋ ਗਈ | ਰਾਮ ਸਵਰਨ ਲੱਖੇਵਾਲੀ | ” |
| ਤਰਕ ਦੀ ਸਾਣ 'ਤੇ | ” | |
| ਭੂਤਾਂ ਵਾਲੀ ਹਵੇਲੀ (ਨਾਵਲ) | ਨਿਰਮ ਸਿੰਘ ਮਾਨ | ” |
| ਤੁਹਾਡੀ ਰਾਸ਼ੀ ਕੀ ਕਹਿੰਦੀ ਹੈ | ਅਵਤਾਰ ਪਾਸ਼ | ” |
| ਆਤਮਾ ਅਤੇ ਪੁਨਰ ਜਨਮ | ਸੋਮਾ ਸਬਲੋਕ | ” |
| ਓਪਰੀ ਕਸਰ | ਬਲਵੀਰ ਚੰਦ ਲੌਂਗੋਵਾਲ | ” |
| ਮਨੋਰੋਗ ਕਾਰਨ ਅਤੇ ਇਲਾਜ | ਬਲਵਿੰਦਰ ਬਰਨਾਲਾ | ” |
| ਨਸ਼ਿਆਂ ਦਾ ਮਾਰ ਬਚਾਓ ਅਤੇ ਇਲਾਜ | ਆਰ.ਕੇ. ਬਾਂਸਲ | ” |
| ਨਸ਼ਿਆਂ ਦੇ ਮਾਰੂ ਪ੍ਰਭਾਵ | ਮੋਹਨ ਸ਼ਰਮਾ | ” |
| ਪ੍ਰੇਤਾਂ ਵਾਲਾ ਖੂਹ (ਬਾਲ ਕਹਾਣੀ ਸੰਗ੍ਰਹਿ) | ਬਲਵੀਰ ਚੰਦ ਲੌਂਗੋਵਾਲ | ” |
| ਪ੍ਰੇਤ ਦਾ ਸਾਇਆ (”) | ਗੁਰਚਰਨ ਨੂਰਪੁਰ | ” |
| ਜਲਦੇਵ (ਨਾਵਲ) | ਗੁਰਦੇਵ ਸਿੰਘ ਰੁਪਾਣਾ | ” |
| ਜਾਦੂ ਮੰਤਰ? | ਨਰਿੰਦਰ ਛੀਨੀਵਾਲੀਆ | ” |
| ਤਰਕਸ਼ੀਲ ਬੋਲੀਆਂ | ਅਮਰਜੀਤ ਆਸਾ ਬੁੱਟਰ | ” |
| ਭੂਤਾਂ ਦੀ ਬਰਾਤ (ਤਰਕਸ਼ੀਲ ਬਾਲ ਕਹਾਣੀਆਂ) | ਰਾਮ ਸਵਰਨ ਲੱਖੇਵਾਲੀ | ” |
| ਸੱਭਿਆਚਾਰ ਕੀ ਹੋਵੇ? | ਤਰਕਸ਼ੀਲ ਸੁਸਾਇਟੀ | ” |
| ਅੰਧ ਵਿਸ਼ਵਾਸਾਂ ਵਿਰੁੱਧ ਕਾਨੂੰਨ | ਹਰਿੰਦਰ ਲਾਲੀ ਐਡਵੋਕੇਟ, ਸੁਨਾਮ | ” |
| ਕਾਲੇ ਇਲਮ ਦੇ ਮਾਹਰ ਨਾਲ ਸਾਹਮਣਾ | ਗੁਰਚਰਨ ਨੂਰਪੁਰ | ” |
| ਤਾਂਤਰਿਕ ਭੈਰੋ ਨਾਥ | ਬਲਵੀਰ ਚੰਦ ਲੌਂਗੋਵਾਲ | ” |
| ਮਿਟੇ ਅਗਿਆਨ ਬਿਨਸੈ ਅੰਧੇਰਾ | | ” |
| ਭੌਤਿਕ ਵਿਗਿਆਨ 'ਤੇ ਆਧਾਰਿਤ | ਰਣਧੀਰ ਗਿੱਲਪੱਤੀ | ” |
| ਸੂਖਮ ਮਹਾਂ ਯੁੱਧ | ਪੇਸ਼ਕਸ਼: ਯਸ਼ਪਾਲ ਲੇਖਕ ਬਾਲ ਗੌਂਡਸੇ | ” |
| ਮੈਂ ਨਾਸਤਿਕ ਕਿਉਂ ਹਾਂ | ਸ਼ਹੀਦ ਭਗਤ ਸਿੰਘ | ” |
| ਇਖਲਾਕ | ਹੇਮ ਰਾਜ ਸਟੈਨੋ | ” |
| ਅੰਧ ਵਿਸ਼ਵਾਸਾਂ ਦਾ ਜੂੜ੍ਹ ਕਿਵੇਂ ਵੱਢੀਏ | ” | ” |
| ਧਰਮ ਕਰਮ | ” | ” |
| ਸ਼ਹੀਦ ਭਗਤ ਸਿੰਘ ਵੰਦੇ ਮਾਤਰਮ ਤੋਂ ਇਨਕਲਾਬ ਤੱਕ | | ” |
| ਲਾਮ ਬਨਾਮ ਨਾਮ | ਜਸਵੀਰ ਸਿੰਘ ਮੋਰੋਂ | ” |
| ਜੋ ਬੋਲੇ ਸੋ ਨਿਰਭੈਅ | ਪ੍ਰਗਤੀ ਕਲਾ ਕੇਂਦਰ ਲਾਂਦੜਾ | |
| ਜੋਤਿਸ਼ ਅਤੇ ਵਿਗਿਆਨ | ਡਾ. ਸੁਰਿੰਦਰ ਅਜ਼ਨਾਤ, ਅੱਪੂ ਆਰਟ ਪ੍ਰੈਸ | |
| ਚਮਤਕਾਰੀ ਭਗਵਾਨ ਬੇਨਕਾਬ | ਬਲਵੀਰ ਚੰਦ ਲੌਂਗੋਵਾਲ, ਤਰਕਸ਼ੀਲ ਸੁਸਾਇਟੀ | |
| ਦਵਾਈਆਂ ਨੂੰ ਹਾਰ | ਡਾ. ਸ਼ਿਆਮ ਸੁੰਦਰ ਦੀਪਤੀ, ਅੱਪੂ ਆਰਟ ਪ੍ਰੈਸ | |
| ਮਨ ਮਹੌਲ ਮਨੋਰੋਗ | ” | ” |
| ਮਨੁੱਖੀ ਸ਼ਖਸੀਅਤ ਦਾ ਸੱਚ | ” | ” |
| ਨੌਜਵਾਨ ਅਤੇ ਸੈਕਸ ਸਮੱਸਿਆਵਾਂ | ” | ” |
| ਸਿਹਤ ਸੱਭਿਆਚਾਰ ਅਤੇ ਅੰਧ ਵਿਸ਼ਵਾਸ | ” | ” |
| ਜਵਾਨ ਹੋ ਰਹੇ ਧੀਆਂ -ਪੁੱਤ | ” | ਸਾਂਝ ਪ੍ਰਕਾਸ਼ਨ ਜਲੰਧਰ |
| ਕਿਵੇਂ ਵੱਖਰੇ ਹਾਂ ਅਸੀਂ ਜਾਨਵਰਾਂ ਤੋਂ | ” | ਤਰਕਸ਼ੀਲ ਸੁਸਾਇਟੀ |
| ਤਰਕ ਦੇ ਖੰਭ (ਮਿੰਨੀ ਕਹਾਣੀਆਂ) | ਡਾ. ਦੀਪਤੀ ਅਗਰਵਾਲ ਬਿਕਰਮਜੀਤ ਨੂਰ | ਪ੍ਰੇਰਨਾ ਪ੍ਰਕਾਸ਼ਨ ਅੰਮ੍ਰਿਤਸਰ |
| ਸਾਡੇ ਬੱਚੇ ਸਾਡੇ ਚਿਰਾਗ (ਬਾਲ ਰੋਗਾਂ ਦੀ ਸੰਪੂਰਨ ਪੁਸਤਕ) | ਡਾ. ਹਰਸਿੰਦਰ ਕੌਰ ਐਮ.ਡੀ. | ਤਰਕ ਭਾਰਤੀ ਪ੍ਰਕਾਸ਼ਨ |
| ਤਰਕਬਾਣੀ | ਮੇਘ ਰਾਜ ਮਿੱਤਰ | ” |
| ਤਰਕਜੋਤੀ | ” | ” |
| ਰੌਸ਼ਨੀ | ” | ” |
| ਨਾਸਤਿਕ ਬਾਣੀ | ਸਾਧੂ ਬਿਨਿੰਗ | ਚੇਤਨਾ ਪ੍ਰਕਾਸ਼ਨ |
| ਦਭੋਲਕਰ ਮਰਿਆ ਨਹੀਂ ਕਰਦੇ | ਬੂਟਾ ਸਿੰਘ | ਪੰਜ ਆਬ ਪ੍ਰਕਾਸ਼ਨ |
| ਨਸ਼ਿਆਂ ਦਾ ਪ੍ਰਕੋਪ | ਮੋਹਨ ਸ਼ਰਮਾ | ਸਾਂਝ ਪ੍ਰਕਾਸ਼ਨ ਜਲੰਧਰ |
| ਅਗਲਾ-ਪਿਛਲਾ ਜਨਮ | ਹੇਮ ਰਾਜ ਸਟੈਨੋ | ਅੱਪੂ ਆਰਟ ਪ੍ਰੈਸ |
| ਆਤਮਵਾਦੀ ਭਟਕਣਾ ਅਤੇ ਪਦਾਰਥਵਾਦੀ ਸੱਚ | ” | ” |
| ਰੱਬ ਦੀ ਹਕੂਮਤ (ਗਲੈਕਸੀ) | ਡਾ. ਬਲਵਿੰਦਰ | ਪੰਜ ਆਬ ਪ੍ਰਕਾਸ਼ਨ |

ਨੋਟ: ਇਸ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਕਿਤਾਬਾਂ ਉਪਲੱਬਧ ਹਨ ਜੋ ਲਿਸਟ ਵਿੱਚ ਸ਼ਾਮਲ ਨਹੀਂ ਹਨ। ਸਹਿਯੋਗ ਦੀ ਉਮੀਦ ਨਾਲ।

ਸਹਿਯੋਗ ਦੀ ਉਮੀਦ ਨਾਲ : ਮਾਸਟਰ ਭਜਨ ਸਿੰਘ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ

ਸ਼ਹੀਦ ਭਗਤ ਸਿੰਘ ਲਾਇਬਰੇਰੀ

**CONTACT : MASTER BHAJAN SINGH AT 403-455-4220**

**ਉੱਪਰ ਦਿੱਤੀਆਂ ਪੁਸਤਕਾਂ ਪ੍ਰਾਪਤ ਕਰਨ ਜਾਂ ਆਪਣੀ ਮਨਪਸੰਦ ਦੀਆਂ ਕਿਤਾਬਾਂ ਆਰਡਰ ਕਰਨ ਲਈ ਮਾਸਟਰ ਭਜਨ ਸਿੰਘ ਨਾਲ 403-455-4220 'ਤੇ ਸੰਪਰਕ ਕਰੋ।**





# ਗਲ ਪੈ ਜਾਣ ਜੇ ਅੱਕੇ ਲੋਕ

ਪਿਛਲੇ ਦਿਨੀਂ ਬਠਿੰਡਾ ਜ਼ਿਲ੍ਹੇ ਦੇ ਕਸਬਾ ਫੂਲ ਵਿਖੇ ਦਲਿਤ ਭਾਈਚਾਰੇ ਦੇ ਗਰੀਬਾਂ ਨੇ ਪੰਜਾਬ ਪੁਲਿਸ ਨੂੰ ਲੋਕਾਂ ਦੀ ਤਾਕਤ ਦੇ ਜਲਵੇ ਦਿਖਾਏ। ਮਾਮਲਾ ਕੁਝ ਇਸ ਤਰ੍ਹਾਂ ਸੀ ਕਿ ਪਿੰਡ ਧਨੌਲਾ ਖੁਰਦ ਦੀ ਲੜਕੀ ਪਿੰਡ ਸਿਧਵਾਂ ਵਿਆਹੀ ਹੋਈ ਸੀ ਅਤੇ ਸਹੁਰੇ ਘਰ ਉਸ ਦੀ ਮੌਤ ਜ਼ਹਿਰ ਖਾਣ ਨਾਲ ਹੋ ਗਈ। ਪੁਲਿਸ ਨੇ ਸਹੁਰਾ ਪਰਿਵਾਰ 'ਤੇ ਖੁਦਕਸ਼ੀ ਕਰਨ ਲਈ ਮਜ਼ਬੂਰ ਕਰਨ ਦਾ ਕੇਸ ਦਰਜ ਤਾਂ ਕਰ ਲਿਆ ਪਰ ਗ੍ਰਿਫ਼ਤਾਰੀਆਂ ਤੋਂ ਲਗਾਤਾਰ ਟਾਲਾ ਵੱਟਿਆ ਗਿਆ। ਧਨੌਲਾ ਖੁਰਦ ਵਾਲਿਆਂ ਨੇ ਕਈ ਦਿਨ ਦੀ ਉਡੀਕ ਪਿਛੋਂ ਫੂਲ ਥਾਣੇ ਅੱਗੇ ਧਰਨਾ ਲਾ ਦਿੱਤਾ। ਪ੍ਰਸ਼ਾਸਨ ਦੇ ਟਾਲੂ ਰਵੱਈਏ ਨੇ ਲੋਕਾਂ ਖਾਸ ਕਰਕੇ ਨੌਜਵਾਨਾਂ ਦੇ ਗੁੱਸੇ ਨੂੰ ਭੜਕਾ ਦਿੱਤਾ। ਧਰਨਕਾਰੀਆਂ ਨੇ ਬਠਿੰਡਾ-ਚੰਡੀਗੜ੍ਹ ਜੀ. ਟੀ. ਵੀ. ਰੋਡ ਜਾਮ ਕਰਨ ਦਾ ਫੈਸਲਾ ਕਰਕੇ ਉਧਰ ਨੂੰ ਚਾਲੇ ਪਾ ਦਿੱਤੇ। ਧਰਨਾਕਾਰੀਆਂ ਦੇ ਨਾਲ ਆਏ ਬਹੁਜਨ ਸਮਾਜ ਪਾਰਟੀ ਤੇ ਰੈੱਡ ਸਟਾਰ ਦੇ ਆਗੂਆਂ ਨੇ ਡੰਡਾ ਛਿੜਕਣ ਦੇ ਯਤਨ ਕੀਤੇ ਪਰ ਲੋਕ ਨਹੀਂ ਮੰਨੇ ਅਤੇ ਅੱਗੇ ਵਧਦੇ ਰਹੇ। ਪੁਲਿਸ ਨੇ ਟਰੈਕਟਰਾਂ ਨੂੰ ਘੇਰ ਕੇ ਰੋਕਣਾ ਚਾਹਿਆ ਤੇ ਔਰਤਾਂ ਨੂੰ ਗਾਲੀਆਂ ਕੱਢਆਂ।

ਬੱਸ ਫਿਰ ਕੀ ਸੀ ਜਨਤਾ ਦੇ ਰੋਹ ਨੇ ਭਾਂਬੜ ਦਾ ਰੂਪ ਧਾਰ ਲਿਆ ਅਤੇ ਛੇ ਥਾਣਿਆਂ ਦੀ ਪੁਲਿਸ ਨੂੰ ਕੁੱਟ ਕੁੱਟ ਮੂਹਰੇ ਲਾ ਲਿਆ। ਪੁਲਸੀਆਂ ਨੂੰ ਦੁਕਾਨਦਾਰਾਂ ਨੇ ਵੀ ਸ਼ਰਨ ਨਾ ਦਿੱਤੀ ਤੇ ਮੁੜ ਧਰਨਾਕਾਰੀਆਂ ਦੇ ਹਵਾਲੇ ਕਰ ਦਿੱਤੇ। ਸਾਰੀ ਪੁਲਸੀ ਦਹਿਸ਼ਤ ਜਨਤਾ ਦੇ ਪੈਰਾਂ 'ਚ ਰੁਲਦੀ ਨਜ਼ਰ ਆਈ। ਗਰੀਬਾਂ ਅੰਦਰਲੇ ਸਦੀਆਂ ਦੇ ਗੁੱਸੇ ਤੇ ਗੁਲਾਮੀ ਨੇ ਵਿਰਾਟ ਰੂਪ ਧਾਰਨ ਕਰ ਲਿਆ ਤੇ ਲੋਕਾਂ ਵਿਚ ਧੰਨ ਧੰਨ ਹੋ ਗਈ। ਜਦ ਪੁਲਿਸ ਜਨਤਾ ਦਾ ਮੁਕਾਬਲਾ ਨਾ ਕਰ ਸਕੀ ਤੇ ਮੈਦਾਨ ਛੱਡ ਕੇ ਭੱਜ ਗਈ ਤਾਂ ਇਕ ਚਤੁਰ ਪੁਲਿਸ ਅਧਿਕਾਰੀ ਨੇ ਰਲ ਦੀ ਨੀਤੀ ਵਰਤਦਿਆਂ ਲੋਕਾਂ ਨੂੰ ਵਰਗਲਾ ਕੇ ਥਾਣੇਮੋੜ ਲਿਆਂਦਾ। ਥਾਣੇ ਵਿਚ 15 ਜਣਿਆਂ ਤੇ 107-151 ਦਾ ਕੇਸ ਬਣਾ ਕੇ ਉਨ੍ਹਾਂ ਨੂੰ ਬੰਦ ਕਰ ਦਿੱਤਾ, ਟਰੈਕਟਰ ਆਦਿ ਵੀ ਬੰਦ ਕਰ ਲਏ। ਬਾਕੀ ਲੋਕਾਂ ਨੂੰ ਰਿਹਾਅ ਕਰ ਦਿੱਤਾ। ਬਾਅਦ ਵਿਚ ਹਸਪਤਾਲ 'ਚੋਂ ਜ਼ਖ਼ਮੀਆਂ ਨੂੰ ਵੀ ਜਬਰੀ ਚੁੱਕ ਕੇ ਉਨ੍ਹਾਂ ਦੇ ਪਿੰਡ ਪੁਚਾ ਦਿੱਤਾ। ਥਾਣੇ ਬੰਦ 15 ਜਣਿਆਂ ਦਾ ਹੌਸਲਾ ਕਾਇਮ ਰਿਹਾ। ਬਹੁਜਨ ਸਮਾਜ ਪਾਰਟੀ ਤੇ ਹੋਰ ਫੋਕੇ ਲੀਡਰਾਂ ਦੇ ਜਨਤਾ ਦਾ ਇਹ ਰੂਪ ਵੇਖ ਕੇ ਹੋਸ਼ ਉਡ ਗਏ। ਉਹ ਆਪੋ-ਆਪਣੇ ਸੁਰੱਖਿਅਤ ਘੁਰਨਿਆਂ 'ਚ ਲੁਕ ਗਏ। "ਅਖੇ ਮੁੰਡਿਆਂ ਨੇ ਮਰਵਾ ਕੇ ਰੱਖ ਦੇਣਾ ਸੀ ਸਾਡੀ ਬੇਇੱਜ਼ਤੀ ਕਰਾ ਦਿੱਤੀ। ਆਦਿ।"



ਲੋਕ ਸੰਗਰਮ ਮੰਚ ਪੰਜਾਬ (ਆਰ. ਡੀ. ਐਫ.) ਪੰਜਾਬ ਅੰਦਰ ਕੰਮ ਕਰ ਰਹੀ ਇਕ ਖਰੀ ਇਨਕਲਾਬੀ ਜਥੇਬੰਦੀ ਹੈ। ਇਹ ਕੁਝ ਹਿੰਦ ਪੱਧਰੀ ਜਥੇਬੰਦੀ ਰੈਵੋਲੂਸਨਰੀ ਡੈਮੋਕਰੇਟਿਕ ਫਰੰਟ ਜਿਸ ਦੇ ਪ੍ਰਧਾਨ ਡੈਲਗੂ ਦੇ ਵੱਡੇ ਕਵੀ ਤੇ ਇਨਕਲਾਬੀ ਕਾ. ਵਰਵਰਾ ਰਾਓ ਹਨ ਅਤੇ ਸਕੱਤਰ ਦਿੱਲੀ ਯੂਨੀਵਰਸਿਟੀ ਦੇ ਪ੍ਰੋ. ਜੀ. ਐਨ. ਸਾਈਂ ਬਾਬਾ ਹਨ (ਜੋ ਲਗਾਤਾਰ ਹਕੂਮਤੀ ਜਬਰ ਸਾਹਮਣੇ ਅੜੇ ਹੋਏ ਹਨ) ਦੀ ਪੰਜਾਬ ਇਕਾਈ ਹੈ। ਲੋਕਾਂ ਵਲੋਂ ਕੀਤੀ ਇਸ ਜੁਅਰਤਮੰਦ ਕਾਰਵਾਈ ਤੋਂ ਪਿਛੋਂ ਲੋਕ ਸੰਗਰਾਮ ਮੰਚ (ਆਰ. ਡੀ.ਐਫ.) ਦੀ ਸੂਬਾ ਕਮੇਟੀ ਮੈਂਬਰ ਸੁਖਵਿੰਦਰ ਕੌਰ ਨੇ ਜਥੇਬੰਦੀ ਦੀ ਨੀਤੀ ਅਨੁਸਾਰ ਠਾਣੇ ਬੰਦ ਬਹਾਦਰ ਗਰੀਬਾਂ ਦੀ ਬਾਂਹ ਫੜੀ। ਜਮਹੂਰੀ ਅਧਿਕਾਰ ਸਭਾ ਅਤੇ ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਤੋਂ ਸਹਿਯੋਗ ਲਿਆ। ਪ੍ਰਸ਼ਾਸਨ ਬੁਰੀ ਤਰ੍ਹਾਂ ਡਰਿਆ ਹੋਇਆ ਸੀ ਪਰ ਰੋਹ ਦੇ ਢੈਲਾ ਪੈਂਦਿਆਂ ਹੀ ਲੋਕਾਂ ਨੂੰ ਇਰਾਦਾ ਕਤਲ ਦੇ ਕੇਸ ਵਿਚ ਫਸਾਉਣ ਦੀ ਪੂਰੀ ਤਿਆਰੀ ਕਰੀ ਬੈਠਾ ਸੀ। ਮੰਚ ਨੇ ਧਨੌਲਾ ਖੁਰਦ ਦੇ ਫੂਲ ਕਚਹਿਰੀ 'ਚ ਲਾ-ਵਾਰਿਸ ਫਿਰਦੇ ਵਾਸੀਆਂ ਨੂੰ ਨਾਲ ਲੈ ਕੇ ਹਿਰਾਸਤੀਆਂ ਦੀਆਂ ਜ਼ਮਾਨਤਾਂ ਉਸੇ ਦਿਨ ਮਨਜ਼ੂਰ ਕਰਵਾ ਲਈਆਂ ਅਤੇ ਅਗਲੇ ਦਿਨ ਰਿਹਾਈ ਕਰਾ ਲੈਣ ਦੀ ਸਕੀਮ ਬਣ ਗਈ ਪਰ ਅਗਲੇ ਦਿਨ ਸਿਆਸੀ ਦਖ਼ਲ-ਅੰਦਾਜ਼ੀ ਕਾਰਨ ਸਿਵਲ ਪ੍ਰਸ਼ਾਸਨ ਤੇ ਪੁਲਿਸ ਧਰਨਾਕਾਰੀਆਂ ਦੀ ਰਿਹਾਈ ਤੋਂ ਆਨਾਕਾਨੀ ਕਰਕੇ ਸਮਾਂ ਲੰਘਾਉਣ ਲੱਗੇ। ਮੰਚ ਦੀ ਅਗਵਾਈ ਵਿਚ ਇਸ ਦਿਨ ਲੜਕੀ ਦੇ ਪੈ ਰਹੇ ਭੋਗ ਨੂੰ ਵਿਚਾਲੇ ਰੋਕ ਕੇ ਲੋਕਾਂ ਨੇ ਸੰਘਰਸ਼ ਦਾ ਐਲਾਨ ਕਰ ਦਿੱਤਾ ਕਿ ਓਨੀ ਦੇਰ ਭੋਗ ਨਹੀਂ ਪਾਵਾਂਗੇ ਜਿੰਨੀ ਦੇਰ ਧਰਨਕਾਰੀ ਰਿਹਾਅ ਹੋ ਕੇ ਪਿੰਡ ਨਹੀਂ ਪਹੁੰਚ ਜਾਂਦੇ। ਸੰਘਰਸ਼ ਦੀ ਰੂਪ ਰੇਖਾ ਤਹਿ ਹੋ ਗਈ ਅਤੇ ਇਸ ਦੀ ਖ਼ਬਰ ਪ੍ਰਸ਼ਾਸਨ ਨੂੰ ਵੀ ਲੱਗ ਗਈ। ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਪ੍ਰਸ਼ਾਸਨ ਨੇ ਸਾਰੀ ਬਹਾਨੇਬਾਜ਼ੀ ਤਿਆਗ ਕੇ ਨਾ ਸਿਰਫ਼ ਉਸੇ ਦਿਨ ਧਰਨਾਕਾਰੀ ਰਿਹਾਅ ਕਰ ਦਿੱਤੇ ਬਲਕਿ ਅਗਲੀ ਪੇਸ਼ੀ ਤੇ ਸਾਰਾ ਮਾਮਲਾ ਖਤਮ ਕਰਨ ਦਾ ਵੀ ਐਲਾਨ ਕਰ ਦਿੱਤਾ। ਸਿਆਸੀ ਦਬਾਅ ਕਾਰਨ ਪੁਲਿਸ ਇਨ੍ਹਾਂ ਗ੍ਰਿਫ਼ਤਾਰੀਆਂ 'ਤੇ ਦਰਜ ਕੀਤੇ ਇਰਾਦਾ ਕਤਲ ਕੇਸ ਨੂੰ ਹਥਿਆਰ ਦੇ ਤੌਰ 'ਤੇ ਵਰਤ ਕੇ ਲੜਦੀ ਦੇ ਕਤਲ ਨੂੰ ਮਿੱਟੀ ਘੱਟੇ ਰੋਲ ਕੇ ਦੋਹਾਂ ਧਿਰਾਂ ਦਾ ਰਾਜੀਨਾਮਾ ਕਰਾਉਣਾ ਚਾਹੁੰਦੀ ਸੀ ਮੰਚ ਦੇ ਦਖ਼ਲ ਸਦਕਾ ਇਹ ਸੰਭਵ ਨਹੀਂ ਹੋਇਆ।

ਰਿਹਾਈ ਤੋਂ ਬਾਅਦ ਪਿੰਡ ਦੇ ਇਕੱਠ ਨੂੰ ਮੰਚ ਆਗੂ ਸੁਖਵਿੰਦਰ ਕੌਰ ਨੇ ਅਪੀਲ ਕੀਤੀ ਕਿ ਉਹ ਬੇਇਨਸਾਫ਼ੀ ਵਿਰੁੱਧ ਲੜੇ ਆਪਣੇ ਪੁੱਤਰਾਂ ਤੇ ਮਾਣ ਕਰਨਾ ਸਿੱਖਣ। ਉਨ੍ਹਾਂ ਨੂੰ ਅਜਿਹੀਆਂ ਲੜਾਈਆਂ 'ਚੋਂ ਪਿਛੇ ਨਾ ਖਿਚਣ। ਪੁਲਿਸ ਹਰ ਰੋਜ਼ ਮਿਹਨਤੀ ਲੋਕਾਂ ਤੇ ਡਾਂਗਾਂ ਵਰ੍ਹਾ ਰਹੀ ਹੈ। ਜੇ ਤੁਹਾਡੇ ਪੁੱਤਰਾਂ ਨੇ ਪੁਲਿਸ 'ਤੇ ਡਾਂਗਾਂ ਵਰ੍ਹਾ ਦਿੱਤੀਆਂ ਤਾਂ ਇਹ ਇਨਸਾਫ਼ ਦੀ ਮੰਗ ਮੁਤਾਬਕ ਇਹੀ ਠੀਕ ਹੈ। ਉਨ੍ਹਾਂ ਪੁਲਿਸ ਨਾਲ ਸਿੱਧੇ ਮੱਥੇ ਟਕਰੇ ਨੌਜਵਾਨਾਂ ਨੂੰ ਸ਼ਾਬਾਸ਼ ਦਿੱਤੀ। ਇਸ ਨਾਲ ਪਿੰਡ ਦਾ ਮਾਹੌਲ ਇਕ ਦਮ ਬਦਲ ਗਿਆ ਅਤੇ ਧੁੱਪਾਂ 'ਚ ਰੜੇ ਕਾਲੇ ਚਿਹਰੇ ਚਮਕ ਉਠੇ। ਲੋਕਾਂ ਨੇ ਮੰਚ ਤੋਂ ਹਮੇਸ਼ਾ ਸਹਿਯੋਗ ਦੇਣ ਦੀ ਮੰਗ ਕੀਤੀ ਅਤੇ ਆਪ ਸਹਿਯੋਗ ਦੇਣ ਦੀ ਵੀ ਪੇਸ਼ਕਸ਼ ਕੀਤੀ। ਮੰਚ ਆਗੂ ਨੇ ਲੋਕਾਂ ਨੂੰ ਦੱਸਿਆ ਕਿ ਮੰਚ ਕਿਸੇ ਵੀ ਵੋਟ ਪਾਰਟੀ ਦਾ ਸਹਿਯੋਗੀ ਨਹੀਂ ਹੈ ਸਗੋਂ ਵੋਟ ਬਾਈਕਾਟ ਦਾ ਸੱਦਾ ਦਿੰਦਾ ਹੈ। ਸਭ ਤੋਂ ਗਰੀਬ ਤੇ ਲਤਾੜੇ ਲੋਕਾਂ ਨੂੰ ਆਪਣੀ ਤਾਕਤ ਆਸਰੇ ਲੜਨਾ ਸਿਖਾਉਂਦਾ ਹੈ। ਮਿਹਨਤੀ ਲੋਕਾਂ ਵਿਚ ਨਵ-ਜਮਹੂਰੀ ਇਨਕਲਾਬੀ ਦਾ ਪ੍ਰਚਾਰ ਕਰਦਾ ਹੈ।

**ਸੁਖਵਿੰਦਰ ਕੌਰ**
**ਸੂਬਾ ਕਮੇਟੀ ਮੈਂਬਰ**
**ਲੋਕ ਸੰਗਰਾਮ ਮੰਚ ਪੰਜਾਬ**
**(ਆਰ. ਡੀ. ਐਫ.)**
94782-39956






# PROGRESSIVE CULTURAL ASSOCIATION CALGARY (REGD.)

## ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਰਜਿ.)

presents
7th Rationalist and Cultural (Drama Festival)

## 7ਵਾਂ ਸਲਾਨਾ ਅਗਾਂਹ-ਵਧੂ ਸੱਭਿਆਚਾਰਕ

# ਨਾਟਕ ਸਮਾਗਮ

4 ਸਤੰਬਰ, 2016 ਐਤਵਾਰ
2 ਵਜੇ ਤੋਂ 6 ਵਜੇ ਤੱਕ
G 205, ਯੂਨੀਵਰਸਿਟੀ ਥੀਏਟਰ
2500 ਯੂਨੀਵਰਸਿਟੀ ਡਰਾਈਵ ਨਾਰਥ ਵੈਸਟ ਕੈਲਗਰੀ

Sunday September 4th 2016
2 pm to 6 pm
G 205, University Theatre
2500 University Dr NW, Calgary AB

ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਵੱਲੋਂ ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾ ਹੇਠ

### ਨਾਟਕ

ਅਜਮੇਰ ਔਲਖ ਦਾ ਲਿਖਿਆ ਨਾਟਕ "ਨਿਉਂ ਜੜ੍ਹ" (ਭਰੂਣ ਹੱਤਿਆ)

### ਕੋਰੀਓਗ੍ਰਾਫੀਆਂ

1. ਪਿੰਡ ਵਿਕਾਊ ਹੈ
2. ਸ਼ਹੀਦ ਭਗਤ ਸਿੰਘ ਬਾਰੇ

ਵਿਸ਼ੇਸ਼ ਧੰਨਵਾਦ:

Sikh Virsa
Harcharan S. Parhar
403-250-8898

Reliance Legal Group
Taranjit Aujla
403-285-7070

Amar Development
Rani Duhra: 403-612-7881
Manjit Duhra: 403-690-2885

ਸਪੌਂਸਰਾਂ ਦਾ ਧੰਨਵਾਦ: OK Food, Harmeet S. Khuddian, Lovely Sweet House, Sidhu Accounting, Fastrac Auto, Romi Sidhu, Advance Auto, 3C Car Care & Many more thanks

ਟਿਕਟ ਸਿਰਫ 10 ਡਾਲਰ

Ztech Building Systems
Jaspal Bhandal 403-226-7136
Raghbir Bhandal 780-980-9153

Jarnail S. Dadra
Granite Marble
403-909-4000

ਪ੍ਰੈਸ ਮੀਡੀਆ, ਸਭਾ ਸੋਸਾਇਟੀਆਂ/ਜਥੇਬੰਦੀਆਂ ਨੂੰ ਸਹਿਯੋਗ ਅਤੇ ਪਰਿਵਾਰਾਂ ਸਮੇਤ ਪੁੱਜਣ ਦੀ ਅਪੀਲ

### ਪ੍ਰਬੰਧਕ ਕਮੇਟੀ

ਸੋਹਣ ਮਾਨ ਪ੍ਰਧਾਨ 403-275-0931
ਮਾ: ਭਜਨ ਸਿੰਘ ਸਕੱਤਰ 403-455-4220
ਜੀਤ ਇੰਦਰਪਾਲ ਵਿੱਤ ਸਕੱਤਰ 403-248-5842
ਪ੍ਰੋ. ਗੋਪਾਲ ਸਿੰਘ ਕਾਉਂਕੇ ਡਾਇਰੈਕਟਰ 403-970-3588
ਕਮਲਪ੍ਰੀਤ ਪੰਧੇਰ ਐਡੀਟਰ 403-479-4220
ਗੁਰਬਚਨ ਬਰਾੜ ਮੈਂਬਰ 403-470-2828
ਗੁਰਿੰਦਰ (ਟੀਨੂ) ਬਰਾੜ ਮੈਂਬਰ 403-808-8400

### ਸਹਿਯੋਗੀ ਅਤੇ ਨਾਟਕ ਤਿਆਰੀ ਕਮੇਟੀ

ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ) 403-681-8689
ਸੁਖਬੀਰ ਗਰੇਵਾਲ 403-402-0770
ਐਡਵੋਕੇਟ ਤਰਨਜੀਤ ਸਿੰਘ ਔਜਲਾ 403-285-7070
ਅਮਰਪ੍ਰੀਤ ਸਿੰਘ 403-903-8480
ਮਾਸਟਰ ਬਚਿੱਤਰ ਗਿੱਲ 403-590-2531
ਹਰੀਪਾਲ 403-714-4816

ਨੋਟ: ਬੱਸ ਨੰ: 9, 19, 20, 72, 73 ਅਤੇ ਰੇਲਾਂ

To purchase the tickets onilne visit at: www.ucalgary.ca/events



# Earn 8-10% Interest Annually

FMP Mortgage Investments Inc.




## •TFSA •RRSP •CASH


YOU CAN GET 8-10% FIXED ANNUAL RETURN

## DIVERSIFY INTO REAL ESTATE Through a Syndicate Mortgage

**SHERJANG SINGH RANA**
Lic. # M14002019
**416.910.9000**
*www.fmpmortgages.com*
*rana@punjabinsurance.ca*

ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ਼ ਮਿਲੇਗਾ

- **Minimum Investment $ 30,000**
- **Available to cash and registered plans including RRSP, RESP, LIRA, TFSA**




Investment Example

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | *$136,000* |

Disclaimer : Fortress Real Capital is product offered by FMP Mortgage Investments (FSCO License 12373). Fortress Real Capital transactions are all closed by Building and Development Mortgage Canada Inc. (BDMC) (FSCO Lic.# 10102) unless specifically noted otherwise. This product is availableto Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.